ਅਠਾਰਵਾਂ ਸਾਲ

PARDES TIMES

18th year in Publication

# ਪਰਦੇਸ ਟਾਇਮਜ਼

ਬਲਬੀਰ ਸਿੰਘ ਐਮ ਏ (ਮੁਖ ਸੰਪਾਦਕ)

www.pardestimes.com

ਮਾਂ ਬੋਲੀ ਨੂੰ ਸਮਰਪਿਤ

pardestimes

VOL- 18 No. 445 April 10, 2024 E-mail : info@pardestimes.com Ph 510-938-7771

**ਖਾਲਸਾ ਜੀ ਦੇ ਪ੍ਰਗਟ ਦਿਹਾੜੇ ਅਤੇ ਵਿਸਾਖੀ ਦੀਆਂ ਸਾਡੇ ਸਾਰੇ ਸਮਰਥਕਾਂ, ਇਸ਼ਤਿਹਾਰ ਕਰਤਾ, ਸਪਾਂਸਰਾਂ ਅਤੇ 'ਪਰਦੇਸ ਟਾਇਮਜ਼' ਦੇ ਪਾਠਕਾਂ ਨੂੰ ਲੱਖ-ਲੱਖ ਵਧਾਈਆਂ**

## ਕੇਜਰੀਵਾਲ ਨੂੰ ਮਿਲਦੀ ਨਜਰ ਨਹੀਂ ਆ ਰਹੀ ਕੋਈ ਰਾਹਤ

ਨਵੀਂ ਦਿੱਲੀ- ਅਰਵਿੰਦ ਕੇਜਰੀਵਾਲ ਆਪਣੀ ਗ੍ਰਿਫਤਾਰੀ ਖਿਲਾਫ ਪਟੀਸ਼ਨ ਖਾਰਜ ਕਰਨ ਦੇ ਦਿੱਲੀ ਹਾਈ ਕੋਰਟ ਦੇ ਫੈਸਲੇ ਖਿਲਾਫ ਸੁਪਰੀਮ ਕੋਰਟ ਤੱਕ ਪਹੁੰਚ ਕਰਨਗੇ। ਮੰਗਲਵਾਰ ਨੂੰ ਦਿੱਲੀ ਹਾਈ ਕੋਰਟ ਨੇ ਗ੍ਰਿਫਤਾਰੀ ਨੂੰ ਚੁਣੌਤੀ ਦੇਣ ਵਾਲੀ ਸੀਐਮ ਕੇਜਰੀਵਾਲ ਦੀ ਪਟੀਸ਼ਨ ਨੂੰ ਖਾਰਜ ਕਰ ਦਿੱਤਾ। ਹਾਈ ਕੋਰਟ ਨੇ ਆਪਣੇ ਫੈਸਲੇ 'ਚ ਕਿਹਾ ਕਿ ਅਦਾਲਤ ਦਾ ਮੰਨਣਾ ਹੈ ਕਿ ਅਰਵਿੰਦ ਕੇਜਰੀਵਾਲ ਦੀ ਗ੍ਰਿਫਤਾਰੀ ਕਾਨੂੰਨੀ ਵਿਵਸਥਾਵਾਂ ਦੀ ਉਲੰਘਣਾ ਨਹੀਂ ਸੀ। ਰਿਮਾਂਡ ਗੈਰ ਕਾਨੂੰਨੀ ਨਹੀਂ ਰੱਖਿਆ ਜਾ ਸਕਦਾ। ਤੁਹਾਨੂੰ ਦੱਸ ਦੇਈਏ ਕਿ ਦਿੱਲੀ ਦੇ ਮੁੱਖ ਮੰਤਰੀ ਨੇ ਈਡੀ ਦੁ-ਆਰਾ ਗ੍ਰਿਫਤਾਰੀ ਅਤੇ ਉਸ ਤੋਂ ਬਾਅਦ ਰਿਮਾਂਡ ਨੂੰ ਹਾਈ ਕੋਰਟ ਵਿੱਚ ਚੁਣੌਤੀ ਦਿੱਤੀ ਸੀ।ਦਿੱਲੀ ਦੇ ਮੁੱਖ ਮੰਤਰੀ ਦੀ ਪਟੀਸ਼ਨ 'ਤੇ ਅਦਾਲਤ ਨੇ ਆਪਣੇ ਫੈਸਲੇ 'ਚ ਕਿਹਾ ਕਿ ਈਡੀ ਵੱਲੋਂ ਇਕੱਠੀ ਕੀਤੀ ਸਮੱਗਰੀ ਤੋਂ ਪਤਾ ਲੱਗਦਾ ਹੈ ਕਿ ਅਰਵਿੰਦ ਕੇਜਰੀਵਾਲ ਨੇ ਸਾਜ਼ਿਸ਼ ਰਚੀ ਸੀ। ਕੇਜਰੀਵਾਲ ਅਪਰਾਧ ਦੀ ਕਮਾਈ ਨੂੰ ਵਰਤਣ ਅਤੇ ਛੁਪਾਉਣ ਵਿੱਚ ਸਰਗਰਮੀ ਨਾਲ ਸ਼ਾਮਲ ਸੀ। ਈਡੀ ਕੇਸ ਤੋਂ ਇਹ ਵੀ ਪਤਾ ਲੱਗਦਾ ਹੈ ਕਿ ਉਹ ਆਮ ਆਦਮੀ ਪਾਰਟੀ ਦੇ ਕਨਵੀਨਰ ਵਜੋਂ ਨਿੱਜੀ ਤੌਰ 'ਤੇ ਸ਼ਾਮਲ ਸੀ।



ਹਾਈ ਕੋਰਟ ਨੇ ਆਪਣੇ ਫੈਸਲੇ 'ਚ ਕਿਹਾ ਕਿ ਸਾਡੇ ਸਾਹਮਣੇ ਰੱਖੀਆਂ ਗਈਆਂ ਫਾਈਲਾਂ ਅਤੇ ਸਮੱਗਰੀ ਤੋਂ ਪਤਾ ਲੱਗਦਾ ਹੈ ਕਿ ਈਡੀ ਨੇ ਕਾਨੂੰਨ ਦੇ ਹੁਕਮਾਂ ਦੀ ਪਾਲਣਾ ਕੀਤੀ ਸੀ। ਹੇਠਲੀ ਅਦਾਲਤ ਦਾ ਹੁਕਮ ਦੋ ਲਾਈਨ ਦਾ ਹੁਕਮ ਨਹੀਂ ਹੈ। ਈਡੀ ਕੋਲ ਮੌਜੂਦ ਬਿਆਨ ਹਵਾਲਾ ਡੀਲਰਾਂ ਦੇ ਨਾਲ-ਨਾਲ ਗੋਆ ਚੋਣਾਂ 'ਚ 'ਆਪ' ਉਮੀਦਵਾਰਾਂ ਦੇ ਹਨ।

# ਪੰਜਾਬ 'ਚ ਦਲ-ਬਦਲੀਆਂ ਦੀ ਰੁੱਤ

## ਆਪੋ-ਆਪਣੀ ਸਹੂਲਤ ਮੁਤਾਬਕ ਪਾਰਟੀਆਂ ਤੇ ਪੱਗਾਂ ਦੇ ਰੰਗ ਬਦਲ ਰਹੇ ਨੇ ਸਿਆਸਤਦਾਨ

ਚੰਡੀਗੜ- ਪੰਜਾਬ ਵਿਚ ਅੱਜਕਲ ਦਲ-ਬਦਲੀਆਂ ਦਾ ਰੁਝਾਨ ਸਿਖਰ 'ਤੇ ਹੈ। ਲੋਕ ਸਭਾ ਚੋਣਾਂ ਦੌਰਾਨ ਪੰਜਾਬ ਅੰਦਰ ਆਏ ਦਿਨ 'ਆਇਆ ਰਾਮ ਤੇ ਗਿਆ ਰਾਮ' ਵਾਲੀ ਸਿਆਸਤ ਦੇਖਣ ਨੂੰ ਮਿਲ ਰਹੀ ਹੈ। ਸਾਬਕਾ ਮੁੱਖ ਮੰਤਰੀ ਤੋਂ ਲੈ ਕੇ ਇੱਕ ਵਾਰ ਸੰਸਦ ਮੈਂਬਰ ਜਾਂ ਵਿਧਾਇਕ ਬਣੇ ਆਗੂ 'ਦਲ ਬਦਲੂਆਂ' ਦੀ ਸੂਚੀ ਵਿੱਚ ਸ਼ਾਮਲ ਹਨ ਤੇ ਇਹ ਲਗਾਤਾਰ ਵਧ ਰਹੀ ਹੈ। ਕਾਂਗਰਸ ਵੱਲੋਂ ਦੋ ਵਾਰ ਪੰਜਾਬ ਦੇ ਮੁੱਖ ਮੰਤਰੀ ਰਹਿਣ ਚੁੱਕੇ ਕੈਪਟਨ ਅਮਰਿੰਦਰ ਸਿੰਘ ਇਸ ਵਾਰ ਭਾਜਪਾ ਲਈ ਪ੍ਰਚਾਰ ਕਰਨਗੇ ਅਤੇ ਉਨ੍ਹਾਂ ਦੀ ਪਤਨੀ ਤੇ ਕਾਂਗਰਸ ਦੀ ਸੰਸਦ ਮੈਂਬਰ ਪ੍ਰਨੀਤ ਕੌਰ ਵੀ ਪਿੱਛੇ ਜਿਹੇ ਭਾਜਪਾ 'ਚ ਸ਼ਾਮਲ ਹੋ ਗਏ ਸਨ ਅਤੇ ਉਹ ਪਟਿਆਲਾ ਤੋਂ ਪਾਰਟੀ ਦੇ ਉਮੀਦਵਾਰ ਹਨ। ਕੈਪਟਨ ਨੇ 1980 ਵਿੱਚ ਕਾਂਗਰਸ ਪਾਰਟੀ ਤੋਂ ਆਪਣੇ ਸਿਆਸੀ ਕਰੀਅਰ ਦੀ ਸ਼ੁਰੂਆਤ ਕੀਤੀ ਅਤੇ ਸਾਕਾ ਨੀਲਾ ਤਾਰਾ ਦੇ ਵਿਰੋਧ 'ਚ ਪਾਰਟੀ ਛੱਡ ਕੇ ਸ਼੍ਰੋਮਣੀ ਅਕਾਲੀ ਦਲ 'ਚ ਸ਼ਾਮਲ ਹੋ ਗਏ। 1992 'ਚ ਉਨ੍ਹਾਂ ਸ਼੍ਰੋਮਣੀ ਅਕਾਲੀ ਦਲ ਨਾਲ ਤੋੜ ਵਿਛੋੜਾ ਕਰਕੇ ਵੱਖਰਾ ਧੜਾ ਅਕਾਲੀ ਦਲ (ਪੰਥਕ) ਬਣਾਇਆ ਪਰ 1998 ਵਿੱਚ ਇਸ ਦਾ ਕਾਂਗਰਸ 'ਚ ਰਲੇਵਾਂ ਕਰ ਲਿਆ।



ਪੰਜ ਵਾਰ ਮੁੱਖ ਮੰਤਰੀ ਰਹੇ ਪ੍ਰਕਾਸ਼ ਸਿੰਘ ਬਾਦਲ ਦੇ ਭਤੀਜੇ ਮਨਪ੍ਰੀਤ ਸਿੰਘ ਬਾਦਲ ਨੇ ਚਾਰ ਪਾਰਟੀਆਂ ਬਦਲੀਆਂ ਹਨ। ਉਨ੍ਹਾਂ ਸ਼੍ਰੋਮਣੀ ਅਕਾਲੀ ਦਲ ਨਾਲ ਸਿਆਸੀ ਜੀਵਨ ਦੀ ਸ਼ੁਰੂਆਤ ਕੀਤੀ। ਉਨ੍ਹਾਂ 2011 ਵਿੱਚ ਵੱਖਰੀ ਪਾਰਟੀ ਪੀਪਲਜ਼ ਪਾਰਟੀ ਆਫ ਪੰਜਾਬ (ਪੀਪੀਪੀ) ਦਾ ਗਠਨ ਕੀਤਾ ਪਰ 2012 ਦੀਆਂ ਵਿਧਾਨ ਸਭਾ ਚੋਣਾਂ ਹਾਰ ਗਏ। ਫਿਰ ਉਹ ਕਾਂਗਰਸ 'ਚ ਸ਼ਾਮਲ ਹੋਏ ਅਤੇ ਸਰਕਾਰ 'ਚ ਵਿੱਤ ਮੰਤਰੀ ਰਹੇ। ਇਸ ਮਗਰੋਂ ਉਹ ਕਾਂਗਰਸ ਛੱਡ ਕੇ ਭਾਜਪਾ 'ਚ ਸ਼ਾਮਲ ਹੋ ਗਏ। ਉਹ ਅਗਾਮੀ ਲੋਕ ਸਭਾ ਚੋਣਾਂ ਨਹੀਂ ਲੜ ਰਹੇ।

ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦੇ ਪੋਤੇ ਅਤੇ ਕਾਂਗਰਸ ਆਗੂ ਰਵਨੀਤ ਸਿੰਘ ਬਿੱਟੂ ਨੇ ਅਗਾਮੀ ਲੋਕ ਸਭਾ ਚੋਣਾਂ ਦੌਰਾਨ ਭਾਜਪਾ 'ਚ ਸ਼ਾਮਲ ਹੋ ਕੇ ਸਭ ਨੂੰ ਹੈਰਾਨ ਕਰ ਦਿੱਤਾ। ਉਹ ਲੁਧਿਆਣਾ ਤੋਂ ਕਾਂਗਰਸ ਦੇ ਮੌਜੂਦਾ ਸੰਸਦ ਮੈਂਬਰ ਹਨ ਤੇ ਉਹ ਹੁਣ ਇੱਥੋਂ ਹੀ ਭਾਜਪਾ ਦੀ ਟਿਕਟ ਤੋਂ ਚੋਣ ਲੜ ਰਹੇ ਹਨ। ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਵੀ ਭਾਜਪਾ 'ਚ ਸ਼ਾਮਲ ਹੋਣ ਤੋਂ ਪਹਿਲਾਂ ਕਾਂਗਰਸ ਵਿੱਚ ਸਨ। ਇਸੇ ਤਰ੍ਹਾਂ ਸਾਬਕਾ ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ 2022 'ਚ ਕਾਂਗਰਸ ਛੱਡ ਕੇ ਭਾਜਪਾ 'ਚ ਸ਼ਾਮਲ ਹੋਏ ਪਰ ਬਾਅਦ ਵਿੱਚ ਕਾਂਗਰਸ 'ਚ ਵਾਪਸ ਆ ਗਏ।

ਸੁਸ਼ੀਲ ਕੁਮਾਰ ਰਿੰਕੂ 2017 'ਚ ਕਾਂਗਰਸ ਵੱਲੋਂ ਸੰਸਦ ਮੈਂਬਰ ਬਣੇ। 2023 'ਚ ਜਲੰਧਰ ਦੀ ਜ਼ਿਮਨੀ ਚੋਣ ਦੌਰਾਨ ਉਹ 'ਆਪ' 'ਚ ਸ਼ਾਮਲ ਹੋਏ ਅਤੇ ਸੰਸਦ ਮੈਂਬਰ ਬਣੇ। 'ਆਪ' ਨੇ 2024 ਦੀਆਂ ਆਮ ਚੋਣਾਂ ਲਈ ਵੀ ਰਿੰਕੂ ਨੂੰ ਉਮੀਦਵਾਰ ਐਲਾਨਿਆ ਪਰ ਉਹ ਪਿਛਲੇ ਮਹੀਨੇ ਭਾਜਪਾ 'ਚ ਸ਼ਾਮਲ ਹੋ ਗਏ। ਉਹ ਹੁਣ ਜਲੰਧਰ ਤੋਂ ਹੀ ਭਾਜਪਾ ਵੱਲੋਂ ਚੋਣ ਲੜ ਰਹੇ ਹਨ। ਅਕਾਲੀ ਆਗੂਆਂ ਵਿੱਚ ਸਾਬਕਾ ਸੰਸਦ ਮੈਂਬਰ ਸੁਖਦੇਵ ਸਿੰਘ ਢੀਂਡਸਾ ਅਤੇ ਉਨ੍ਹਾਂ ਦੇ ਪੁੱਤਰ ਪਰਮਿੰਦਰ ਸਿੰਘ ਢੀਂਡਸਾ ਸਾਲ 2020 ਵਿੱਚ ਕੁਝ ਮਸਲਿਆਂ 'ਤੇ ਮੱਤਭੇਦ ਹੋਣ ਕਾਰਨ ਪਾਰਟੀ ਤੋਂ ਵੱਖ ਹੋ ਗਏ ਸਨ ਪਰ ਹੁਣ ਉਨ੍ਹਾਂ ਦੀ ਸ਼੍ਰੋਮਣੀ ਅਕਾਲੀ ਦਲ 'ਚ ਵਾਪਸੀ ਹੋ ਗਈ ਹੈ। ਉਹ ਭਾਜਪਾ ਦੇ ਵੀ ਕਾਫੀ ਕਰੀਬ ਰਹੇ ਸਨ। ਅਜਿਹੀਆਂ ਰਿਪੋਰਟਾਂ ਵੀ ਹਨ ਕਿ ਸੀਨੀਅਰ ਅਕਾਲੀ ਆਗੂ ਸਿਕੰਦਰ ਸਿੰਘ ਮਲੂਕਾ ਤੇ ਉਨ੍ਹਾਂ ਦਾ ਪਰਿਵਾਰ ਵੀ ਜਲਦੀ ਹੀ ਭਾਜਪਾ 'ਚ ਸ਼ਾਮਲ ਹੋ ਸਕਦਾ ਹੈ। ਕ੍ਰਿਕਟਰ ਤੋਂ ਸਿਆਸਤਦਾਨ ਬਣੇ ਨਵਜੋਤ ਸਿੰਘ ਸਿੱਧੂ ਤਿੰਨ ਵਾਰ ਭਾਜਪਾ ਦੇ ਸੰਸਦ ਮੈਂਬਰ ਰਹੇ। ਬਾਅਦ ਵਿੱਚ ਉਹ ਕਾਂਗਰਸ ਸ਼ਾਮਲ ਹੋ ਗਏ। ਹੁਣ ਪਾਰਟੀ ਨਾਲ ਮਤਭੇਦ ਹੋਣ ਮਗਰੋਂ ਉਹ ਮੁੜ ਆਈਪੀਐੱਲ ਦੀ ਕੁਮੈਂਟਰੀ ਵੱਲ ਮੁੜ ਆਏ ਹਨ। ਪਟਿਆਲਾ ਤੋਂ 'ਆਪ' ਦੇ ਸਾਬਕਾ ਸੰਸਦ ਮੈਂਬਰ ਪਾਰਟੀ ਨਾਲ ਬਗਾਵਤ ਮਰਨ ਤੋਂ ਬਾਅਦ ਹੁਣ ਕਾਂਗਰਸ 'ਚ ਸ਼ਾਮਲ ਹੋ ਗਏ ਹਨ ਤੇ ਉਹ ਪਟਿਆਲਾ ਤੋਂ ਚੋਣ ਲੜਨਗੇ। ਚੱਬੇਵਾਲ ਤੋਂ ਕਾਂਗਰਸ ਦੇ ਮੌਜੂਦਾ ਵਿਧਾਇਕ ਡਾ। ਰਾਜ ਕੁਮਾਰ ਚੱਬੇਵਾਲ 'ਆਪ' ਵਿੱਚ ਸ਼ਾਮਲ ਹੋਣ ਤੋਂ ਬਾਅਦ ਹੁਸ਼ਿਆਰਪੁਰ ਤੋਂ ਲੋਕ ਸਭਾ ਚੋਣ ਲੜ ਰਹੇ ਹਨ। 'ਆਪ' ਦੇ ਜਲੰਧਰ ਪੱਛਮੀ ਤੋਂ ਵਿਧਾਇਕ ਸ਼ੀਤਲ ਅੰਗੁਰਾਲ ਵੀ ਭਾਜਪਾ 'ਚ ਸ਼ਾਮਲ ਹੋ ਚੁੱਕੇ ਹਨ।

Padam Builders Inc.

ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ

ਅਸੀਂ ਨਵੇਂ ਮਕਾਨ, ਗੈਸ ਸਟੇਸ਼ਨ, ਮੋਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟ੍ਰਕਸ਼ਨ ਦਾ ਕੰਮ ਫਾਊਂਡੇਸ਼ਨ ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।



Bhupinder Singh Padam

email: padambuilders@gmail.com
Licensed # 1019803

CELL 510-565-6667

3143 ARDEN ROAD, HAYWARD CA- 94545

Turning 65 Years Old?



If you've got questions,
I've got answers!

Becoming eligible for Medicare at age 65 can be overwhelming and confusing, but it doesn't have to be! I can help explain all of your available options. Call me today!

Let's talk about it!

Gurcharan Singh Mann
Licensed Insurance Agent
CA License No. 0C70672

(510) 487-1000 TTY:711

MANN@GGIABA.COM

By calling this number you agree to speak with a licensed insurance agent about Medicare Products. We do not offer every plan available in your area. Any information we provide is limited to those plans we do offer in your area. Please contact Medicare.gov or 1-800-Medicare to get information on all of your options. This is an advertisement. Not affiliated with any government agency including Medicare.

Joshi Law Firm

Attorneys at Law ਅਟਾਰਨੀ ਐਟ ਲਾਅ

www.joshilawfirm.com info@joshilawfirm.com

ਇਮੀਗ੍ਰੇਸ਼ਨ
ਡਿਪੋਰਟੇਸ਼ਨ
ਅਸਾਈਲਮ
ਸਿਟੀਜਨਸ਼ਿਪ
ਗਰੀਨ ਕਾਰਡ
ਫੈਮਲੀ ਪਟੀਸ਼ਨ
ਵਿਆਹ ਦੇ

ਆਧਾਰ ਤੇ
ਗਰੀਨ ਕਾਰਡ
ਐਡਜਸਟਮੈਂਟ
ਆਫ ਸਟੇਟਸ
ਫੈਮਲੀ ਲਾਅ
ਤਲਾਕ ਦੀ

ਪਟੀਸ਼ਨ
ਬੱਚੇ ਦੀ
ਕਸਟਡੀ
ਭੱਤਾ ਜਾਂ ਖਰਚਾ
ਬੱਚਿਆਂ ਲਈ
ਖਰਚਾ



TANVIR JOSHI
SBN: 302226

(559) 312-0083 (O) (888) 630-1230 (F)

516 W. SHAW AVE STE 200 FRESNO, CA 93704



Raj Budwal

(Investment and Financial Advisor)

408-972-8000,
408-835-0202 (Cell)

Budwal and Associates
329 Piercy Road, San Jose, CA 95138

8350202@gmail.com



ਖਾਲਸਾ ਜੀ ਦੇ ਪ੍ਰਗਟ ਦਿਹਾੜੇ ਅਤੇ ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ

ਸਵਰਗੀ
ਦੀਦਾਰ ਸਿੰਘ ਬੈਂਸ

ਯੂਬਾ ਸਿਟੀ ਦੇ ਮਹਾਨ ਨਗਰ ਕੀਰਤਨ ਦੇ ਬਾਨੀ ਅਤੇ ਸਿੱਖ ਕੌਮ ਦੇ ਪ੍ਰਸਿੱਧ ਆਗੂ ਤੇ ਮੰਨੀ ਪ੍ਰਮੰਨੀ ਹਸਤੀ



**Karm singh Bains**
**Supervisor, Yuba City**

## ਖਾਲਸਾ ਜੀ ਦੇ ਪ੍ਰਗਟ ਦਿਹਾੜੇ ਅਤੇ ਰੁੱਤ ਦੇ ਤਿਓਹਾਰ ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ



ਮੁੱਖ ਸੇਵਾਦਾਰ ਟਾਇਰਾ ਬੁਆਇਨਾ, ਗੁਰੂ ਘਰ ਅਤੇ ਸਮੂਹ ਖਿਆੜਾ ਪਰਿਵਾਰ

Owner of
Royal King USA
Cultural Sports
Entertainment

**ਸਰਬਜੀਤ ਸਿੰਘ ਖਿਆੜਾ ਅਤੇ ਸਮੂਹ ਖਿਆੜਾ ਪਰਿਵਾਰ**

ਖਾਲਸਾ ਜੀ ਦੇ ਪ੍ਰਗਟ ਦਿਹਾੜੇ ਅਤੇ ਰੁੱਤ ਦੇ ਤਿਓਹਾਰ ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ

# Kw SILICON CITY
## KELLERWILLIAMS.

To buy Home, business or any kind of property



**Gurjeet Rai**
**408-802-5303**
GurjeetRai@kw.com
SoldbyGurjeetRai.com
*5-STAR RATING*
DRE 02149422

**Please consult before finalizing your deal or decision**

REALTOR® OF THE YEAR 2022
AGENT OF THE EXCELLENCE 2022

**2221 Oakland Rd, Ste 268**
**San Jose CA 95131**

## ਖਾਲਸਾ ਜੀ ਦੇ ਪ੍ਰਗਟ ਦਿਹਾੜੇ ਅਤੇ ਰੁੱਤ ਦੇ ਤਿਓਹਾਰ ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ

# ਜਸਬੀਰ ਸਿੰਘ ਕੁਲਾਰ



ਕਿਵੀ ਕਿੰਗ

**(Business) 530-846-5103**
**1484, Larkin Road Gridley, California-95948**

# ਭਗਵੰਤ ਮਾਨ ਨੇ ਸੰਜੇ ਸਿੰਘ ਦਾ ਘਰ ਪਹੁੰਚਣ ’ਤੇ ਕੀਤਾ ਸਵਾਗਤ

ਚੰਡੀਗੜ੍ਹ- ਆਮ ਆਦਮੀ ਪਾਰਟੀ ਦੇ ਆਗੂ ਅਤੇ ਸੰਸਦ ਮੈਂਬਰ ਸੰਜੇ ਸਿੰਘ ਜੇਲ੍ਹ ਵਿੱਚੋਂ ਬਾਹਰ ਆਉਣ ਤੋਂ ਬਾਅਦ ਲੋਕ ਸਭਾ ਚੋਣਾਂ ਲਈ ਪ੍ਰਚਾਰ ਕਰਨ ਸਬੰਧੀ ਅੱਜ ਪੰਜਾਬ ਦੌਰੇ ’ਤੇ ਆਏ। ਇਸ ਦੌਰਾਨ ਸੰਜੇ ਸਿੰਘ ਚੰਡੀਗੜ੍ਹ ਵਿਚ ਸਥਿਤ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਰਿਹਾਇਸ਼ ਵਿਖੇ ਪਹੁੰਚੇ। ਸ੍ਰੀ ਮਾਨ ਤੇ ਉਨ੍ਹਾਂ ਦੀ ਪਤਨੀ ਡਾ। ਗੁਰਪ੍ਰੀਤ ਕੌਰ ਨੇ ਸੰਸਦ ਮੈਂਬਰ ਦਾ ਨਿੱਘਾ ਸਵਾਗਤ ਕੀਤਾ।



ਇਸ ਮੌਕੇ ਸੰਜੇ ਸਿੰਘ ਦੇ ਨਾਲ ਉਨ੍ਹਾਂ ਦੀ ਪਤਨੀ ਵੀ ਮੌਜੂਦ ਸਨ। ਸੰਸਦ ਮੈਂਬਰ ਅਤੇ ਉਨ੍ਹਾਂ ਦੀ ਪਤਨੀ ਨੇ ਮੁੱਖ ਮੰਤਰੀ ਦੀ ਧੀ ਨੂੰ ਆਸ਼ੀਰਵਾਦ ਦਿੱਤਾ। ਉਪਰੰਤ ਸੰਜੇ ਸਿੰਘ ਵੱਲੋਂ ਪੰਜਾਬ ਦੇ ਸਾਰੇ ‘ਆਪ’ ਵਿਧਾਇਕਾਂ ਅਤੇ ਲੋਕ ਸਭਾ ਚੋਣਾਂ ਲਈ ਪਾਰਟੀ ਦੇ ਉਮੀਦਵਾਰਾਂ ਨਾਲ ਮੀਟਿੰਗ ਕੀਤੀ ਗਈ।

ਗੌਰਤਲਬ ਹੈ ਕਿ ‘ਆਪ’ ਦੇ ਕੌਮੀ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਦਿੱਲੀ ਆਬਕਾਰੀ ਨੀਤੀ ਨਾਲ ਸਬੰਧਤ ਮਨੀ ਲਾਂਡਰਿੰਗ ਕੇਸ ਵਿੱਚ ਹੋਈ ਗ੍ਰਿਫ਼ਤਾਰੀ ਤੋਂ ਬਾਅਦ ਪਾਰਟੀ ਦੇ ਪ੍ਰਚਾਰ ਦੀ ਜ਼ਿੰਮੇਵਾਰੀ ਸੰਜੇ ਸਿੰਘ, ਸੰਦੀਪ ਪਾਠਕ ਅਤੇ ਮੁੱਖ ਮੰਤਰੀ ਭਗਵੰਤ ਮਾਨ ਦੇ ਮੋਢਿਆਂ ’ਤੇ ਆ ਗਈ ਹੈ। ‘ਆਪ’ ਦੇ ਕੌਮੀ ਆਗੂਆਂ ਵੱਲੋਂ ਲੋਕ ਸਭਾ ਚੋਣਾਂ ਲਈ ਜ਼ੋਰ-ਸ਼ੋਰ ਨਾਲ ਪ੍ਰਚਾਰ ਕੀਤਾ ਜਾ ਰਿਹਾ ਹੈ।

**ਕੇਜਰੀਵਾਲ ਨਾਲ ਮੁਲਾਕਾਤ ਕਰਨਗੇ ਸੰਜੇ ਸਿੰਘ ਤੇ ਭਗਵੰਤ ਮਾਨ**

‘ਆਪ’ ਦੇ ਕੌਮੀ ਕਨਵੀਨਰ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨਾਲ 10 ਅਪਰੈਲ ਨੂੰ ਪਾਰਟੀ ਦੇ ਆਗੂ ਤੇ ਸੰਸਦ ਮੈਂਬਰ ਸੰਜੇ ਸਿੰਘ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਿੱਲੀ ਸਥਿਤ ਤਿਹਾੜ ਜੇਲ੍ਹ ਵਿੱਚ ਮੁਲਾਕਾਤ ਕਰਨਗੇ। ਪ੍ਰਾਪਤ ਜਾਣਕਾਰੀ ਅਨੁਸਾਰ ਦੋਹਾਂ ਆਗੂਆਂ ਵੱਲੋਂ ਤਿਹਾੜ ਜੇਲ੍ਹ ਵਿੱਚ ਬਾਅਦ ਦੁਪਹਿਰ 1 ਵਜੇ ਕੇਜਰੀਵਾਲ ਨਾਲ ਮੁਲਾਕਾਤ ਕੀਤੀ ਜਾਵੇਗੀ। ਇਸ ਦੌਰਾਨ ਦੋਹਾਂ ਆਗੂਆਂ ਵੱਲੋਂ ਲੋਕ ਸਭਾ ਚੋਣਾਂ ਲਈ ਭਵਿੱਖ ਦੀ ਰਣਨੀਤੀ ਬਾਰੇ ਵੀ ਚਰਚਾ ਕੀਤੀ ਜਾਵੇਗੀ।

# ਬੀਰੇਂਦਰ ਸਿੰਘ ਪਤਨੀ ਸਣੇ ਭਾਜਪਾ ਛੱਡ ਕਾਂਗਰਸ ’ਚ ਸ਼ਾਮਲ

ਨਵੀਂ ਦਿੱਲੀ- ਸਾਬਕਾ ਕੇਂਦਰੀ ਮੰਤਰੀ ਬੀਰੇਂਦਰ ਸਿੰਘ ਤੇ ਉਨ੍ਹਾਂ ਦੀ ਸਾਬਕਾ ਵਿਧਾਇਕ ਪਤਨੀ ਪ੍ਰੇਮ ਲਤਾ ਅੱਜ ਇਕ ਦਹਾਕੇ ਮਗਰੋਂ ਮੁੜ ਕਾਂਗਰਸ ਵਿਚ ਸ਼ਾਮਲ ਹੋ ਗਏ। ਬੀਰੇਂਦਰ ਸਿੰਘ ਦਾ ਪੁੱਤਰ ਤੇ ਹਿਸਾਰ ਤੋਂ ਸੰਸਦ ਮੈਂਬਰ ਬੀਰੇਂਦਰ ਸਿੰਘ ਪਿਛਲੇ ਮਹੀਨੇ ਭਾਜਪਾ ਨੂੰ ਅਲਵਿਦਾ ਆਖ ਕੇ ਭਾਜਪਾ ਵਿਚ ਸ਼ਾਮਲ ਹੋ ਗਿਆ ਸੀ। ਬੀਰੇਂਦਰ ਸਿੰਘ (78) ਕਿਸਾਨ ਆਗੂ ਸਰ ਛੋਟੂ ਰਾਮ ਦਾ ਪੋਤਰੇ ਹਨ ਤੇ ਉਹ ਸਾਲ 2014 ਵਿਚ ਕਾਂਗਰਸ ਛੱਡ ਕੇ ਭਾਜਪਾ ਵਿਚ ਸ਼ਾਮਲ ਹੋ ਗਏ ਸਨ। ਉਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਪਹਿਲੀ ਸਰਕਾਰ ਵਿਚ ਕੇਂਦਰੀ ਮੰਤਰੀ ਵੀ ਰਹੇ ਤੇ ਉਨ੍ਹਾਂ ਕੋਲ ਸਟੀਲ ਮੰਤਰਾਲਾ, ਪੇਂਡੂ ਵਿਕਾਸ, ਪੰਚਾਇਤੀ ਰਾਜ ਅਤੇ ਪੀਣਯੋਗ ਪਾਣੀ ਤੇ ਸੈਨੀਟੇਸ਼ਨ ਜਿਹੇ ਮਹਿਕਮਿਆਂ ਦਾ ਵੀ ਚਾਰਜ ਰਿਹਾ। ਕਾਂਗਰਸ ਵਿਚ ਮੁੜ ਸ਼ਾਮਲ ਹੋਣ ਮਗਰੋਂ ਬੀਰੇਂਦਰ ਸਿੰਘ ਨੇ ਕਿਹਾ, ‘‘ਇਹ ਮੇਰੀ ਘਰ ਵਾਪਸੀ ਨਹੀਂ ਬਲਕਿ ‘ਵਿਚਾਰ ਵਾਪਸੀ’ ਵੀ ਹੈ। ਇਹ ਮੇਰੀ ਵਿਚਾਰਧਾਰਾ ਦੀ ਵਾਪਸੀ ਹੈ। ਜੇਕਰ ਅਸੀਂ ਜਮਹੂਰੀਅਤ ਨੂੰ ਬਚਾਉਣਾ ਹੈ, ਤਾਂ ਸਾਨੂੰ ਖੜ੍ਹੇ ਹੋ ਕੇ ਸਰਕਾਰ ਖਿਲਾਫ਼ ਆਵਾਜ਼ ਬੁਲੰਦ ਕਰਨੀ ਹੋਵੇਗੀ।’’ ਉਨ੍ਹਾਂ ਕਿਹਾ, ‘‘ਦੇਸ਼ ਦਾ ਮਿਜ਼ਾਜ ਬਦਲ ਰਿਹਾ ਹੈ ਤੇ ਇਹ ਸਭ ਕੁਝ ਸਰਕਾਰ ਦੀਆਂ ਗ਼ਲਤ ਨੀਤੀਆਂ ਕਰਕੇ ਹੈ।’’ ਸਿੰਘ ਨੇ ਕਿਹਾ ਕਿ ਦਸ ਸਾਲ ਪਹਿਲਾਂ ਕਾਂਗਰਸ ਛੱਡਣ ਤੋਂ ਪਹਿਲਾਂ ਉਹ ਸੋਨੀਆ ਗਾਂਧੀ ਨੂੰ ਮਿਲੇ ਸਨ ਤੇ ਇਹ ਗੱਲ ਕਹੀ ਸੀ ਕਿ ਕੁਝ ਕਾਰਨਾਂ ਕਰਕੇ ਉਨ੍ਹਾਂ ਨੂੰ ਕਾਂਗਰਸ ਛੱਡਣੀ ਪੈ ਰਹੀ ਹੈ। ਸਿੰਘ ਨੇ ਮੰਨਿਆ, ‘‘ਮੈਂ ਪਾਰਟੀ ਵਿਚ ਆਪਣੇ ਸੀਨੀਅਰ ਸਾਥੀਆਂ ਨੂੰ ਨਾਰਾਜ਼ ਕਰਕੇ ਰਾਜਨੀਤੀ ਕੀਤੀ ਹੈ।’’ ਉਨ੍ਹਾਂ ਕਿਹਾ, ‘‘ਮੈਂ ਕਿਸਾਨ ਅੰਦੋਲਨ ਦੌਰਾਨ ਉਨ੍ਹਾਂ ਦੇ ਮੁੱਦਿਆਂ ਨੂੰ ਸੁਲਝਾਉਣ ਦੀ ਕੋਸ਼ਿਸ਼ ਕੀਤੀ। ਆਰਥਿਕ ਸੁਧਾਰਾਂ ਦੇ ਬਾਵਜੂਦ 33 ਸਾਲਾਂ ਵਿਚ ਕਿਸਾਨਾਂ ਜਾਂ ਗਰੀਬਾਂ ਨੂੰ ਕੀ ਮਿਲਿਆ। ਕਿਸਾਨਾਂ ਨੂੰ ਅਜੇ ਤੱਕ ਨਿਆਂ ਨਹੀਂ ਮਿਲਿਆ। ਪਰ ਭਾਜਪਾ ਹਕੀਕਤ ਤੋਂ ਕੋਹਾਂ ਦੂਰ ਹੈ ਤੇ ਭਾਜਪਾ ਤੋਂ ਕੋਈ ਉਮੀਦ ਨਹੀਂ ਲਾਉਣੀ ਚਾਹੀਦੀ। ਉਹ ਗਰੀਬਾਂ ਲਈ ਬਣਾਵਟੀ ਹੰਝੂ ਵਹਾਉਂਦੇ ਹਨ।’’





# ਸੰਪਾਦਕੀ

## ਪੰਜਾਬ ’ਚ ਚੋਣਾਂ ਦੀ ਮੱਠੀ ਚਾਲ

ਅਪ੍ਰੈਲ ਦਾ ਮਹੀਨਾ ਅੱਧਾ ਆ ਗਿਆ ਹੈ ਪਰ ਇਸ ਵਾਰ ਪੰਜਾਬ ਵਿਚ ਚੋਣਾਂ ਦੀ ਗਰਮੀ ਹਾਲੇ ਦਿਖਾਈ ਨਹੀਂ ਦੇ ਰਹੀ ਹੈ। ਹਾਲਾਂਕਿ ਪੰਜਾਬ ਵਿਚ ਚੋਣਾਂ ਸਭ ਤੋਂ ਅਖੀਰ ਵਿਚ 1 ਜੂਨ ਨੂੰ ਹੋਣਗੀਆਂ ਅਤੇ ਉਸ ਸਮੇਂ ਵਿਚ ਪੰਜਾਬ ਦਾ ਖੇਤੀਬਾੜੀ ਦਾ ਕੰਮ ਵੀ ਖਤਮ ਹੋ ਜਾਂਦਾ ਹੈ ਅਤੇ ਦਿਹਾਤੀ ਖੇਤਰ ਵਿਚ ਪੰਜਾਬ ਦੇ ਲੋਕ ਵਿਹਲੇ ਨਜ਼ਰ ਆਉਂਦੇ ਹਨ। ਪਰ ਹੁਣ ਤੱਕ ਸਥਿਤੀ ਇਹ ਹੈ ਕਿ ਪੰਜਾਬ ਵਿਚ ਪੰਜ ਧਿਰੀ ਮੁਕਾਬਲਾ ਹੋਣ ਦੇ ਬਾਵਜੂਦ ਕਈ ਪਾਰਟੀਆਂ ਨੇ ਸਾਰੇ ਹਲਕਿਆਂ ਵਿਚ ਉਮੀਦਵਾਰ ਵੀ ਨਹੀਂ ਉਤਾਰੇ ਹਨ। ਹਾਲਾਂਕਿ ਭਾਰਤੀ ਜਨਤਾ ਪਾਰਟੀ ਵਿਚ ਦੋ ਮੌਜੂਦਾ ਐਮ. ਪੀ. ਰਵਨੀਤ ਸਿੰਘ ਬਿੱਟੂ ਅਤੇ ਜਲੰਧਰ ਤੋਂ ਆਪ ਦਾ ਐਮ. ਪੀ. ਸੁਸ਼ੀਲ ਕੁਮਾਰ ਰਿੰਕੂ ਪਲਟੀ ਮਾਰ ਜਾਣ ਦੇ ਬਾਅਦ ਸਿਆਸਤ ਵਿਚ ਕੁਝ ਗਰਮੀ ਆਈ ਸੀ। ਜਿੱਥੋਂ ਤੱਕ ਉਮੀਦਵਾਰ ਐਲਾਨੇ ਜਾਣ ਦਾ ਮਾਮਲਾ ਹੈ, ਇਸ ਬਾਰੇ ਸਾਰੀਆਂ ਸਿਆਸੀ ਪਾਰਟੀਆਂ ਵਿਚ ਕਸ਼ਮਕਸ਼ ਜਾਰੀ ਹੈ। ਭਾਜਪਾ ਨੇ ਜਿੱਥੇ ਅੰਮ੍ਰਿਤਸਰ, ਪਟਿਆਲਾ, ਫਰੀਦਕੋਟ, ਜਲੰਧਰ, ਲੁਧਿਆਣਾ ਤੋਂ ਆਪਣੇ ਉਮੀਦਵਾਰ ਐਲਾਨ ਦਿੱਤੇ ਹਨ, ਉਥੇ ਕਾਂਗਰਸ ਫਿਲਹਾਲ ਚੁੱਪ ਨਜ਼ਰ ਆ ਰਹੀ ਹੈ। ਅਕਾਲੀ ਦਲ ਦੀ ਸਥਿਤੀ ਵੀ ਅਜਿਹੀ ਹੀ ਹੈ ਪਰ ਆਮ ਆਦਮੀ ਪਾਰਟੀ ਨੇ ਪਟਿਆਲਾ, ਫਰੀਦਕੋਟ ਸਮੇਤ ਕਈ ਹਲਕਿਆਂ ਤੋਂ ਉਮੀਦਵਾਰ ਪਹਿਲਾਂ ਹੀ ਐਲਾਨ ਦਿੱਤੇ ਸਨ। ਪੰਜਾਬ ਦੀ ਸਿਆਸਤ ਵਿਚ ਮੱਠੇਪਣ ਦਾ ਇਹ ਵੀ ਕਾਰਨ ਹੋ ਸਕਦਾ ਹੈ ਕਿ ਸਾਰੀਆਂ ਪਾਰਟੀਆਂ ਨੇ ਫਿਲਹਾਲ ਆਪੋ-ਆਪਣੇ ਉਮੀਦਵਾਰ ਨਹੀਂ ਐਲਾਨੇ ਹਨ।

ਇਸ ਵਾਰ ਦੀਆਂ ਚੋਣਾਂ ਵਿਚ ਮੱਠੇਪਣ ਦਾ ਕਾਰਨ ਪੰਜਾਬ ਵਿਚ ਚੋਣ ਮੁਕਾਬਲੇ ਚਾਰ-ਪੰਜ ਧਿਰੀ ਹੋਣਾ ਵੀ ਹੈ। ਇਸ ਵਾਰ ਅਕਾਲੀ ਦਲ ਅਤੇ ਭਾਜਪਾ ਵੱਖੋ-ਵੱਖਰੇ ਚੋਣ ਲੜ ਰਹੇ ਹਨ। ਕਾਂਗਰਸ ਅਤੇ ਆਮ ਆਦਮੀ ਪਾਰਟੀ ਵਿਚਕਾਰ ਵੀ ਪੰਜਾਬ ’ਚ ਕੋਈ ਸਮਝੌਤਾ ਨਹੀਂ ਹੋ ਸਕਿਆ। ਬਸਪਾ ਵਰਗੀ ਪਾਰਟੀ ਵੀ ਫਿਲਹਾਲ ਦੇਖ ਰਹੀ ਹੈ ਕਿ ਉਹ ਕਿਹੜੇ ਹਲਕਿਆਂ ਤੇ ਉਮੀਦਵਾਰ ਐਲਾਨੇ ਅਤੇ ਅਕਾਲੀ ਦਲ (ਅ) ਦੀ ਸਥਿਤੀ ਵੀ ਇਹੀ ਹੈ। ਇੰਨਾ ਟੁੱਟਵਾਂ ਮੁਕਾਬਲਾ ਹੋਣ ਕਾਰਨ ਪੰਜਾਬ ਦੇ ਲੋਕਾਂ ਦੀ ਰਾਏ ਵੀ ਇਸ ਵਾਰ ਜ਼ਿਆਦਾ ਵੰਡੀ ਹੋਈ ਨਜ਼ਰ ਆ ਰਹੀ ਹੈ। ਪੰਜਾਬ ਦੀਆਂ ਚੋਣਾਂ ਵਿਚ ਹਾਲਾਂਕਿ ਕਿਸਾਨੀ ਮੁੱਦਾ ਹਾਲੇ ਵੀ ਕਾਫੀ ਗਰਮ ਹੈ ਪਰ ਕਿਸਾਨੀ ਵੀ ਦੁਚਿੱਤੀ ਵਿਚ ਹੈ ਕਿ ਉਹ ਕਿਸ ਪਾਰਟੀ ਵੱਲ ਝੁਕੇ ਕਿਉਂਕਿ ਸਾਰੀਆਂ ਪਾਰਟੀਆਂ ਉਹਨਾਂ ਨੇ ਲੱਗਭੱਗ ਇਕੋ ਜਿਹਾ ਵਤੀਰਾ ਕਰਦੀਆਂ ਹਨ। ਕਾਂਗਰਸ ਅਤੇ ਕਾਮਰੇਡਾਂ ਦੇ ਅੰਬਾਨੀ-ਅਡਾਨੀ ਵਰਗੇ ਮੁੱਦੇ ਵੀ ਪੰਜਾਬ ਵਿਚ ਕੁਝ ਅਸਰਦਾਇਕ ਤਾਂ ਹਨ ਪਰ ਆਮ ਲੋਕਾਂ ਨੂੰ ਇਹ ਵੀ ਪਤਾ ਹੈ ਕਿ ਸੱਤਾ ਵਿਚ ਕੋਈ ਵੀ ਪਾਰਟੀ ਆ ਜਾਵੇ, ਨੀਤੀ ਅਤੇ ਰੀਤੀ ਉਸੇ ਤਰ੍ਹਾਂ ਚਲਦੀ ਰਹਿਣੀ ਹੈ, ਜਿਵੇਂ ਕਿ ਮੌਜੂਦਾ ਭਾਜਪਾ ਗੱਠਜੋੜ ਸਰਕਾਰ ਚਲਾ ਰਹੀ ਹੈ। ਸਿਆਸੀ ਪਾਰਟੀਆਂ ਵੀ ਜੋ ਦਾਅਵੇ ਚੋਣਾਂ ਦੇ ਐਲਾਨ ਤੋਂ ਪਹਿਲਾਂ ਕਰ ਰਹੀਆਂ ਹਨ, ਸਭ ਦੀ ਹਵਾ ਨਿਕਲੀ ਪਈ ਹੈ। ਆਮ ਆਦਮੀ ਪਾਰਟੀ ਨੂੰ ਲੱਗਦਾ ਸੀ ਕਿ ਉਹ ਲੋਕ ਸਭਾ ਚੋਣਾਂ ਵਿਚ ਵੀ ਹੂੰਝਾ ਫੇਰ ਦੇਵੇਗੀ ਪਰ ਮੈਦਾਨ ਵਿਚ ਭਾਜਪਾ ਦੇ ਧਾਕੜ ਤਰੀਕੇ ਨਾਲ ਆਉਣ ਤੋਂ ਬਾਅਦ ਉਸ ਦੇ ਦਾਅਵਿਆਂ ਦੀ ਹਵਾ ਨਿਕਲਦੀ ਨਜ਼ਰ ਆ ਰਹੀ ਹੈ। ਇੱਧਰ ਕੇਜਰੀਵਾਲ ਦੇ ਜੇਲ੍ਹ ਚਲੇ ਜਾਣ ਬਾਅਦ ਪੰਜਾਬ ਆਮ ਆਦਮੀ ਪਾਰਟੀ ਦੇ ਹੌਸਲੇ ਵੀ ਇੰਨੇ ਬੁਲੰਦ ਨਹੀਂ ਰਹਿ ਗਏ, ਉਪਰੋਂ ਵਾਰ-ਵਾਰ ਭਗਵੰਤ ਮਾਨ ’ਤੇ ਵਧਦੇ ਦਬਾਅ ਦੇ ਕਾਰਨ ਚਰਚਾ ਇਹ ਵੀ ਹੈ ਕਿ ਜੇਕਰ ਆਪ ਪੰਜਾਬ ਵਿਚ ਵਧੀਆ ਪ੍ਰਦਰਸ਼ਨ ਨਾ ਕਰ ਸਕੀ ਤਾਂ ਹੋ ਸਕਦਾ ਹੈ ਕਿ ਭਗਵੰਤ ਮਾਨ ਦੀ ਥਾਂ ਆਪ ਕੋਈ ਹੋਰ ਮੁੱਖ ਮੰਤਰੀ ਹੀ ਬਣਾ ਲਵੇ। ਅਜਿਹੀ ਸਥਿਤੀ ਵਿਚ ਭਗਵੰਤ ਮਾਨ ਆਪਣੀ ਕੁਰਸੀ ਨੂੰ ਬਚਾਉਣ ਲਈ ਅੰਦਰੋਗਤੀ ਸੱਫਬੰਦੀ ਵੀ ਕਰਦੇ ਨਜ਼ਰ ਆ ਰਹੇ ਹਨ। ਕਾਂਗਰਸ ਦੇ ਉਤਸ਼ਾਹ ਨੂੰ ਰਵਨੀਤ ਸਿੰਘ ਬਿੱਟੂ ਨੇ ਕਾਫੀ ਸੱਟ ਮਾਰੀ ਹੈ ਜੋ ਕਾਂਗਰਸ ਦੇ ਉਮੀਦਵਾਰ ਬਣਨ ਤੋਂ ਇਨਕਾਰ ਕਰਕੇ ਭਾਜਪਾ ਵਿਚ ਪਲਟੀ ਮਾਰ ਗਏ।ਆਮ ਆਦਮੀ ਪਾਰਟੀ ਨੂੰ ਵੀ ਸੁਸ਼ੀਲ ਕੁਮਾਰ ਰਿੰਕੂ ਦੇ ਨਿਕਲ ਜਾਣ ਕਾਰਨ ਕਾਫੀ ਝਟਕਾ ਲੱਗਿਆ ਹੈ ਅਤੇ ਅਕਾਲੀ ਦਲ ਤਾਂ ਆਪਣੀ ਹੋਂਦ ਦੇ ਸਵਾਲ ’ਤੇ ਹੀ ਲਟਕਿਆ ਨਜ਼ਰ ਆ ਰਿਹਾ ਹੈ। ਅਜਿਹੇ ਦੁਚਿੱਤੀ ਭਰੇ ਮਾਹੌਲ ਵਿਚ ਕੋਈ ਵੀ ਪਾਰਟੀ ਦਾਅਵੇ ਨਾਲ ਨਹੀਂ ਕਹਿ ਪਾ ਰਹੀ ਕਿ ਉਹ ਪੰਜਾਬ ਵਿਚ ਸਭ ਤੋਂ ਵੱਡੀ ਪਾਰਟੀ ਬਣ ਕੇ ਆਵੇਗੀ। ਸ਼ਾਇਦ ਇਸੇ ਕਾਰਨ ਹੀ ਪੰਜਾਬ ਦੀ ਸਿਆਸਤ ਮੱਠੀ ਨਜ਼ਰ ਆ ਰਹੀ ਹੈ ਅਤੇ ਸਿਆਸੀ ਪਾਰਟੀਆਂ ਦੁਆਰਾ ਬਣਾਏ ਜਾ ਰਹੇ ਮੁੱਦੇ ਵੀ ਆਪਣਾ ਰੰਗ ਦਿਖਾਉਂਦੇ ਨਜ਼ਰ ਨਹੀਂ ਆ ਰਹੇ।

**-ਬਲਬੀਰ ਸਿੰਘ ਐਮ ਏ**

Balbir Singh M.A.
Editor in Chief & Publisher
e-mail: bsma54@gmail.com
Tel : 510-938-7771

36415 RUSCHIN DR. NEWARK, CA 94560

Sub Office - Bakersfield (CA)
209 Weedpatch HWY, Bakersfield (CA)
Manmit Saggu 661-900-7357
Tanjit Saggu 661-761-8795

Buta Ram joshi Staff Reporter, Fresno 559-803-0055

Sanjeev Garg Kali, Reporter Malwa Area, 96713-53789

RAJ BUDWAL
MEDIA PARTNER / REPRESENTATIVE
8350202@gmail.com 408-835-0202

Web designed www.pardestimes.com
by Aman Bansil 510-589-2245

The Pardes Times and people associated with it are Not responsible for any claims made by the advertisers and don't endorse any product or services advertised in the Pardes Times. Please consult your attorney before, buying/hiring contracting through the ads published in the news paper. The Pardes Times is in business of selling spaces and claims made by advertisers are not tested/confirmed by an independent source.

# ਦਲ ਬਦਲੀ ਘਾਲ-ਮੇਲ ਅਤੇ ਮੌਕੇ ਦਾ ਫਾਇਦਾ



ਸੁੱਚਾ ਸਿੰਘ ਗਿੱਲ

ਲੋਕ ਸਭਾ ਚੋਣਾਂ ਵਾਸਤੇ ਵੋਟਾਂ ਤੋਂ ਪਹਿਲਾਂ ਸੰਭਾਵੀ ਉਮੀਦਵਾਰਾਂ ਦੀ ਦਲ ਬਦਲੀ ਦੀਆਂ ਖ਼ਬਰਾਂ ਮੀਡੀਆ ’ਚ ਸੁਰਖੀਆਂ ਬਣ ਰਹੀਆਂ ਹਨ। ਕਾਫੀ ਗਿਣਤੀ ’ਚ ਨੇਤਾ ਪਾਰਟੀ ਛੱਡ ਕੇ ਹਾਕਮ ਭਾਜਪਾ ਵਿੱਚ ਸ਼ਮੂਲੀਅਤ ਕੀਤੀ ਜਾ ਰਹੀ ਹੈ। ਇਹ ਰੁਝਾਨ ਪੈਦਾ ਕਰਨ ਵਿੱਚ ਕੇਂਦਰੀ ਏਜੰਸੀਆਂ ਦੇ ਦਬਾਅ ਦੇ ਨਾਲ-ਨਾਲ ਨੇਤਾਵਾਂ ਵਿੱਚ ਵਿਚਾਰਧਾਰਾ ਨੂੰ ਤਿਲਾਂਜਲੀ ਦੇ ਕੇ ਸੱਤਾ ਵਿੱਚ ਰਹਿਣ ਦੀ ਪ੍ਰਵਿਰਤੀ ਨੇ ਵੱਡਾ ਰੋਲ ਨਿਭਾਇਆ ਹੈ। ਸੱਤਾ ਵਿੱਚ ਰਹਿਣ ਦੇ ਪਿੱਛੇ ਆਰਥਿਕਤਾ ਅਤੇ ਲਾਲਚ ਨੇ ਇਨ੍ਹਾਂ ਨੇਤਾਵਾਂ ਦੇ ਦਲ ਬਦਲੀ ਦੇ ਫੈਸਲੇ ਨੂੰ ਕਾਫ਼ੀ ਹੱਦ ਤਕ ਪ੍ਰਭਾਵਿਤ ਕੀਤਾ ਹੈ। ਦਲ ਬਦਲੀ ਦੀ ਆਰਥਿਕਤਾ ਨੂੰ ਸਮਝਣ ਤੋਂ ਬਗੈਰ ਇਸ ਵਰਤਾਰੇ ਨੂੰ ਠੀਕ ਤਰ੍ਹਾਂ ਸਮਝਿਆ ਨਹੀਂ ਜਾ ਸਕਦਾ।

ਆਜ਼ਾਦੀ ਦੀ ਲਹਿਰ ਵਿੱਚ ਲੱਖਾਂ ਲੋਕਾਂ ਨੇ ਨਿਰਸਵਾਰਥ ਰੋਲ ਅਦਾ ਕੀਤਾ ਸੀ। ਕਾਫ਼ੀ ਲੋਕਾਂ ਨੇ ਜੇਲ੍ਹਾਂ ਕੱਟੀਆਂ, ਤਸੀਹੇ ਝੱਲੇ, ਜਾਨਾਂ ਕੁਰਬਾਨ ਕੀਤੀਆਂ ਅਤੇ ਜਾਇਦਾਦਾਂ ਕੁਰਕ ਕਰਵਾਈਆਂ। ਆਜ਼ਾਦੀ ਦੇ ਇਨ੍ਹਾਂ ਪਰਵਾਨਿਆਂ ਕੋਲ ਭਾਰਤ ਨੂੰ ਜਮਹੂਰੀ, ਧਰਮ ਨਿਰਪੱਖ ਅਤੇ ਅਗਾਂਹਵਧੂ ਬਣਾਉਣ ਦਾ ਸੁਫ਼ਨਾ ਸੀ। ਆਰਥਿਕਤਾ ਵਿੱਚ ਨਾ-ਬਰਾਬਰੀ ਰੋਕਣ ਵਾਸਤੇ ਵਚਨਬੱਧਤਾ ਅਤੇ ਲੋਕ ਭਲਾਈ ਵਾਲਾ ਰਾਜ ਕਾਇਮ ਕਰਨਾ ਇਸ ਸੁਫ਼ਨੇ ਦਾ ਹਿੱਸਾ ਸੀ; ਇਸ ਦੀ ਪ੍ਰਾਪਤੀ ਬਾਰੇ ਲੋਕਾਂ ਨੂੰ ਵਿਸ਼ਵਾਸ ਦਿਵਾਇਆ ਗਿਆ ਸੀ। ਇਸ ਨੂੰ ਸਾਕਾਰ ਕਰਨ ਵਾਸਤੇ ਸੰਵਿਧਾਨ ਬਣਾ ਕੇ ਦੇਸ਼ ਨੂੰ ਧਰਮ ਨਿਰਪੱਖ, ਜਮਹੂਰੀ ਗਣਤੰਤਰ ਦਾ ਐਲਾਨ (26 ਜਨਵਰੀ 1950) ਕੀਤਾ ਗਿਆ। ਇਸ ਦੀ ਪ੍ਰਾਪਤੀ ਦਾ ਅਮਲ 1970ਵਿਆਂ ਦੇ ਅੱਧ ਤੱਕ ਤਕ ਬਾਖ਼ੂਬੀ ਜਾਰੀ ਰਿਹਾ। ਐਮਰਜੈਂਸੀ (1975-77) ਨੇ ਲੋਕਾਂ ਦੇ ਜਮਹੂਰੀ ਹੱਕ ਖੋਹ ਕੇ ਅਤੇ ਵਿਰੋਧੀ ਪਾਰਟੀਆਂ ਦੇ ਲੀਡਰਾਂ ਨੂੰ ਜੇਲ੍ਹਾਂ ਵਿੱਚ ਡੱਕ ਕੇ ਵੱਡਾ ਵਿਗਾੜ ਪੈਦਾ ਕਰ ਦਿੱਤਾ। 1977 ਦੀਆਂ ਚੋਣਾਂ ਵਿੱਚ ਲੋਕਾਂ ਨੇ ਕਾਂਗਰਸ ਨੂੰ ਕਰਾਰੀ ਹਾਰ ਨਾਲ ਸਬਕ ਸਿਖਾਇਆ ਪਰ 1980ਵਿਆਂ ਦੇ ਅੰਸ਼ਕ ਉਦਾਰੀਕਰਨ ਅਤੇ 1991 ਵਿੱਚ ਉਦਾਰੀਕਰਨ, ਨਿੱਜੀਕਰਨ ਤੇ ਵਿਸ਼ਵੀਕਰਨ ਦੀਆਂ ਨੀਤੀਆਂ ਨੇ ਕਾਰਪੋਰੇਟ ਸਰਮਾਏਦਾਰੀ ਨੂੰ ਆਰਥਿਕਤਾ ਅਤੇ ਸਿਆਸਤ ਵਿੱਚ ਕਾਬਜ਼ ਹੋਣ ਦਾ ਰਸਤਾ ਖੋਲ੍ਹ ਦਿੱਤਾ। ਹੁਣ ਦੇਸ਼ ਕਾਰਪੋਰੇਟ ਘਰਾਣਿਆਂ ਵਲੋਂ ਸਾਧਨਾਂ ਦੀ ਲੁੱਟ ਅਤੇ ਜਮਹੂਰੀਅਤ ਖ਼ਤਮ ਕਰਨ ਦੀ ਮਾਰ ਝੱਲ ਰਿਹਾ ਹੈ।



ਇਸ ਵਰਤਾਰੇ ਦੌਰਾਨ ਸਿਆਸੀ ਲੀਡਰਾਂ ਦੇ ਖਾਸੇ ਵਿੱਚ ਸਿਫ਼ਤੀ ਤਬਦੀਲੀ ਆਈ ਹੈ। ਹੁਣ ਲੀਡਰ ਸਿਆਸਤ ਨੂੰ ਦੇਸ਼ ਅਤੇ ਲੋਕ ਸੇਵਾ ਦੀ ਬਜਾਇ ਆਪਣੇ ਅਤੇ ਪਰਿਵਾਰ ਦੀ ਸੇਵਾ ਦਾ ਸਾਧਨ ਸਮਝਣ ਲੱਗ ਪਏ ਹਨ। ਬਹੁਤੇ ਸਿਆਸੀ ਲੀਡਰਾਂ ਦੇ ਆਪਣੇ ਕਾਰੋਬਾਰ ਹਨ; ਅਫਸਰਸ਼ਾਹੀ ਨਾਲ ਮਿਲ ਕੇ ਟੈਕਸ ਚੋਰੀ ਕਰਦੇ ਹਨ, ਰਿਸ਼ਵਤਖੋਰੀ ਫੈਲਾਈ ਜਾਂਦੀ ਹੈ: ਫੰਡਾਂ ਵਿੱਚ ਗਬਨ ਕੀਤੇ ਜਾਂਦੇ ਹਨ। ਕੁਝ ਲੀਡਰ ਨਸ਼ਿਆਂ ਦੇ ਗੈਰ-ਕਾਨੂੰਨੀ ਧੰਦੇ ਤੋਂ ਵੀ ਗੁਰੇਜ਼ ਨਹੀਂ ਕਰਦੇ।

ਇਹ ਧੰਦੇ ਸਰਕਾਰੀ ਮਸ਼ੀਨਰੀ ਦੀ ਸਰਪ੍ਰਸਤੀ ਅਤੇ ਮਦਦ ਤੋਂ ਬਗੈਰ ਚਲਾਏ ਨਹੀਂ ਜਾ ਸਕਦੇ। ਇਹ ਲੀਡਰ ਜਨਤਕ ਸਾਧਨਾਂ ਦੀ ਲੁੱਟ ਕਰਦੇ ਹਨ ਅਤੇ ਲਿਹਾਜੀ ਪੂੰਜੀਵਾਦ (ਛਰੋਨੇ ਛਅਪਿਟਅਲਿਸਮ) ਦੇ ਪ੍ਰਤੀਕ ਹਨ। ਇਹ ਲੀਡਰ ਸਿਆਸਤ ਵਿੱਚ ਪੇਸ਼ੇ ਦੇ ਤੌਰ ’ਤੇ ਸ਼ਾਮਿਲ ਹੋਏ ਹਨ। ਇਨ੍ਹਾਂ ਦਾ ਮੁੱਖ ਮੰਤਵ ਆਪਣੇ ਕਾਰੋਬਾਰਾਂ ਨੂੰ ਜਾਇਜ਼ ਤੇ ਨਾਜਾਇਜ਼ ਤਰੀਕੇ ਨਾਲ ਵਧਾਉਣਾ ਅਤੇ ਸਿਆਸਤ ਦੀ ਪੌੜੀ ਵਿੱਚ ਉਪਰ ਜਾਣਾ ਹੈ। ਸ਼ਹੀਦ ਭਗਤ ਸਿੰਘ, ਡਾ। ਭੀਮ ਰਾਓ ਅੰਬੇਡਕਰ, ਮਹਾਤਮਾ ਗਾਂਧੀ ਵਰਗੇ ਲੀਡਰਾਂ ਅਤੇ ਸਮਾਜਵਾਦ ਦਾ ਜਾਮਾ ਪਾ ਕੇ ਕੁਝ ਲੋਕ ਧਰਮ ਦੇ ਨਾਂ ’ਤੇ ਸਿਆਸਤ ਵਿੱਚ ਦਾਖਲ ਹੁੰਦੇ ਹਨ ਪਰ ਜਲਦੀ ਇਸ ਜਾਮੇ ਨੂੰ ਉਤਾਰ ਦਿੰਦੇਂ ਹਨ। ਹਾਕਮ ਪਾਰਟੀਆਂ ਦੇ ਬਹੁਤੇ ਲੀਡਰ ਵਪਾਰ ਦੀ ਸਿਆਸਤ ਹੀ ਕਰ ਰਹੇ ਹਨ ਪਰ ਕਈ ਵਾਰ ਵਿਚਾਰਧਾਰਾ ਦੇ ਮਖੌਟੇ ਵੀ ਪਾ ਲੈਂਦੇ ਹਨ। ਐਸੇ ਲੀਡਰ ਪਾਰਟੀ ਬਦਲਣ ਅਤੇ ਵਿਚਾਰਧਾਰਾ ਬਦਲਣ ਵਿੱਚ ਕੋਈ ਸੰਕੋਚ ਨਹੀਂ ਕਰਦੇ। ਪਾਰਟੀ ਬਦਲਣ ਸਮੇਂ ਆਪਣੇ ਕਾਰੋਬਾਰ ਨੂੰ ਹੁਲਾਰਾ ਦੇਣਾ ਅਤੇ ਇਕੱਠੀ ਕੀਤੀ ਧਨ-ਦੌਲਤ ਬਚਾਉਣ ਵਾਸਤੇ ਪਾਰਟੀਆਂ ਬਦਲੀਆਂ ਜਾਂਦੀਆਂ ਹਨ।

ਇਹ ਰੁਝਾਨ ਆਮ ਹੈ ਕਿ ਦਲ ਬਦਲੀ ਹਾਕਮ ਪਾਰਟੀ/ਪਾਰਟੀਆਂ ਵਲ ਕੀਤੀ ਜਾਂਦੀ ਹੈ। ਕਾਂਗਰਸ 2014 ਤੋਂ ਬਾਅਦ ਕਮਜ਼ੋਰ ਹੋਈ ਤਾਂ ਇਸ ਵਿਚੋਂ ਕਾਫ਼ੀ ਲੀਡਰ ਭਾਜਪਾ ਵਿੱਚ ਚਲੇ ਗਏ। ਭਾਜਪਾ ਜਿਨ੍ਹਾਂ ਕਾਂਗਰਸੀ ਲੀਡਰਾਂ ਨੂੰ ਬੇਈਮਾਨ ਤੇ ਭ੍ਰਿਸ਼ਟ ਸਮਝਦੀ ਸੀ, ਉਨ੍ਹਾਂ ਨੂੰ ਪਾਰਟੀ ਵਿੱਚ ਸ਼ਾਮਲ ਹੀ ਨਹੀਂ ਕੀਤਾ, ਅਹਿਮ ਅਹੁਦਿਆਂ ’ਤੇ ਬਿਰਾਜਮਾਨ ਕੀਤਾ। ਇਵੇਂ ਹੀ ਕਈ ਐਸੇ ਲੀਡਰ ਖੇਤਰੀ ਪਾਰਟੀਆਂ ਵਿਚੋਂ ਵੀ ਭਾਜਪਾ ਵਿੱਚ ਆਏ ਹਨ। ਕੁਝ ਲੀਡਰ ਇੱਕ ਖੇਤਰੀ ਪਾਰਟੀ ਛੱਡ ਕੇ ਸੱਤਾ ਵਿੱਚ ਆਉਣ ਵਾਲੀ ਜਾਂ ਆਈ ਦੂਜੀ ਖੇਤਰੀ ਪਾਰਟੀ ਵਿੱਚ ਸ਼ਾਮਲ ਹੋ ਰਹੇ ਹਨ। ਦੇਖਣ ਵਿੱਚ ਆਉਂਦਾ ਹੈ ਕਿ ਚੋਣ ਜਿੱਤਣ ਬਾਅਦ ਲੀਡਰ ਦੀ ਆਮਦਨ ਅਤੇ ਜਾਇਦਾਦ ਕਈ ਗੁਣਾ ਵਧ ਜਾਂਦੀ ਹੈ। ਸਿਆਸਤ ਸਭ ਤੋਂ ਵੱਧ ਫਾਇਦੇਮੰਦ ਅਤੇ ਤੇਜ਼ੀ ਨਾਲ ਤਰੱਕੀ ਵਾਲਾ ਧੰਦਾ ਬਣ ਗਈ ਹੈ। ਹਾਕਮ ਪਾਰਟੀਆਂ ਵਾਲਿਆਂ ਦੀ ਦੌਲਤ ਕਈ ਗੁਣਾ ਹੋ ਜਾਂਦੀ ਹੈ ਕਿਉਂਕਿ ਕੋਈ ਏਜੰਸੀ ਉਸ ਦੇ ਨੇੜੇ ਨਹੀਂ ਆ ਸਕਦੀ। ਦਲ ਬਦਲੀ ਦੀ ਇਹੋ ਆਰਥਿਕਤਾ ਹੈ।

ਦਲ ਬਦਲੀ ਕਰਨ ਵਾਲੇ ਲੀਡਰ ਲਿਹਾਜੀ ਪੂੰਜੀਵਾਦ ਦੇ ਸਮਰਥਕ ਅਤੇ ਪ੍ਰਚਾਰਕ ਵੀ ਹਨ। ਇਹ ਲੀਡਰ ਇਹ ਵਿਸ਼ਵਾਸ ਰੱਖਦੇ ਹਨ ਕਿ ਵਿਚਾਰਧਾਰਾ ’ਚ ਕੁਝ ਨਹੀਂ ਰੱਖਿਆ, ਸਿਰਫ਼ ਆਪਣੇ ਅਤੇ ਆਪਣੇ ਸਮਰਥਕਾਂ ਦੇ ਆਰਥਿਕ ਤੇ ਰਾਜਨੀਤਕ ਫਾਇਦੇ ਦੇਖ ਕੇ ਚੱਲਣਾ ਸਮੇਂ ਦੀ ਲੋੜ ਹੈ।

ਭਾਰਤ ਦੇ ਵੱਖ-ਵੱਖ ਸੂਬਿਆਂ ਵਿੱਚ ਅਲੱਗ-ਅਲੱਗ ਭਾਸ਼ਾਵਾਂ ਹਨ, ਧਰਮਾਂ ਦੀ ਵੰਨ-ਸਵੰਨਤਾ ਹੈ, ਸਭਿਆਚਾਰਕ ਵਖਰੇਵੇਂ ਹਨ। ਇਸ ਤੋਂ ਇਲਾਵਾ ਜਲਵਾਯੂ ਦੀ ਵੰਨ-ਸਵੰਨਤਾ ਕਾਰਨ ਸੂਬਿਆਂ ਦੀਆਂ ਲੋੜਾਂ ਅਤੇ ਵਿਕਾਸ ਦੀਆਂ ਸੰਭਾਵਨਾਵਾਂ ਵੀ ਵੱਖਰੀਆਂ ਹਨ। ਇਸ ਕਰ ਕੇ ਖੇਤਰੀ ਪਾਰਟੀਆਂ ਦੀ ਹੋਂਦ ਅਤੇ ਮਜ਼ਬੂਤੀ ਇਸ ਵੰਨ-ਸਵੰਨਤਾ ਦੀ ਜ਼ਰੂਰਤ ਹੈ ਪਰ 1991 ਤੋਂ ਬਾਅਦ ਬਹੁਤੀਆਂ ਖੇਤਰੀ ਪਾਰਟੀਆਂ ਨੇ ਖੇਤਰੀ ਏਜੰਡੇ ਨੂੰ ਤਿਲਾਂਜਲੀ ਦੇ ਦਿੱਤੀ ਹੈ। ਕੇਂਦਰ ਸਰਕਾਰ ਵਾਲੀ ਆਰਥਿਕ ਨੀਤੀ ਨੂੰ ਕਿਸੇ ਪੜਚੋਲ ਅਤੇ ਨੁਕਤਾਚੀਨੀ ਤੋਂ ਬਗੈਰ ਪ੍ਰਵਾਨ ਕਰ ਲਿਆ ਹੈ। ਜਦੋਂ 2016 ਜੀਐੱਸਟੀ ਲਾਗੂ ਕੀਤਾ ਤਾਂ ਟੈਕਸਾਂ ਦੀ ਉਗਰਾਹੀ ਅਤੇ ਰੇਟਾਂ ਬਾਰੇ ਕੇਂਦਰ ਸਰਕਾਰ ਦੀ ਅਗਵਾਈ ਨੂੰ ਖੇਤਰੀ ਪਾਰਟੀਆਂ ਨੇ ਮੰਨ ਲਿਆ। ਹੁਣ ਇਕੱਠੇ ਕੀਤੇ ਟੈਕਸ ਵਿਚੋਂ ਆਪਣੇ ਹਿੱਸੇ ਵਾਸਤੇ ਖੇਤਰੀ ਪਾਰਟੀਆਂ ਨੂੰ ਮੁਸ਼ਕਲਾਂ ਨਾਲ ਜੂਝਣਾ ਪੈ ਰਿਹਾ ਹੈ। ਦਲ ਬਦਲੀ ਦੇ ਇਸ ਦੌਰ ਵਿੱਚ ਖੇਤਰੀ ਪਾਰਟੀਆਂ ਦੇ ਲੀਡਰ ਕੇਂਦਰੀ ਪਾਰਟੀਆਂ ਵਿੱਚ ਸ਼ਾਮਲ ਹੋ ਰਹੇ ਹਨ ਕਿਉਂਕਿ ਖੇਤਰੀ ਪਾਰਟੀਆਂ ਨੇ ਫੈਡਰਲ ਢਾਂਚੇ ਨੂੰ ਬਚਾਉਣ ਦੀ ਵਿਚਾਰਧਾਰਾ ਨੂੰ ਤਿਲਾਂਜਲੀ ਦੇ ਦਿੱਤੀ ਹੈ। ਜੰਮੂ ਕਸ਼ਮੀਰ ਵਿਚੋਂ ਧਾਰਾ 370 ਖ਼ਤਮ ਕਰਨ ਅਤੇ ਨਾਗਰਿਕਾਂ ਦੀ ਕੌਮੀ ਰਜਿਸਟ੍ਰੇਸ਼ਨ ਕਾਨੂੰਨ (ਸੀਏਏ) ਪਾਸ ਕਰਨ ਸਮੇਂ ਕਈ ਖੇਤਰੀ ਪਾਰਟੀਆਂ ਨੇ ਪਾਰਲੀਮੈਂਟ ਵਿੱਚ ਹਾਕਮ ਭਾਜਪਾ ਦਾ ਸਾਥ ਦਿੱਤਾ। ਇਸ ਸੂਚੀ ’ਚ ਅਕਾਲੀ ਦਲ ਅਤੇ ‘ਆਪ’ ਵੀ ਸ਼ਾਮਲ ਹਨ। ਇਸ ਵਰਤਾਰੇ ਨਾਲ ਕੇਂਦਰੀ ਅਤੇ ਖੇਤਰੀ ਪਾਰਟੀਆਂ ਵਿੱਚ ਵਿਚਾਰਧਾਰਕ ਫ਼ਰਕ ਘਟ ਗਿਆ ਹੈ। ਇਸ ਕਰ ਕੇ ਖੇਤਰੀ ਪਾਰਟੀਆਂ ਦੇ ਲੀਡਰਾਂ ਵਲੋਂ ਆਪਣੇ ਕਾਰੋਬਾਰ ਅਤੇ ਅਹੁਦੇ ਬਚਾਉਣ ਵਾਸਤੇ ਕੇਂਦਰ ਵਿੱਚ ਸੱਤਾਧਾਰੀ ਪਾਰਟੀ ਵਿੱਚ ਸ਼ਾਮਲ ਹੋਣਾ ਸੌਖਾ ਹੋ ਗਿਆ ਹੈ। ਸੱਤਾ ਵਾਲੀ ਪਾਰਟੀ ਕੋਲ ਅਹੁਦੇ ਤੇ ਰਿਆਇਤਾਂ ਦੇਣ ਦੇ ਮੌਕੇ ਜ਼ਿਆਦਾ ਹਨ ਅਤੇ ਕੇਂਦਰੀ ਏਜੰਸੀਆਂ ਦੇ ਭੈਅ ਤੋਂ ਵੀ ਮੁਕਤੀ ਮਿਲਦੀ ਹੈ। ਦਲ ਬਦਲੀ ਨਾਲ ਦੇਸ਼ ਵਿੱਚ ਗਣਤੰਤਰ ਅਤੇ ਇਸ ਨਾਲ ਜੁੜੀਆਂ ਕਦਰਾਂ ਕੀਮਤਾਂ ਨੂੰ ਗੰਭੀਰ ਖ਼ਤਰਾ ਬਣ ਗਿਆ ਹੈ। ਹਾਕਮ ਸਿਆਸੀ ਪਾਰਟੀਆਂ ਇਸ ਵਰਤਾਰੇ ਨੂੰ ਹੱਲਾਸ਼ੇਰੀ ਦੇ ਰਹੀਆਂ ਹਨ। ਜੇ ਇਸ ਵਰਤਾਰੇ ਨੂੰ ਨਾ ਰੋਕਿਆ ਗਿਆ ਤਾਂ ਜਮਹੂਰੀਅਤ ਅਤੇ ਲੋਕਾਂ ਦੇ ਜਮਹੂਰੀ ਹੱਕਾਂ ਦੀ ਰਾਖੀ ਕਰਨੀ ਔਖੀ ਹੋ ਜਾਵੇਗੀ। ਚੋਣ ਕਮਿਸ਼ਨ ਅਤੇ ਨਿਆਂਪਾਲਿਕਾ ਇਸ ਨੂੰ ਰੋਕਣ ਵਿੱਚ ਅਸਮਰਥ ਹਨ। ਮੀਡੀਆ ਇਸ ਵਰਤਾਰੇ ਖਿਲਾਫ਼ ਜਾਗਰੂਕਤਾ ਪੈਦਾ ਕਰਨ ਦੀ ਲੋੜੀਂਦੀ ਕੋਸ਼ਿਸ਼ ਨਹੀਂ ਕਰ ਰਿਹਾ। ਇਸ ਕਰ ਕੇ ਇਹ ਕਾਰਜ ਲੋਕਾਂ ਦੀ ਵਿਸ਼ਾਲ ਲਹਿਰ ਜ਼ਿੰਮੇ ਆਉਂਦਾ ਹੈ। ਇਸ ਲਹਿਰ ਵਿੱਚ ਇਸ ਮੌਕੇ ਸਭ ਤੋਂ ਵੱਧ ਸਰਗਰਮ ਕਿਸਾਨ ਯੂਨੀਅਨਾਂ ਹਨ। ਕੁਝ ਥਾਵਾਂ ’ਤੇ ਵਿਦਿਆਰਥੀ ਵਰਗ ਵੀ ਸਰਗਰਮ ਹੈ। ਇਸ ਲਹਿਰ ਦਾ ਘੇਰਾ ਵਧਾਉਣ ਲਈ ਮੁਲਾਜ਼ਮਾਂ, ਕਿਰਤੀਆਂ/ਮਜ਼ਦੂਰਾਂ ਅਤੇ ਮਿਹਨਤਕਸ਼ਾਂ ਦੀਆਂ ਜਥੇਬੰਦੀਆਂ ਦੇ ਨਾਲ-ਨਾਲ ਮੱਧਵਰਗੀ ਪੜ੍ਹੇ ਲਿਖੇ ਅਤੇ ਸੁਚੇਤ ਲੋਕਾਂ ਨੂੰ ਜੋੜਨਾ ਪਵੇਗਾ। ਇਸ ਵਿੱਚ ਵਿਚਾਰਧਾਰਾ ਦੀ ਸਪੱਸ਼ਟਤਾ ਅਤੇ ਵਚਨਬੱਧਤਾ ਆਜ਼ਾਦੀ ਸੰਗਰਾਮ ਵਾਲੀ ਪੈਦਾ ਕਰਨੀ ਪਵੇਗੀ। ਸਿਆਸਤ ਅਤੇ ਕਾਰੋਬਾਰ ਨੂੰ ਅੱਡ ਕਰਨ ਵਾਸਤੇ ਕਾਨੂੰਨੀ ਇੰਤਜ਼ਾਮ ਕਰਨੇ ਪੈਣਗੇ। ਯੂਰੋਪੀਅਨ ਦੇਸ਼ਾਂ ਵਾਂਗ ਪਬਲਿਕ ਫੰਡਿੰਗ ਦਾ ਇੰਤਜ਼ਾਮ ਕਰ ਕੇ ਚੋਣਾਂ ਦੇ ਖਰਚੇ ਵਾਸਤੇ ਕਾਰਪੋਰੇਟ ਘਰਾਣਿਆਂ ’ਤੇ ਨਿਰਭਰਤਾ ਖ਼ਤਮ ਕਰਨ ਦਾ ਯਤਨ ਕਰਨਾ ਪਵੇਗਾ। ਇਸ ਵਾਸਤੇ ਆਰਥਿਕਤਾ ਵਿੱਚ ਕਾਰਪੋਰੇਟ ਘਰਾਣਿਆਂ ਦੀ ਥਾਂ ਪਬਲਿਕ ਸੈਕਟਰ ਅਤੇ ਸਹਿਕਾਰੀ ਅਦਾਰਿਆਂ ਨੂੰ ਮਜ਼ਬੂਤ ਕਰਨਾ ਜ਼ਰੂਰੀ ਹੈ। ਇਹ ਕਾਰਜ ਮੁਸ਼ਕਲ ਜ਼ਰੂਰ ਹੈ ਪਰ ਅਸੰਭਵ ਨਹੀਂ। ਇਸ ਦੀ ਝਲਕ 2020-21 ਦੇ ਕਿਸਾਨ ਅੰਦੋਲਨ ਤੋਂ ਮਿਲਦੀ ਹੈ। ਇਸ ਅੰਦੋਲਨ ਵਿੱਚ ਕਿਸਾਨਾਂ ਤੋਂ ਇਲਾਵਾ ਹੋਰ ਵਰਗਾਂ ਦੇ ਲੋਕਾਂ ਨੇ ਧਰਮ ਨਿਰਪੱਖਤਾ ਅਤੇ ਗਣਤੰਤਰ ਦੀ ਮੁੜ ਸੁਰਜੀਤੀ ਵਾਸਤੇ ਵੱਡੀ ਪੱਧਰ ’ਤੇ ਸ਼ਮੂਲੀਅਤ ਕੀਤੀ ਸੀ। ਉਸ ਸਮੇਂ ਦੌਰਾਨ ਸਮਾਜ ਦੀ ਬਿਹਤਰੀ ਵਾਸਤੇ ਨਵੇਂ ਇਖਲਾਕ ਅਤੇ ਜਮਹੂਰੀਅਤ ਨੂੰ ਬਲ ਮਿਲਿਆ ਸੀ। ਇਸ ਨੂੰ ਦੁਬਾਰਾ ਉਭਾਰਨ ਦੀ ਜ਼ਰੂਰਤ ਹੈ। ਇਹ ਲੋਕ ਪੱਖੀ ਇਖਲਾਕ ਪ੍ਰਚਾਰ ਨਾਲ ਨਹੀਂ, ਵਿਹਾਰ ਨਾਲ ਹੀ ਪੈਦਾ ਕੀਤਾ ਜਾ ਸਕਦਾ ਹੈ।

## ‘ਪਰਦੇਸ ਟਾਇਮਜ਼’ ਦੇ ਆਨਰੇਰੀ ਸਲਾਹਕਾਰ ਤੇ ਸਹਿਯੋਗੀ

(1) ਕਰਮਵੀਰ ਸਿੰਘ ਬੈਂਸ, ਯੂਬਾ ਸਿਟੀ
(2) ਅਵਤਾਰ ਸਿੰਘ ਸਹੋਤਾ
(3) ਗੁਰਨਾਮ ਸਿੰਘ ਪੰਮਾ
(4) ਜਸਵੀਰ ਸਿੰਘ ਕੁਲਾਰ
(5) ਗੁਰਚਰਨ ਸਿੰਘ ਮਾਨ
(6) ਭੁਪਿੰਦਰ ਸਿੰਘ ਪਦਮ
(7) ਪਰਮਪਾਲ ਸਿੰਘ
(8) ਸ. ਮਹਿੰਗਾ ਸਿੰਘ ਸਰਪੰਚ
(9) ਕੁਲਦੀਪ ਸਿੰਘ ਅਟਵਾਲ
(10) ਸੁਰਜੀਤ ਸਿੰਘ ਅਟਵਾਲ
(11) ਗੁਰਵਿੰਦਰ ਸਿੰਘ ਮਾਵੀ
(12) ਡਾ. ਹਰਮੇਸ਼ ਕੁਮਾਰ
(13) ਸੁਰਿੰਦਰ ਸਿੰਘ ਧਨੋਆ
(14) ਕਸ਼ਮੀਰ ਸਿੰਘ ਧੁੱਗਾ
(15) ਬਲਦੇਵ ਸਿੰਘ ਮਾਨ
(16) ਰਾਜ ਬਡਵਾਲ
(17) ਰਣਬੀਰ ਸਿੰਘ, ਬੇਕਰਸਫੀਲਡ

# Pardes Times TV
## A Youtube Show
ਪਰਦੇਸ ਟਾਇਮਜ਼ ਤੁਹਾਡੇ ਲਈ ਪੰਜਾਬੀ ਮਾਂ-ਬੋਲੀ 'ਚ ਇਕ ਯੂ-ਟਿਊਬ ਸ਼ੋਅ ਲੈ ਕੇ ਆਉਂਦਾ ਹੈ, ਜੋ ਪੰਜਾਬੀਆਂ ਨੂੰ ਉਨ੍ਹਾਂ ਦੀ ਬੋਲੀ ਨਾਲ ਜੋੜਦਾ ਹੈ। ਸ਼ੋਅ ਵੇਖਣ ਲਈ **Pardestimes tv** ਨੂੰ ਸਬਸਕ੍ਰਾਈਬ ਕਰੋ।

**www.pardestimes.com** 510-938-7771


# ਵਿਸਾਲੀਆ ਸੀਨੀਅਰ ਗੇਮਾਂ ਵਿੱਚ ਪੰਜਾਬੀ ਚੋਬਰਾਂ ਨੇ ਜਿੱਤੇ 26 ਮੈਡਲ



ਫਰਿਜਨੋ (ਕੈਲੀਫੋਰਨੀਆਂ) (ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ)- ਵਿਸਾਲੀਆ ਸੀਨੀਅਰਜ਼ ਗੇਮਜ਼ ਟ੍ਰੈਕ ਅਤੇ ਫੀਲਡ ਮੁਕਾਬਲਾ 6 ਅਪ੍ਰੈਲ, 2024 ਨੂੰ ਵਿਸਾਲੀਆ, ਕੈਲੀਫੋਰਨੀਆ ਵਿੱਚ ਮਾਊਂਟ ਵਿਟਨੀ ਹਾਈ ਸਕੂਲਸਟੇਡੀਅਮ ਵਿੱਚ ਹੋਇਆ। ਇਸ ਮੁਕਾਬਲੇ ਵਿੱਚ ਕੈਲੀਫੋਰਨੀਆ ਦੇ ਕਰੀਬ 100 ਪੁਰਸ਼ ਅਤੇ ਮਹਿਲਾ ਅਥਲੀਟਾਂ ਨੇ ਭਾਗ ਲਿਆ।

ਇਸ ਟਰੈਕ ਐਂਡ ਫੀਲਡ ਮੀਟ ਵਿੱਚ ਸੈਂਟਰਲ ਵੈਲੀ ਏਰੀਆ ਤੋਂ ਪੰਜਾਬੀ ਭਾਈਚਾਰੇ ਦੇ 10 ਐਥਲੀਟਾਂ ਨੇ ਹਿੱਸਾ ਲਿਆ। 10 ਪੰਜਾਬੀ ਐਥਲੀਟਾਂ ਨੇਆਪੋ-ਆਪਣੇ ਮੁਕਾਬਲਿਆਂ ਵਿੱਚ 18 ਗੋਲਡ ਮੈਡਲ, 6 ਚਾਂਦੀ ਦੇ ਤਗਮੇ, ਅਤੇ 2 ਕਾਂਸੀ ਦੇ ਤਗਮੇ ਜਿੱਤੇ। ਅਤੇ ਕੁੱਲ 26 ਤਗਮੇ ਆਪਣੇ ਨਾਮ ਕੀਤੇ।

ਥਰੋਇੰਗ ਈਵੈਂਟਸ ਵਿੱਚ ਗੁਰਬਖਸ਼ ਸਿੰਘ ਸਿੱਧੂ ਨੇ ਸ਼ਾਟ ਪੁਟ ਅਤੇ ਡਿਸਕਸ਼ ਥ੍ਰੋ ਵਿੱਚ 2 ਚਾਂਦੀ ਦੇ ਤਗਮੇ ਜਿੱਤੇ। ਰਣਧੀਰ ਸਿੰਘ ਵਿਰਕ ਨੇ ਸ਼ਾਟ ਪੁਟ ਅਤੇਡਿਸਕਸ਼ ਥਰੋਅ ਵਿੱਚ 2 ਸੋਨ ਤਗਮੇ ਜਿੱਤੇ। ਮਿਸਟਰ ਵਿਰਕ ਪਹਿਲਾਂ ਰੀਨੋ , ਨੇਵਾਡਾ ਵਿਖੇ ਰਹਿ ਰਹੇ ਸਨ, ਇਸ ਸਮੇਂ ਫਰਿਜ਼ਨੋ, ਕੈਲੀਫੋਰਨੀਆ ਵਿੱਚ ਰਹਿ ਰਹੇ ਹਨ। ਸੁਖਦੇਵ ਸਿੰਘ ਸਿੱਧੂ ਨੇ ਸ਼ਾਟ ਪੁਟ ਅਤੇ ਡਿਸਕਸ਼ ਥਰੋਅ ਵਿੱਚ 2 ਸੋਨ ਤਗਮੇ ਜਿੱਤੇ। ਫੌਲਰ ਦੇ ਰਾਜ ਬਰਾੜ ਨੇ ਸ਼ਾਟ ਪੁਟ ਅਤੇ ਡਿਸਕਸ਼ ਥਰੋਅ ਵਿੱਚ 2 ਸੋਨ ਤਗਮੇ ਜਿੱਤੇ। ਰਾਜ ਬਰਾੜ ਜੀ ਮਰਹੂਮ ਜਮਲਾ ਜੱਟ ਜੀ ਦੇ ਵੀ ਸ਼ਗਿਰਦ ਰਹੇ ਹਨ। ਪਵਿਤਰ ਸਿੰਘ ਕਲੇਰ ਨੇ ਸ਼ਾਟ ਪੁਟ ਵਿੱਚ 2 ਅਤੇ ਡਿਸਕਸ਼ ਥਰੋਅ ਵਿੱਚ ਗੋਲਡ ਮੈਡਲ ਜਿੱਤੇ। ਚਰਨ ਸਿੰਘ ਗਿੱਲ ਨੇ ਡਿਸਕਸ਼ ਥਰੋਅ ਵਿੱਚ ਕਾਂਸੀ ਦਾ ਤਗਮਾ ਅਤੇ ਸ਼ਾਟ ਪੁਟ ਵਿੱਚ ਚੌਥਾ ਸਥਾਨ ਹਾਸਲ ਕੀਤਾ। ਜੰਪ ਮੁਕਾਬਲਿਆਂ ਵਿੱਚ ਸੁਖਨੈਨ ਸਿੰਘ ਨੇ ਲੰਬੀ ਛਾਲ ਵਿੱਚ ਗੋਲਡ ਮੈਡਲ ਅਤੇ ਟ੍ਰਿਪਲ ਜੰਪ ਵਿੱਚ ਵੀ ਗੋਲਡ ਮੈਡਲ ਜਿੱਤਿਆ। ਦੌੜ ਦੇ ਮੁਕਾਬਲਿਆਂ ਵਿੱਚ, ਕਾਮਜੀਤ ਬੈਨੀਪਾਲ ਨੇ 400 ਮੀਟਰ ਅਤੇ 800 ਮੀਟਰ ਦੌੜ ਵਿੱਚ 2 ਚਾਂਦੀ ਦੇ ਤਗਮੇ , ਹਰਦੀਪ ਸਿੰਘ ਸੰਘੇੜਾ ਨੇ 400 ਮੀਟਰ ਦੌੜ ਵਿੱਚ 1 ਸੋਨ ਤਗਮਾ ਅਤੇ 200 ਮੀਟਰ ਦੌੜ ਵਿੱਚ 1 ਚਾਂਦੀ ਦਾ ਤਗਮਾ ਜਿੱਤਿਆ।

1600 ਮੀਟਰ ਦੌੜ/ਵਾਕ ਈਵੈਂਟ ਵਿੱਚ ਫਰਿਜ਼ਨੋ ਦੇ ਕਰਮ ਸਿੰਘ ਸੰਘਾ ਨੇ ਗੋਲਡ ਮੈਡਲ ਜਿੱਤਿਆ। ਚਰਨ ਸਿੰਘ ਗਿੱਲ ਨੇ 1600 ਮੀਟਰ ਦੌੜ/ਵਾਕ ਵਿੱਚਗੋਲਡ ਮੈਡਲ ਜਿੱਤਿਆ।

4£100 ਮੀਟਰ ਰਿਲੇਅ ਦੌੜ ਵਿੱਚ ਦੌੜਾਕ ਸੁਖਨੈਨ ਸਿੰਘ, ਕਮਲਜੀਤ ਸਿੰਘ ਬੈਨੀਪਾਲ, ਹਰਦੀਪ ਸਿੰਘ ਸੰਘੇੜਾ ਅਤੇ ਚਰਨ ਸਿੰਘ ਗਿੱਲ ਨੇ ਗੋਲਡਮੈਡਲ ਜਿੱਤੇ।

ਖੇਡਾਂ ਵਿੱਚ ਭਾਗ ਲੈਣ ਵਾਲੇ ਸਾਰੇ ਖਿਡਾਰੀਆਂ ਨੂੰ ਪੰਜਾਬੀ ਭਾਈਚਾਰੇ ਵੱਲੋਂ ਵਧਾਈ ਸੰਦੇਸ਼ ਭੇਜੇ ਜਾ ਰਹੇ ਹਨ। ਇਸ ਵਿਸਾਲੀਆ ਟ੍ਰੈਕ ਅਤੇ ਫੀਲਡ ਮੀਟ ਲਈ ਸਾਰੇ ਪੰਜਾਬੀ ਐਥਲੀਟਾਂ ਨੂੰ ਪਰਫੈਕਟ ਐਚ-2 ਵਾਟਰ ਸੋਲਿਊਸ਼ਨਜ਼ ਦੁਆਰਾ ਸਪਾਂਸਰ ਕੀਤਾ ਗਿਆਸੀ। ਕੰਪਨੀ ਦੇ ਮਾਲਕ ਹੀਰਾਮ ਨੇ ਅਥਲੀਟਾਂ ਲਈ ਰਜਿਸਟ੍ਰੇਸ਼ਨ ਫੀਸ ਅਦਾ ਕੀਤੀ।

# ਭਾਰਤੀ ਜਲ ਸੈਨਾ ਲਈ ਰੂਸ 'ਚ ਬਣ ਰਹੇ ਦੋ ਖਤਰਨਾਕ ਜੰਗੀ ਜਹਾਜ਼



ਨਵੀਂ ਦਿੱਲੀ- ਹੁਣ ਭਾਰਤ ਅਤੇ ਰੂਸ ਦੇ ਰਿਸ਼ਤਿਆਂ ਵਿੱਚ ਇੱਕ ਹੋਰ ਨਵਾਂ ਮੋੜ ਆਉਣ ਵਾਲਾ ਹੈ, ਜਿਸ ਨਾਲ ਦੋਵਾਂ ਦੇਸ਼ਾਂ ਦੇ ਰਿਸ਼ਤੇ ਪਹਿਲਾਂ ਨਾਲੋਂ ਵੀ ਮਜ਼ਬੂਤ ਹੋਣਗੇ। ਦਰਅਸਲ, ਰੂਸ ਭਾਰਤੀ ਜਲ ਸੈਨਾ ਲਈ ਦੋ ਜੰਗੀ ਬੇੜੇ ਬਣਾ ਰਿਹਾ ਹੈ, ਜੋ ਇਸ ਸਾਲ ਚਾਲੂ ਹੋਣ ਦੀ ਸੰਭਾਵਨਾ ਹੈ, ਜਿਨ੍ਹਾਂ ਦੋ ਜੰਗੀ ਜਹਾਜ਼ਾਂ ਨੂੰ ਚਾਲੂ ਕੀਤਾ ਜਾਵੇਗਾ, ਉਨ੍ਹਾਂ ਵਿੱਚ ਆਈਐਨਐਸ ਤੁਸ਼ੀਲ ਅਤੇ ਆਈਐੱਨਐੱਸ ਤਮਾਲ ਸ਼ਾਮਲ ਹਨ। ਮੈਟੀਰੀਅਲ ਡਾਇਰੈਕਟੋਰੇਟ ਦੇ ਮੁਖੀ ਸਮੇਤ ਭਾਰਤੀ ਜਲ ਸੈਨਾ ਦੀ ਟੀਮ ਨੇ ਹਾਲ ਹੀ ਵਿੱਚ ਰੂਸ ਦਾ ਦੌਰਾ ਕੀਤਾ ਸੀ। ਉਨ੍ਹਾਂ ਅੱਗੇ ਦੱਸਿਆ ਕਿ ਟੀਮ ਨੇ ਰੂਸ ਦੇ ਸ਼ਿਪਯਾਰਡ ਦਾ ਵੀ ਦੌਰਾ ਕੀਤਾ ਜਿੱਥੇ ਦੋਵੇਂ ਜੰਗੀ ਬੇੜੇ ਬਣਾਏ ਜਾ ਰਹੇ ਹਨ। ਅਧਿਕਾਰੀਆਂ ਨੇ ਦੱਸਿਆ ਕਿ ਜੰਗੀ ਬੇੜੇ 'ਤੇ ਕੰਮ ਸੁਚਾਰੂ ਢੰਗ ਨਾਲ ਚੱਲ ਰਿਹਾ ਹੈ ਅਤੇ ਪਹਿਲੇ ਜੰਗੀ ਬੇੜੇ ਨੂੰ ਪਹਿਲਾਂ ਹੀ ਸਮੁੰਦਰੀ ਪ੍ਰੀਖਣ ਲਈ ਲਾਂਚ ਕੀਤਾ ਜਾ ਚੁੱਕਾ ਹੈ। ਉਨ੍ਹਾਂ ਦੱਸਿਆ ਕਿ ਰੂਸ ਅਤੇ ਯੂਕਰੇਨ ਵਿਚਾਲੇ ਚੱਲ ਰਹੀ ਜੰਗ ਕਾਰਨ ਦੋਵਾਂ ਦੀ ਡਿਲੀਵਰੀ 'ਚ ਦੇਰੀ ਹੋ ਰਹੀ ਹੈ। ਹਾਲਾਂਕਿ, ਭਾਰਤੀ ਜਲ ਸੈਨਾ ਦੇ ਦੋ ਜੰਗੀ ਬੇੜੇ ਇਸ ਸਾਲ ਦੇ ਅੰਤ ਤੱਕ ਚਾਲੂ ਹੋਣ ਦੀ ਸੰਭਾਵਨਾ ਹੈ। ਅਧਿਕਾਰੀ ਨੇ ਕਿਹਾ ਕਿ ਭਾਰਤ ਵਿੱਚ ਗੋਆ ਸ਼ਿਪਯਾਰਡ ਲਿਮਟਿਡ ਵਿੱਚ ਰੂਸੀ ਸਹਿਯੋਗ ਨਾਲ ਬਣਾਏ ਜਾ ਰਹੇ ਹੋਰ ਦੋ ਜੰਗੀ ਜਹਾਜ਼ਾਂ ਦਾ ਕੰਮ ਵੀ ਸਹੀ ਦਿਸ਼ਾ ਵਿੱਚ ਅੱਗੇ ਵਧ ਰਿਹਾ ਹੈ।



## Matrimonial
## ਵਿਆਹ/ਸ਼ਾਦੀ

'ਪਰਦੇਸ ਟਾਇਮਜ਼' ਇਕ ਯੋਗ ਵਰ ਲੱਭਣ ਵਿਚ ਤੁਹਾਡੀ ਬਹੁਤ ਸਹਾਇਤਾ ਕਰ ਸਕਦਾ ਹੈ। ਆਪਣਾ ਇਸ਼ਤਿਹਾਰ ਬੁੱਕ ਕਰਨ ਲਈ
ਸੰਪਰਕ ਕਰੋ: **510-938-7771** **shaadi@pardestimes.com**

### ਲੜਕੀ ਦੀ ਲੋੜ
ਹਿੰਦੂ ਲੜਕਾ, ਕੱਦ 5 ਫੁੱਟ 11 ਇੰਚ, ਗਰਗ ਗੋਤਰ, 34 ਸਾਲਾ MS in Mechanical Engg ਕੀਤੀ ਹੋਈ, ਮਕੈਨੀਕਲ ਇੰਜੀਨੀਅਰ ਦੇ ਤੌਰ ਤੇ ਕੈਲੇਫੋਰਨੀਆ 'ਚ ਕੰਮ ਕਰਦੇ ਲੜਕੇ ਲਈ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਲੜਕਾ ਐਚ1ਬੀ ਵੀਜ਼ਾ ਤੇ ਕੰਮ ਕਰਦਾ ਹੈ। ਹੋਰ ਜਾਣਕਾਰੀ ਲਈ 559-644-7129 ਤੇ ਜਾਂ abhishek.garg4003@gmail.com 'ਤੇ ਸੰਪਰਕ ਕੀਤਾ ਜਾ ਸਕਦਾ ਹੈ।

### ਵਰ ਦੀ ਲੋੜ
31 ਸਾਲਾ 'ਸੱਗੂ' ਰਾਮਗੜ੍ਹੀਆ ਲੜਕੀ, ਜੋ ਐਮ. ਡੀ. ਹੈ, ਕੱਦ 5 ਫੁੱਟ 3 ਇੰਚ ਹੈ। ਕਨੇਡੀਅਨ ਸਿਟੀਜ਼ਨ ਜੋ ਕੈਲੇਫੋਰਨੀਆ 'ਚ ਡਾਕਟਰ ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਯੋਗ ਵਰ ਦੀ ਲੋੜ ਹੈ। ਸੰਪਰਕ ਕਰੋ- ਤਰਲੋਚਨ ਸਿੰਘ ਸੱਗੂ 416-886-9197 saggutarlochan@yahoo.com

### ਵਰ ਦੀ ਲੋੜ
33 ਸਾਲਾ ਕੱਦ 5 ਫੁੱਟ 4 ਇੰਚ, ਨਿਊਯਾਰਕ ਵਿਖੇ ਅਟਾਰਨੀ ਦੇ ਤੌਰ ਤੇ ਕੰਮ ਕਰਦੀ ਸਿੱਖ ਲੜਕੀ, ਜਿਸਨੇ ਬੀ. ਐਸ. ਸੀ., ਸਾਈਕਲੌਜੀ ਤੇ ਜੇ. ਡੀ. ਐਲ ਐਲ ਬੀ ਦੀ ਸਿੱਖਿਆ ਹਾਸਲ ਕੀਤੀ, ਲਈ ਯੋਗ ਵਰ ਦੀ ਲੋੜ ਹੈ। ਸੰਪਰਕ ਕਰੋ 315-395-2585 Rimmi.kailey@gmail.com

### ਕੰਨਿਆ ਦੀ ਲੋੜ
ਅਮਰੀਕਨ ਨਾਗਰਿਕ ਸਿੱਖ ਮੁੰਡਾ, ਜਨਮ 1984, ਕੱਦ 5 ਫੁੱਟ 10 ਇੰਚ, ਤਲਾਕਸ਼ੁਦਾ, ਕੋਈ ਬੱਚਾ ਨਹੀਂ, ਲਈ ਅਮਰੀਕਾ ਵਿਚ ਪੱਕੀ ਜਾਂ ਗਰੀਨ ਕਾਰਡ ਹੋਲਡਰ ਲੜਕੀ ਦੀ ਲੋੜ ਹੈ।
ਸੰਪਰਕ +1 (510) 200-1772

### ਵਰ ਦੀ ਲੋੜ
33 ਸਾਲਾ, ਲੜਕੀ, ਕੱਦ 5 ਫੁੱਟ 5 ਇੰਚ, ਜਿਸਨੇ Bachelor of Science in Commerce: Finance Major, Economics and Management Information Systems minors from Santa Clara University ਅਤੇ Apple Company ਲਈ Internet Software Engineer ਦੇ ਤੌਰ ਤੇ ਕੰਮ ਕਰਦੀ ਵਾਸਤੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਹੋਰ ਜਾਣਕਾਰੀ ਲਈ ਫੋਨ 408-835-0202 ਜਾਂ ਈਮੇਲ 8350202@gmail.com


# ਅੱਜ ਹੀ ਆਪਣਾ ਫ਼ੋਨ ਠੀਕ ਕਰਵਾਓ
## CELL PHONE REPAIR BY SYCAMORE TECH
**Location: 6170 Thornton Avenue Suite C, Newark, CA, 94560**

ਸੈਕਿੰਡ ਹੈਂਡ ਮੋਬਾਇਲ ਫੋਨ ਲੈਣਾ ਹੋਵੇ
ਮੋਬਾਇਲ ਦੀ ਤੁਰੰਤ ਅਤੇ ਉਸੇ ਦਿਨ (Same Day Repair) ਰਿਪੇਅਰ ਕਰਵਾਉਣੀ ਹੋਵੇ
ਸਾਡੇ ਨਾਲ ਜ਼ਰੂਰ ਸੰਪਰਕ ਕਰੋ ਜੀ:

**Phone: 510-894-9607**

ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 10.00 ਵਜੇ ਤੋਂ ਸ਼ਾਮੀ 7 ਵਜੇ ਤੱਕ,
ਸ਼ਨਿਚਰਵਾਰ ਨੂੰ ਸਵੇਰੇ 10.30 ਤੋਂ ਸ਼ਾਮੀ 5 ਵਜੇ ਤੱਕ, ਐਤਵਾਰ ਬੰਦ

**Services We Offer:**
* iPhone and iPad Repair
* Samsung Phones Repair
* PC and Mac Repair
* Sell Unlocked Phones
* Screen/LCD Replacement
* Battery and Charging Issue
* Back Glass and Camera Lens
* Water Damaged and Locked Phones

**10% Off**



CELL PHONE REPAIR BY SYCAMORE TECH

**Same Day Repair.**
**Get Your Phone Fixed Today!**
www.sycamoretechca.com

# ਪੰਜਾਬ ’ਚ ਹਾਲੇ ਤੇਜੀ ਨਹੀਂ ਫੜ ਰਿਹਾ ਹੈ ਚੋਣ ਪ੍ਰਚਾਰ



ਡਾ. ਰਣਜੀਤ ਸਿੰਘ

ਲੋਕ ਸਭਾ ਚੋਣਾਂ ਦੇ ਐਲਾਨ ਪਿਛੋਂ ਜਿਥੇ ਸਾਰੇ ਦੇਸ਼ ਵਿਚ ਵਿਚ ਚੋਣ ਪ੍ਰਚਾਰ ਵਿਚ ਤੇਜ਼ੀ ਆਈ ਹੈ ਉਥੇ ਪੰਜਾਬ ਵਿਚ ਚੋਣ ਪ੍ਰਚਾਰ ਮੱਠਾ ਹੀ ਹੈ। ਇਸ ਦੇ ਕਈ ਕਾਰਨ ਹੋ ਸਕਦੇ ਹਨ। ਪਹਿਲਾ ਕਾਰਨ ਇਹ ਹੈ ਕਿ ਪੰਜਾਬ ਵਿਚ ਵੋਟਾਂ ਚੋਣਾਂ ਦੇ ਆਖ਼ਰੀ ਦਿਨ, ਭਾਵ ਪਹਿਲੀ ਜੂਨ ਨੂੰ ਪੈਣੀਆਂ ਹਨ; ਦੂਜਾ, ਸੂਬੇ ਦੀ ਮੁੱਖ ਫ਼ਸਲ ਕਣਕ ਦੀ ਵਾਢੀ ਸ਼ੁਰੂ ਹੋ ਗਈ ਹੈ। ਬਹੁਤੇ ਪੰਜਾਬੀਆਂ ਦੀ ਆਰਥਿਕਤਾ ਦਾ ਧੁਰਾ ਇਹੋ ਫ਼ਸਲ ਹੈ। ਸਰਕਾਰ ਦਾ ਵੀ ਬਹੁਤਾ ਧਿਆਨ ਕਣਕ ਦੀ ਸੁਚੱਜੀ ਖਰੀਦ ਵਿਵਸਥਾ ਕਰਨ ਵੱਲ ਲੱਗਾ ਹੋਇਆ ਹੈ। ਤੀਜਾ ਕਾਰਨ ਸੂਬੇ ਵਿਚ ਬਣੀ ਹੋਈ ਰਾਜਨੀਤਕ ਅਸਥਿਰਤਾ ਨੂੰ ਮੰਨਿਆ ਜਾ ਸਕਦਾ ਹੈ। ਪੰਜਾਬ ਵਿਚ ਸਭ ਤੋਂ ਵੱਧ ਉਤਸ਼ਾਹ ਸੱਤਾਧਾਰੀ ਆਮ ਆਦਮੀ ਪਾਰਟੀ ਵਿਚ ਹੀ ਸੀ। ਇਸ ਨੇ ਸਭ ਤੋਂ ਪਹਿਲਾਂ ਅੱਠ ਉਮੀਦਵਾਰਾਂ ਦਾ ਐਲਾਨ ਕੀਤਾ ਸੀ। ਇਸ ਨੂੰ ਆਪਣੇ ਆਪ ਉਤੇ ਇਤਨਾ ਭਰੋਸਾ ਸੀ ਕਿ ਪੰਜਾਬ ਨੂੰ ਇੰਡੀਆ ਗੱਠਜੋੜ ਤੋਂ ਬਾਹਰ ਰੱਖਿਆ ਸੀ। ਆਪਣੇ ਉਮੀਦਵਾਰਾਂ ਵਿਚ ਆਪ ਨੇ ਆਪਣੇ ਪੰਜ ਸਭ ਤੋਂ ਸਰਗਰਮ ਵਜ਼ੀਰਾਂ ਨੂੰ ਚੋਣ ਵਿਚ ਉਤਾਰਿਆ ਸੀ ਪਰ ਪਾਰਟੀ ਦੇ ਨੇਤਾ ਅਰਵਿੰਦ ਕੇਜਰੀਵਾਲ ਦੀ ਗ੍ਰਿਫਤਾਰੀ ਪਿਛੋਂ ਪਾਰਟੀ ਦਾ ਸਾਰਾ ਧਿਆਨ ਚੋਣਾਂ ਵਲੋਂ ਹਟ ਕੇ ਉਸ ਪਾਸੇ ਹੋ ਗਿਆ। ਪੰਜ ਵਜ਼ੀਰਾਂ ਨੂੰ ਚੋਣ ਦੰਗਲ ਵਿਚ ਉਤਾਰਨ ਤੋਂ ਇਹ ਵੀ ਸਿੱਧ ਹੁੰਦਾ ਹੈ ਕਿ ਇਸ ਕੋਲ ਜੇਤੂ ਉਮੀਦਵਾਰਾਂ ਦੀ ਘਾਟ ਹੈ। ਮੌਜੂਦਾ ਸਮੇਂ ਪਾਰਲੀਮੈਂਟ ਵਿਚ ਆਪ ਦਾ ਇਕੋ-ਇਕ ਮੈਂਬਰ ਸੀ ਜਿਹੜਾ ਪੰਜਾਬ ਤੋਂ ਹੈ ਪਰ ਉਸ ਨੂੰ ‘ਆਪ’ ਵੱਲੋਂ ਉਮੀਦਵਾਰ ਐਲਾਨੇ ਜਾਣ ਪਿਛੋਂ ਵੀ ਉਸ ‘ਆਪ’ ਨੂੰ ਤਿਆਗ ਕੇ ਭਾਜਪਾ ਦਾ ਪੱਲਾ ਫੜ ਲਿਆ।

ਪੰਜਾਬ ਵਿਚ ਮੁਫਤ ਦਿੱਤੀ ਜਾ ਰਹੀ ਬਿਜਲੀ ਦੇ ਆਧਾਰ ਉਤੇ ਇਹ ਸੋਚਿਆ ਜਾ ਰਿਹਾ ਸੀ ਕਿ ਪਾਰਟੀ ਪੰਜਾਬ ਰਾਹੀਂ ਪਾਰਲੀਮੈਂਟ ਵਿਚ ਆਪਣੀ ਹੋਂਦ ਬਣਾ ਸਕੇਗੀ। ਇਸ ਨੂੰ ਉਮੀਦ ਸੀ ਕਿ ਉਹ ਤੇਰਾਂ ਵਿਚੋਂ ਦਸ ਸੀਟਾਂ ਤਾਂ ਜ਼ਰੂਰ ਜਿੱਤ ਲਵੇਗੀ ਪਰ ਮੌਜੂਦਾ ਸਥਿਤੀ ਨੇ ਸਮੀਕਰਨ ਬਦਲ ਦਿੱਤੇ ਹਨ। ਲੋਕ ਸਭਾ ਚੋਣਾਂ ਵਿਚ ਆਪ ਹੀ ਕਾਰਗੁਜ਼ਾਰੀ ਨੂੰ ਕੇਜਰੀਵਾਲ ਦੀ ਗ੍ਰਿਫਤਾਰੀ ਜ਼ਰੂਰ ਪ੍ਰਭਾਵਿਤ ਕਰੇਗੀ। ਜੇਕਰ ਇਹ ਸਾਬਤ ਹੋ ਜਾਂਦਾ ਹੈ ਕਿ ਉਹ ਬੇਕਸੂਰ ਹੈ ਤਾਂ ਵੋਟਰਾਂ ਦੀ ਹਮਦਰਦੀ ਪ੍ਰਾਪਤ ਹੋ ਜਾਵੇਗੀ ਪਰ ਜੇਕਰ ਦੋਸ਼ ਸਿੱਧ ਹੋ ਜਾਂਦੇ ਹਨ ਤਾਂ ਪਾਰਟੀ ਨੂੰ ਵੱਡਾ ਝਟਕਾ ਲੱਗ ਸਕਦਾ ਹੈ।

ਦੂਜੀਆਂ ਮੁੱਖ ਪਾਰਟੀਆਂ ਦੀ ਸਥਿਤੀ ਵੀ ਡਾਵਾਂਡੋਲ ਹੈ। ਕਾਂਗਰਸ ਦੇ ਸਿਰਕੱਢ ਆਗੂ ਪਾਰਟੀ ਛੱਡ ਭਾਜਪਾ ਵਿਚ ਸ਼ਾਮਿਲ ਹੋ ਰਹੇ ਹਨ। ਦੋ ਮੌਜੂਦਾ ਮੈਂਬਰ ਪ੍ਰਨੀਤ ਕੌਰ ਅਤੇ ਰਵਨੀਤ ਸਿੰਘ ਬਿੱਟੂ ਭਾਜਪਾ ਵਿਚ ਚਲੇ ਗਏ ਹਨ। ਕਈ ਹੋਰ ਵੱਡੇ ਆਗੂ ਜਿਵੇਂ ਕੈਪਟਨ ਅਮਰਿੰਦਰ ਸਿੰਘ, ਸੁਨੀਲ ਝਾਖੜ, ਰਾਜ ਕੁਮਾਰ ਚੱਬੇਵਾਲ ਕਾਂਗਰਸ ਛੱਡ ਭਾਜਪਾ ਵਿਚ ਜਾ ਚੁੱਕੇ ਹਨ। ਇਸੇ ਕਰ ਕੇ ਕਾਂਗਰਸ ਵੱਲੋਂ ਪੰਜਾਬ ਵਿਚ ਉਮੀਦਵਾਰਾਂ ਦੇ ਨਾਵਾਂ ਦੇ ਐਲਾਨ ਵਿਚ ਦੇਰੀ ਹੋ ਰਹੀ ਹੈ। ਜਦੋਂ ਤਕ ਨਾਵਾਂ ਦਾ ਐਲਾਨ ਨਹੀਂ ਹੁੰਦਾ ਉਦੋਂ ਤਕ ਚੋਣ ਪ੍ਰਚਾਰ ਵੀ ਸ਼ੁਰੂ ਨਹੀਂ ਹੋ ਸਕਦਾ। ਵੱਡੇ ਆਗੂ ਉਨ੍ਹਾਂ ਸੂਬਿਆਂ ਲਈ ਚੋਣ ਪ੍ਰਚਾਰ ਵਿਚ ਰੁੱਝੇ ਹੋਏ ਹਨ ਜਿਥੇ ਪਹਿਲਾਂ ਵੋਟਾਂ ਪੈਣੀਆਂ ਹਨ। ਇਸ ਸਮੇਂ ਪੰਜਾਬ ਵਿਚ ਕਾਂਗਰਸ ਦੇ ਹੀ ਸਭ ਤੋਂ ਵਧ ਲੋਕ ਸਭਾ ਮੈਂਬਰ ਹਨ ਪਰ ਮੌਜੂਦਾ ਸਥਿਤੀ ਨੂੰ ਦੇਖਦਿਆਂ ਜਾਪਦਾ ਹੈ ਕਿ ਜਿਵੇਂ ਕਾਂਗਰਸ ਇਨ੍ਹਾਂ ਸਾਰੀਆਂ ਸੀਟਾਂ ਉਤੇ ਜਿੱਤ ਪ੍ਰਾਪਤ ਨਹੀਂ ਕਰ ਸਕੇਗੀ। ਇਸ ਦਾ ਲਾਭ ਭਾਜਪਾ ਅਤੇ ਆਮ ਆਦਮੀ ਪਾਰਟੀ ਨੂੰ ਹੋ ਸਕਦਾ ਹੈ। ਕਾਂਗਰਸ ਕਿਤਨੀਆਂ ਕੁ ਸੀਟਾਂ ਜਿੱਤੇਗੀ, ਇਹ ਉਮੀਦਵਾਰਾਂ ਦੀ ਚੋਣ ਅਤੇ ਪਾਰਟੀ ਵਿਚ ਏਕਤਾ ਉਤੇ ਨਿਰਭਰ ਕਰਦਾ ਹੈ। ਭਾਜਪਾ ਨੇ ਭਾਵੇਂ ਕੁਝ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਹੈ ਪਰ ਸ਼੍ਰੋਮਣੀ ਅਕਾਲੀ ਦਲ ਨੇ ਆਪਣੇ ਉਮੀਦਵਾਰਾਂ ਦੀ ਸੂਚੀ ਜਾਰੀ ਨਹੀਂ ਕੀਤੀ। ਇਹ ਉਮੀਦ ਕੀਤੀ ਜਾ ਰਹੀ ਸੀ ਕਿ ਦੋਵਾਂ ਪਾਰਟੀਆਂ ਵਿਚ ਸਮਝੌਤਾ ਹੋ ਜਾਵੇਗਾ ਪਰ ਹੁਣ ਇਹ ਸਾਫ਼ ਹੋ ਗਿਆ ਹੈ ਕਿ ਭਾਜਪਾ ਪੰਜਾਬ ਆਗੂ ਅਜਿਹਾ ਨਹੀਂ ਚਾਹੁੰਦੇ। ਉਂਝ ਵੀ ਕਿਸਾਨ ਅੰਦੋਲਨ ਤੋਂ ਮਿਲੇ ਸਬਕ ਦੇ ਮੱਦੇਨਜ਼ਰ ਸ਼੍ਰੋਮਣੀ ਅਕਾਲੀ ਦਲ ਵੀ ਇਹ ਸਮਝੌਤਾ ਕਰਨ ਤੋਂ ਪਹਿਲਾਂ ਚੰਗੀ ਤਰ੍ਹਾਂ ਵਿਚਾਰ ਕਰੇਗਾ। ਇਸ ਸਮੇਂ ਦਲ ਕੋਲ ਦੋ ਸੀਟਾਂ ਹਨ। ਉਂਝ ਵੀ ਅਕਾਲੀ ਦਲ ਦੀ ਸਥਿਤੀ ਵਿਚ ਕੋਈ ਬਹੁਤ ਸੁਧਾਰ ਨਹੀਂ ਹੋਇਆ।

ਸੰਗਰੂਰ ਲੋਕ ਸਭਾ ਹਲਕੇ ਤੋਂ ਮੁੱਖ ਮੰਤਰੀ ਭਗਵੰਤ ਮਾਨ ਨੇ ਦੋ ਵਾਰ ਜਿੱਤ ਪ੍ਰਾਪਤ ਕੀਤੀ ਸੀ ਪਰ ਉਨ੍ਹਾਂ ਦੇ ਮੁੱਖ ਮੰਤਰੀ ਬਣਨ ਪਿੱਛੋਂ ਹੋਈ ਚੋਣ ਵਿਚ ਜਿੱਤ ਸਿਮਰਨਜੀਤ ਸਿੰਘ ਮਾਨ ਦੀ ਹੋਈ। ਸਿਮਰਨਜੀਤ ਸਿੰਘ ਮਾਨ ਦੇ ਅਕਾਲੀ ਦਲ ਨੇ ਕਈ ਉਮੀਦਵਾਰਾਂ ਦਾ ਐਲਾਨ ਕੀਤਾ ਹੈ ਪਰ ਜੇਕਰ ਉਹ ਆਪਣੀ ਸੀਟ ਉਤੇ ਮੁੜ ਜਿੱਤ ਪ੍ਰਾਪਤ ਕਰ ਲੈਂਦੇ ਹਨ ਤਾਂ ਵੱਡੀ ਪ੍ਰਾਪਤੀ ਹੋਵੇਗੀ।

ਇਹ ਵੀ ਦੇਖਣ ਵਿਚ ਆਇਆ ਹੈ ਕਿ ਪੰਜਾਬ ਤੋਂ ਜਿਹੜੇ ਲੀਡਰ ਚੋਣ ਜਿੱਤ ਕੇ ਪਾਰਲੀਮੈਂਟ ਵਿਚ ਜਾਂਦੇ ਹਨ, ਉਨ੍ਹਾਂ ਦੀ ਕਾਰ-ਗੁਜ਼ਾਰੀ ਕੋਈ ਬਹੁਤੀ ਵਧੀਆ ਨਹੀਂ ਰਹੀ। ਕਈ ਮੈਂਬਰ ਤਾਂ ਅਜਿਹੇ ਹਨ ਕਿ ਉਹ ਸੁੱਚੇ ਮੂੰਹ ਹੀ ਪੰਜ ਸਾਲ ਪੂਰੇ ਕਰ ਲੈਂਦੇ ਹਨ। ਪੰਜਾਬ ਦੇਸ਼ ਦਾ ਵਿਸ਼ੇਸ਼ ਮਹੱਤਤਾ ਵਾਲਾ ਸਰਹੱਦੀ ਸੂਬਾ ਹੈ। ਦੇਸ਼ ਵਿਚੋਂ ਭੁੱਖਮਰੀ ਦੂਰ ਕਰਨ ਅਤੇ ਸਰਹੱਦਾਂ ਦੀ ਰਾਖੀ ਵਿਚ ਮੋਹਰਲੀ ਕਤਾਰ ਵਿਚ ਆਉਂਦਾ ਹੈ ਪਰ ਇਹ ਵੀ ਸੱਚ ਹੈ ਕਿ ਕੇਂਦਰ ਸਰਕਾਰ ਵੱਲੋਂ ਇਸ ਵੱਲ ਜਿੰਨਾ ਧਿਆਨ ਦੇਣਾ ਚਾਹੀਦਾ ਹੈ/ਸੀ, ਉਹ ਨਹੀਂ ਦਿੱਤਾ ਗਿਆ। ਪੰਜਾਬੀਆਂ ਨੇ ਆਜ਼ਾਦੀ ਸਮੇਂ ਵੰਡ ਦਾ ਸੰਤਾਪ ਭੋਗਿਆ, ਫਿਰ ਵੀ ਪੈਰ ਲਗਦਿਆਂ ਹੀ ਰਾਜ ਨੂੰ ਦੇਸ਼ ਦਾ ਸਭ ਤੋਂ ਖੁਸ਼ਹਾਲ ਸੂਬਾ ਬਣਾ ਦਿੱਤਾ। ਇਸ ਕਰ ਕੇ ਕੇਂਦਰ ਸਰਕਾਰ ਨੂੰ ਪੰਜਾਬ ਲਈ ਦੇਸ਼ ਦੇ ਦੂਜਿਆਂ ਸੂਬਿਆਂ, ਵਿਸ਼ੇਸ਼ ਕਰ ਕੇ ਹਿੰਦੀ ਬੈਲਟ ਦੇ ਸੂਬਿਆਂ ਤੋਂ ਵੱਖਰੀ ਵਿਕਾਸ ਯੋਜਨਾ ਉਲੀਕਣੀ ਚਾਹੀਦੀ ਸੀ। ਪੰਜਾਬ ਉਤੇ ਵੀ ਉਹੋ ਸਕੀਮਾਂ ਥੋਪੀਆਂ ਗਈਆਂ ਜਿਹੜੀਆਂ ਦੂਜੇ ਸੂਬਿਆਂ ਦੇ ਵਿਕਾਸ ਲਈ ਸਨ। ਇਨ੍ਹਾਂ ਦਾ ਪੰਜਾਬ ਨੂੰ ਕੋਈ ਲਾਭ ਨਹੀਂ ਹੋਇਆ ਕਿਉਂਕਿ ਪੰਜਾਬ ਤਾਂ ਉਹ ਸਭ ਕੁਝ ਪਹਿਲਾਂ ਹੀ ਕਰ ਚੁੱਕਾ ਸੀ। ਪੰਜਾਬ ਦੀ ਖੇਤੀ ਦਾ ਮਸ਼ੀਨੀਕਰਨ ਹੋ ਗਿਆ ਸੀ। ਪਿੰਡਾਂ ਦੀਆਂ ਸੜਕਾਂ, ਗਲੀਆਂ ਪੱਕੀਆਂ ਹੋ ਗਈਆਂ ਸਨ। ਪਿੰਡਾਂ ਵਿਚ ਬਿਜਲੀ ਪੁੱਜ ਗਈ ਸੀ।

ਪੀਣ ਦੇ ਪਾਣੀ ਦਾ ਪ੍ਰਬੰਧ ਸੀ। ਮੰਡੀਆਂ ਦਾ ਵੀ ਵਧੀਆ ਢਾਂਚਾ ਵਿਕਸਤ ਹੋ ਗਿਆ ਸੀ। ਸਕੂਲਾਂ ਨੂੰ ਦੁਪਹਿਰ ਦੇ ਭੋਜਨ ਦੀ ਥਾਂ ਪੂਰੇ ਅਧਿਆਪਕਾਂ ਦੀ ਲੋੜ ਸੀ। ਖੇਤੀ ਨੂੰ ਕਣਕ-ਝੋਨੇ ਦੇ ਫ਼ਸਲੀ ਚੱਕਰ ਤੋਂ ਅੱਗੇ ਰੁਝੇਵਿਆਂ ਭਰੀ ਖੇਤੀ ਵੱਲ ਲੈ ਕੇ ਜਾਣ ਦੀ ਲੋਭ ਸੀ। ਵਧੀਆ ਸਕੂਲ ਅਤੇ ਤਕਨੀਕੀ ਸਿਖਲਾਈ ਚਾਹੀਦੀ ਸੀ। ਬੇਰੁਜ਼ਗਾਰੀ ਨੂੰ ਦੂਰ ਕਰਨ ਲਈ ਖੇਤੀ ਆਧਾਰਿਤ ਸਨਅਤੀ ਵਿਕਾਸ ਦੀ ਲੋੜ ਸੀ ਪਰ ਪਾਰਲੀਮੈਂਟ ਵਿਚ ਸ਼ਾਇਦ ਹੀ ਕਿਸੇ ਮੈਂਬਰ ਨੇ ਅਜਿਹੇ ਮਸਲਿਆਂ ਬਾਰੇ ਚਰਚਾ ਕੀਤੀ ਹੋਵੇ। ਪੰਜਾਬ ਦੇ ਵਿਕਾਸ ਲਈ ਵੱਖਰੇ ਢਾਂਚੇ ਬਾਰੇ ਵਿਚਾਰ ਅਤੇ ਖਾਕਾ ਸ਼ਾਇਦ ਹੀ ਕਿਸੇ ਨੇ ਪੇਸ਼ ਕੀਤਾ ਹੋਵੇ। ਪੰਜਾਬੀਆਂ ਨੂੰ ਇਸ ਵਾਰ ਚਾਹੀਦਾ ਹੈ ਕਿ ਪਾਰਟੀ ਨੂੰ ਨਹੀਂ ਸਗੋਂ ਉਮੀਦਵਾਰ ਦੇ ਗੁਣਾਂ ਨੂੰ ਦੇਖ ਵੋਟ ਪਾਈ ਜਾਵੇ। ਉਨ੍ਹਾਂ ਇਮਾਨਦਾਰ ਅਤੇ ਸੂਝਵਾਨ ਉਮੀਦਵਾਰਾਂ ਨੂੰ ਚੁਣਿਆ ਜਾਵੇ ਜਿਨ੍ਹਾਂ ਨੂੰ ਪੰਜਾਬ ਦਾ ਦਰਦ ਹੋਵੇ, ਜਿਹੜੇ ਪੰਜਾਬ ਅਤੇ ਪੰਜਾਬੀਆਂ ਬਾਰੇ ਸੋਚਣ।

ਚੁਣੇ ਮੈਂਬਰਾਂ ਨੂੰ ਵੀ ਚਾਹੀਦਾ ਹੈ ਕਿ ਪਾਰਟੀਬਾਜ਼ੀ ਤੋਂ ਉਪਰ ਉਠ ਕੇ, ਇਕਜੁੱਟ ਹੋ ਕੇ ਪੰਜਾਬ ਦੇ ਮੁੱਦੇ ਪਾਰਲੀਮੈਂਟ ਵਿਚ ਪੇਸ਼ ਕੀਤੇ ਜਾਣ। ਦਲੀਲਾਂ ਸਹਿਤ ਪੰਜਾਬ ਦੀ ਲੋੜਾਂ ਦਾ ਵਖਿਆਨ ਕੀਤਾ ਜਾਵੇ ਤਾਂ ਜੋ ਪੰਜਾਬ ਨੂੰ ਮੁੜ ਆਪਣੇ ਪੈਰਾਂ ਉਤੇ ਖੜ੍ਹਾ ਕੀਤਾ ਜਾ ਸਕੇ। ਦੇਸ਼ ਦਾ ਪਹਿਲੇ ਨੰਬਰ ਦਾ ਸੂਬਾ ਹੁਣ ਹੇਠਾਂ ਆ ਗਿਆ ਹੈ। ਇਸ ਦੀ ਸਭ ਤੋਂ ਵਧ ਜ਼ਿੰਮੇਵਾਰੀ ਸਾਡੇ ਆਗੂਆਂ ਉਤੇ ਹੈ। ਉਨ੍ਹਾਂ ਨੂੰ ਕੇਵਲ ਆਪਣੇ ਹਿੱਤਾਂ ਬਾਰੇ ਨਹੀਂ, ਲੋਕ ਹਿਤਾਂ ਲਈ ਕੰਮ ਕਰਨਾ ਚਾਹੀਦਾ ਹੈ। ਪੰਜਾਬ ਵਿਚ ਰਿਸ਼ਵਤਖੋਰੀ, ਨਸ਼ੇ ਅਤੇ ਦਿਖਾਵਾ ਸਿਖਰ ਉਤੇ ਹਨ। ਇਨ੍ਹਾਂ ਨੂੰ ਲਗਾਮ ਇਮਾਨਦਾਰ ਲੀਡਰ ਹੀ ਪਾ ਸਕਦੇ ਹਨ। ਸੂਬੇ ਵਿਚ ਹੋ ਰਹੀਆਂ ਦਲ ਬਦਲੀਆਂ ਨੂੰ ਵੀ ਰੋਕਣ ਦੀ ਲੋੜ ਹੈ। ਲੋਕਾਂ ਨੂੰ ਦਲ ਬਦਲੂਆਂ ਨੂੰ ਸਬਕ ਸਿਖਾਉਣਾ ਚਾਹੀਦਾ ਹੈ। ਦਲ ਬਦਲੀ ਕਾਨੂੰਨ ਅਨੁਸਾਰ ਉਸ ਨੂੰ ਅਸਤੀਫ਼ਾ ਦੇਣਾ ਪੈਂਦਾ ਹੈ ਪਰ ਜ਼ਿਮਨੀ ਚੋਣ ਵਿਚ ਉਹ ਨਵੀਂ ਪਾਰਟੀ ਦੀ ਟਿਕਟ ਉਤੇ ਮੁੜ ਚੋਣ ਲੜ ਕੇ ਜਿੱਤ ਪ੍ਰਾਪਤ ਕਰ ਲੈਂਦਾ ਹੈ। ਅਜਿਹੇ ਵਰਤਾਰੇ ਉਤੇ ਰੋਕ ਲਗਣੀ ਚਾਹੀਦੀ ਹੈ। ਆਪਣੀ ਮੈਂਬਰੀ ਤੋਂ ਅਸਤੀਫਾ ਦੇਣ ਵਾਲਿਆਂ ਨੂੰ ਘੱਟੋ-ਘੱਟ ਪੰਜ ਸਾਲ ਚੋਣ ਲੜਨ ’ਤੇ ਪਾਬੰਦੀ ਲਾਈ ਜਾਵੇ।

ਪੰਜਾਬੀ ਹਿੰਮਤੀ ਅਤੇ ਮਿਹਨਤੀ ਹਨ ਪਰ ਲੀਡਰਾਂ ਮਗਰ ਲਗ ਕੇ ਉਹ ਕਿਰਤ ਤੋਂ ਦੂਰ ਹੋ ਰਹੇ ਹਨ ਅਤੇ ਦਿਖਾਵੇ ਵਿਚ ਫਸ ਰਹੇ ਹਨ। ਇਸ ਵਾਰ ਦੀਆਂ ਚੋਣਾਂ ਵਿਚ ਲੋਕਾਂ ਨੂੰ ਆਪਣੀ ਸ਼ਕਤੀ ਦਾ ਪ੍ਰਦਰਸ਼ਨ ਕਰ ਕੇ ਪੰਜਾਬ ਵਿੱਚੋਂ ਇਮਾਨਦਾਰ, ਸੂਝਵਾਨ ਅਤੇ ਸੂਬੇ ਦੇ ਹੱਕਾਂ ਦੀ ਰਾਖੀ ਲਈ ਜੂਝਣ ਵਾਲੇ ਉਮੀਦਵਾਰਾਂ ਦੀ ਚੋਣ ਕਰਨੀ ਚਾਹੀਦੀ ਹੈ।

ਖਾਲਸਾ ਜੀ ਦੇ ਪ੍ਰਕਾਸ਼ ਦਿਹਾੜੇ ਅਤੇ
ਵਿਸਾਖੀ ਦੀਆਂ ਸਮੂਹ ਗੁਰੂ ਪਿਆਰੀ ਸਾਧ ਸੰਗਤ ਜੀ ਨੂੰ
ਲੱਖ-ਲੱਖ ਵਧਾਈਆਂ



ਸੁਖਰਾਜ ਸਿੰਘ ਪੰਮਾ
ਅਟਾਰਨੀ



ਗੁਰਨਾਮ ਸਿੰਘ ਪੰਮਾ
530-682-6444

## ਕੁੰਵਰ ਵਿਜੈ ਪ੍ਰਤਾਪ ਨੇ ਬੇਅਦਬੀ ਕੇਸਾਂ ’ਚ ਆਪਣੀ ਸਰਕਾਰ ਨੂੰ ਹੀ ਘੇਰਿਆ



ਅੰਮ੍ਰਿਤਸਰ- ਆਮ ਆਦਮੀ ਪਾਰਟੀ ਦੇ ਵਿਧਾਇਕ ਕੁੰਵਰ ਵਿਜੈ ਪ੍ਰਤਾਪ ਸਿੰਘ ਨੇ ਆਪਣੀ ਹੀ ਸਰਕਾਰ ਨੂੰ ਯਾਦ ਕਰਾਇਆ ਕਿ ਬਰਗਾੜੀ ਅਤੇ ਕੋਟਕਪੂਰਾ ਮਾਮਲਿਆਂ ਵਿੱਚ ਕੋਈ ਪ੍ਰਗਤੀ ਨਹੀਂ ਹੋਈ ਹੈ ਜਿਸ ਨੂੰ ਲੈ ਕੇ ਉਨ੍ਹਾਂ ਤਿੰਨ ਸਾਲ ਪਹਿਲਾਂ ਪੁਲੀਸ ਦੀ ਨੌਕਰੀ ਤੋਂ ਅਸਤੀਫ਼ਾ ਦਿੱਤਾ ਸੀ। ਉਨ੍ਹਾਂ ਇਹ ਪ੍ਰਗਟਾਵਾ ਆਪਣੇ ਸੋਸ਼ਲ ਮੀਡੀਆ ਅਕਾਊਂਟ ’ਤੇ ਕੀਤਾ ਹੈ।ਉਨ੍ਹਾਂ ਕਿਹਾ ਕਿ ਤਿੰਨ ਸਾਲ ਪਹਿਲਾਂ 9 ਅਪਰੈਲ 2021 ਵਿੱਚ ਉਨ੍ਹਾਂ ਨੇ ਆਪਣੀ ਪੁਲੀਸ ਦੀ ਨੌਕਰੀ ਤੋਂ ਅਸਤੀਫ਼ਾ ਦਿੱਤਾ ਸੀ। ਉਹ ਚਾਹੁੰਦੇ ਸਨ ਕਿ ਬਰਗਾੜੀ ਅਤੇ ਕੋਟਕਪੂਰਾ ਮਾਮਲਿਆਂ ਦੀ ਜਾਂਚ ਹੋਵੇ ਅਤੇ ਦੋਸ਼ੀਆਂ ਨੂੰ ਸਜ਼ਾ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਉਹ ਇਸੇ ਉਮੀਦ ਨਾਲ ਨੌਕਰੀ ਛੱਡ ਕੇ ਸਿਆਸਤ ਵਿੱਚ ਆਏ ਸਨ ਪਰ ਇਹ ਮਾਮਲਾ ਅੱਜ ਵੀ ਜਿਉਂ ਦਾ ਤਿਉਂ ਖੜ੍ਹਾ ਹੈ। ਉਨ੍ਹਾਂ ਉਮੀਦ ਪ੍ਰਗਟਾਈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਅਦਾਲਤ ਵਿੱਚ ਇਸ ਮਾਮਲੇ ਦਾ ਜ਼ਰੂਰ ਫ਼ੈਸਲਾ ਹੋਵੇਗਾ। ਉਨ੍ਹਾਂ ਸਪਸ਼ਟ ਕੀਤਾ ਕਿ ਉਨ੍ਹਾਂ ਦਾ ਸਟੈਂਡ ਪਹਿਲਾਂ ਵਾਲਾ ਹੈ ਅਤੇ ਉਹ ਆਪਣੇ ਫ਼ੈਸਲੇ ’ਤੇ ਪੂਰੀ ਤਰ੍ਹਾਂ ਦ੍ਰਿੜ੍ਹ ਹਨ।


ਇਸ ਪੋਸਟ ਦੇ ਨਾਲ ਹੀ ਭਗਵੰਤ ਮਾਨ ਦੀ ਇੱਕ ਪ੍ਰੈੱਸ ਕਾਨਫਰੰਸ ਦੀ ਕਲਿੱਪ ਵੀ ਸਾਂਝੀ ਕੀਤੀ ਜਿਸ ਵਿੱਚ ਉਹ ‘ਆਪ’ ਦੇ ਸੱਤਾ ਵਿੱਚ ਆਉਣ ਤੋਂ ਬਾਅਦ ਇਸ ਮਾਮਲੇ ’ਤੇ ਕਾਰਵਾਈ ਕਰਨ ਦਾ ਭਰੋਸਾ ਦੇ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਸੰਬੰਧ ਵਿੱਚ ਮੇਰੀ ਲੜਾਈ ਜਾਰੀ ਰਹੇਗੀ ਅਤੇ ਉਹ ਹਰ ਤਰ੍ਹਾਂ ਦੇ ਕਸ਼ਟ ਝੱਲਣ ਵਾਸਤੇ ਤਿਆਰ ਹਨ।

## ਅੰਮ੍ਰਿਤਪਾਲ ਸਿੰਘ ਦੀ ਮਾਂ ਨੂੰ ਪੁਲਿਸ ਨੇ ਕੀਤਾ ਗ੍ਰਿਫ਼ਤਾਰ

ਅੰਮ੍ਰਿਤਸਰ- ਖ਼ਾਲਿਸਤਾਨ ਸਮਰਥਕ ਅੰਮ੍ਰਿਤਪਾਲ ਸਿੰਘ ਦੀ ਮਾਂ ਨੂੰ ਐਤਵਾਰ ਨੂੰ ਗ੍ਰਿਫਤਾਰ ਕਰ ਲਿਆ ਗਿਆ। ਖਾਲਿ-ਸਤਾਨ ਸਮਰਥਕ ਤੇ ਕੱਟੜਪੰਥੀ ਸਿੱਖ ਪ੍ਰਚਾਰਕ ਅੰਮ੍ਰਿਤਪਾਲ ਸਿੰਘ ਨੂੰ ਆਸਾਮ ਦੀ ਡਿਬਰੂਗੜ੍ਹ ਜੇਲ੍ਹ ਤੋਂ ਪੰਜਾਬ ਦੀ ਜੇਲ੍ਹ 'ਚ ਤਬਦੀਲ ਕਰਨ ਦੀ ਮੰਗ ਨੂੰ ਲੈ ਕੇ ਕੀਤੇ ਗਏ ਮਾਰਚ ਤੋਂ ਇਕ ਦਿਨ ਪਹਿਲਾਂ ਐਤਵਾਰ ਨੂੰ ਗ੍ਰਿਫਤਾਰ ਕੀਤਾ ਗਿਆ। ‘ਵਾਰਿਸ ਪੰਜਾਬ ਦੇ’ ਸੰਸਥਾ ਦੇ ਮੁਖੀ ਅੰਮ੍ਰਿਤਪਾਲ ਨੂੰ ਪਿਛਲੇ ਸਾਲ ਅਪ੍ਰੈਲ 'ਚ ਗ੍ਰਿਫ਼ਤਾਰ ਕੀਤਾ ਗਿਆ ਸੀ ਤੇ ਉਸ ਖ਼ਿਲਾਫ਼ ਸਖ਼ਤ ਰਾਸ਼ਟਰੀ ਸੁਰੱਖਿਆ ਕਾਨੂੰਨ ਲਾਗੂ ਕੀਤਾ ਗਿਆ ਸੀ। ਉਹ ਤੇ ਉਸਦੇ ਨੌਂ ਸਾਥੀ ਇਸ ਸਮੇਂ ਅਸਾਮ ਦੀ ਡਿਬਰੂਗੜ੍ਹ ਜੇਲ੍ਹ 'ਚ ਬੰਦ ਹਨ। ਪੰਜਾਬ ਪੁਲਿਸ ਦੇ ਡਿਪਟੀ ਕਮਿਸ਼ਨਰ ਆਲਮ ਵਿਜੇ ਸਿੰਘ ਨੇ ਐਤਵਾਰ ਨੂੰ ਦੱਸਿਆ ਕਿ ਅੰਮ੍ਰਿਤਪਾਲ ਦੀ ਮਾਂ ਬਲਵਿੰਦਰ ਕੌਰ ਨੂੰ ਨਿਆਂਇਕ ਹਿਰਾਸਤ ਵਿੱਚ ਭੇਜ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਇਹਤਿਆਤੀ ਗ੍ਰਿਫਤਾਰੀ ਸੀ ਪਰ ਹੋਰ ਵੇਰਵੇ ਦੇਣ ਤੋਂ ਇਨਕਾਰ ਕਰ ਦਿੱਤਾ। ਪੁਲਿਸ ਨੇ ਦੱਸਿਆ ਕਿ ਅੰਮ੍ਰਿਤਪਾਲ ਦੇ ਚਾਚਾ ਸੁਖ-ਚੈਨ ਸਿੰਘ ਤੇ ਤਿੰਨ ਹੋਰਾਂ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਇਹ ਘਟਨਾ ‘ਚੇਤਨਾ ਮਾਰਚ’ ਕੱਢਣ ਤੋਂ ਇਕ ਦਿਨ ਪਹਿਲਾਂ ਹੋਈ ਹੈ। ਅੰਮ੍ਰਿਤਪਾਲ ਤੇ ਨੌਂ ਹੋਰਾਂ ਨੂੰ ਆਸਾਮ ਦੀ ਜੇਲ੍ਹ 'ਚੋਂ ਪੰਜਾਬ ਤਬਦੀਲ ਕਰਨ ਦੀ ਮੰਗ ਨੂੰ ਲੈ ਕੇ 8 ਅਪ੍ਰੈਲ ਨੂੰ ਤਖ਼ਤ ਸ੍ਰੀ ਦਮਦਮਾ ਸਾਹਿਬ ਬਠਿੰਡਾ ਤੋਂ ਮਾਰਚ ਕੱਢਿਆ ਜਾਣਾ ਸੀ। ਕੌਰ ਤੇ ਹੋਰ ਕੈਦੀਆਂ ਦੇ ਪਰਿਵਾਰਕ ਮੈਂਬਰ 22 ਫਰਵਰੀ ਤੋਂ ਅੰਮ੍ਰਿਤਸਰ ਦੇ ਹਰਿਮੰਦਰ ਸਾਹਿਬ ਨੇੜੇ ਭੁੱਖ ਹੜਤਾਲ 'ਤੇ ਹਨ। ਇਸ ਤੋਂ ਪਹਿਲਾਂ ਉਨ੍ਹਾਂ ਕਿਹਾ ਸੀ ਕਿ ਜਦੋਂ ਤਕ ਅੰਮ੍ਰਿਤਪਾਲ ਤੇ ਹੋਰ ਕੈਦੀਆਂ ਨੂੰ ਪੰਜਾਬ ਦੀ ਜੇਲ੍ਹ 'ਚ ਨਹੀਂ ਲਿਆਂਦਾ ਜਾਂਦਾ, ਉਦੋਂ ਤਕ ਉਹ ਭੁੱਖ ਹੜਤਾਲ ਜਾਰੀ ਰੱਖੇਗੀ। ਸ਼੍ਰੋਮਣੀ ਅਕਾਲੀ ਦਲ (ਅਕਾਲੀ ਦਲ) ਨੇ ਪੁਲਿਸ ਕਾਰਵਾਈ ਲਈ ਆਮ ਆਦਮੀ ਪਾਰਟੀ ਸਰਕਾਰ ਦੀ ਨਿੰਦਾ ਕੀਤੀ ਹੈ। ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਪਰਮਬੰਸ ਸਿੰਘ ਰੋਮਾਣਾ ਨੇ ਕਿਹਾ ਕਿ ਅੰਮ੍ਰਿਤਪਾਲ ਸਿੰਘ ਦੀ ਮਾਤਾ ਸਮੇਤ ਮਾਰਚ ਦੇ ਵੱਖ-ਵੱਖ ਪ੍ਰਬੰਧਕਾਂ ਨੂੰ ਹਿਰਾਸਤ ਵਿਚ ਲਿਆ ਗਿਆ ਹੈ, ਜੋ ਕਿ ਨਿੰਦਣਯੋਗ ਹੈ।

# ਬਾਇਡਨ ਤੇ ਟਰੰਪ ਨੇ ਚਾਰ ਹੋਰ ਸੂਬਿਆਂ ’ਚ ਪ੍ਰਾਇਮਰੀ ਚੋਣਾਂ ਜਿੱਤੀਆਂ

**ਵਾਸ਼ਿੰਗਟਨ (ਅਮਰੀਕਾ)–** ਅਮਰੀਕਾ ਵਿੱਚ ਰਾਸ਼ਟਰਪਤੀ ਅਹੁਦੇ ਦੀ ਚੋਣ ਪ੍ਰਕਿਰਿਆ ਤਹਿਤ ਰੋਡ ਆਈਲੈਂਡ, ਕੁਨੈਕਟੀਕਟ, ਨਿਊਯਾਰਕ ਅਤੇ ਵਿਸਕੌਨਸਿਨ ਵਿੱਚ ਮੰਗਲਵਾਰ ਨੂੰ ਹੋਈਆਂ ਪ੍ਰਾਇਮਰੀ ਚੋਣਾਂ ਵਿੱਚ ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਅਤੇ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਨੇ ਆਸਾਨੀ ਨਾਲ ਜਿੱਤ ਹਾਸਲ ਕਰ ਲਈ। ਰਾਸ਼ਟਰਪਤੀ ਦੀਆਂ ਚੋਣਾਂ ਵਿੱਚ ਬਾਇਡਨ (81) ਦਾ ਡੈਮੋਕਰੈਟਿਕ ਪਾਰਟੀ ਅਤੇ ਟਰੰਪ (77) ਦਾ ਰਿਪਬਲੀਕਨ ਪਾਰਟੀ ਦਾ ਉਮੀਦਵਾਰ ਬਣਨਾ ਲਗਪਗ ਤੈਅ ਹੈ। ਇਸ ਵਾਰ ਵੀ ਰਾਸ਼ਟਰਪਤੀ ਚੋਣਾਂ ਵਿੱਚ 2020 ਵਾਂਗ ਟਰੰਪ ਅਤੇ ਬਾਇਡਨ ਦੇ ਆਹਮੋ-ਸਾਹਮਣੇ ਹੋਣ ਦੀ ਸੰਭਾਵਨਾ ਹੈ।



ਬਾਇਡਨ ਅਤੇ ਟਰੰਪ ਦੀ ਜਿੱਤ ਦੇ ਨਾਲ ਹੀ ਉਨ੍ਹਾਂ ਨੂੰ ਮਿਲੇ ਡੈਲੀਗੇਟਾਂ ਦੀ ਗਿਣਤੀ ਵਿੱਚ ਵਾਧਾ ਹੋ ਗਿਆ ਹੈ। ਰਾਸ਼ਟਰਪਤੀ ਦੇ ਅਹੁਦੇ ਲਈ ਦੋਹਾਂ ਪਾਰਟੀਆਂ ਦੇ ਉਮੀਦਵਾਰ ਚੁਣਨ ਲਈ ਹੋਈਆਂ ਚੋਣਾਂ ਵਿੱਚ ਚਾਰੋਂ ਸੂਬਿਆਂ ਵਿੱਚ ਕਈ ਦਾਅਵੇਦਾਰਾਂ ਦੇ ਨਾਮ ਬੈਲੇਟ ਪੇਪਰਾਂ ਵਿੱਚ ਸਨ ਪਰ ਟਰੰਪ ਅਤੇ ਬਾਇਡਨ ਨੂੰ ਕਿਸੇ ਵੱਡੀ ਚੁਣੌਤੀ ਦਾ ਸਾਹਮਣਾ ਨਹੀਂ ਕਰਨਾ ਪਿਆ। ਮੰਗਲਵਾਰ ਨੂੰ ਹੋਈਆਂ ਪ੍ਰਾਇਮਰੀ ਚੋਣਾਂ ਵਿੱਚ ਟਰੰਪ ਨੂੰ 75 ਫੀਸਦ ਤੋਂ ਜ਼ਿਆਦਾ ਵੋਟਾਂ ਮਿਲੀਆਂ, ਜਦਕਿ ਬਾਇਡਨ ਨੂੰ 80 ਫ਼ੀਸਦ ਤੋਂ ਵੱਧ ਵੋਟਾਂ ਹਾਸਲ ਹੋਈਆਂ। ਇਸ ਦੇ ਨਾਲ ਹੀ ਟਰੰਪ ਕੋਲ ਹੁਣ 1860 ਡੈਲੀਗੇਟਾਂ ਦਾ ਸਮਰਥਨ ਹੈ। ਬਾਇਡਨ ਨੇ ਹੁਣ ਤੱਕ 3030 ਡੈਲੀਗੇਟਾਂ ਦਾ ਸਮਰਥਨ ਹਾਸਲ ਕਰ ਲਿਆ ਹੈ ਜਦਕਿ ਪਾਰਟੀ ਉਮੀਦਵਾਰ ਬਣਨ ਵਾਸਤੇ 1968 ਡੈਲੀਗੇਟਾਂ ਦੀ ਲੋੜ ਹੁੰਦੀ ਹੈ।

ਬਾਇਡਨ ਨੂੰ ਚੋਣਾਂ ਦੌਰਾਨ ਕੁਝ ਵਰਕਰਾਂ ਦੇ ਵਿਰੋਧ ਦਾ ਸਾਹਮਣਾ ਵੀ ਕਰਨਾ ਪਿਆ ਅਤੇ ਉਨ੍ਹਾਂ ਨੇ ਡੈਮੋਕਰੈਟਿਕ ਪਾਰਟੀ ਦੇ ਮੈਂਬਰਾਂ ਨੂੰ ਰਾਸ਼ਟਰਪਤੀ ਖ਼ਿਲਾਫ਼ ਵੋਟ ਪਾਉਣ ਲਈ ਕਿਹਾ ਤਾਂ ਜੋ ਇਜ਼ਰਾਈਲ ਅਤੇ ਹਮਾਸ ਵਿਚਾਲੇ ਜੰਗ ਤੋਂ ਨਿਪਟਣ ਦੇ ਉਨ੍ਹਾਂ ਦੇ ਤਰੀਕੇ ਨੂੰ ਲੈ ਕੇ ਅਸਹਿਮਤੀ ਜਤਾਈ ਜਾ ਸਕੇ।

### ਟਰੰਪ ਨੇ ਪਰਵਾਸੀਆਂ ‘ਤੇ ਕੱਢਿਆ ਗੁੱਸਾ

ਮਿਸ਼ੀਗਨ ਵਿੱਚ ਚੋਣ ਪ੍ਰਚਾਰ ਦੌਰਾਨ ਭਾਸ਼ਣ ਦਿੰਦਿਆਂ ਰਿਪਬਲੀਕਨ ਪਾਰਟੀ ਦੇ ਆਗੂ ਅਤੇ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਨੇ ਅਮਰੀਕਾ ਵਿੱਚ ਗੈਰ-ਕਾਨੂੰਨੀ ਤੌਰ ’ਤੇ ਰਹਿੰਦੇ ਪਰਵਾਸੀਆਂ ’ਤੇ ਵਰ੍ਹਦਿਆਂ ਕਿਹਾ ਕਿ ਇਹ ਪਰਵਾਸੀ ‘ਇਨਸਾਨ’ ਨਹੀਂ ਸਗੋਂ ‘ਪਸ਼ੂ’ ਹਨ। ਰਿਪਬਲੀਕਨ ਪਾਰਟੀ ਵੱਲੋਂ ਰਾਸ਼ਟਰਪਤੀ ਦੇ ਉਮੀਦਵਾਰ ਟਰੰਪ ਨੇ ਚਿਤਾਵਨੀ ਦਿੱਤੀ ਕਿ ਜੇਕਰ 5 ਨਵੰਬਰ ਨੂੰ ਹੋਣ ਵਾਲੀਆਂ ਚੋਣਾਂ ਵਿੱਚ ਉਹ ਨਾ ਜਿੱਤੇ ਤਾਂ ਗੈਰ-ਕਾਨੂੰਨੀ ਪਰਵਾਸੀਆਂ ਕਾਰਨ ਹੁੰਦੀ ਹਿੰਸਾ ਅਮਰੀਕਾ ਨੂੰ ਨਿਗਲ ਜਾਵੇਗੀ। ਉਪਰੰਤ ਵਿਸਕੌਨਸਿਨ ਦੇ ਗਰੀਨ ਬੇਅ ਵਿੱਚ ਇਕ ਹੋਰ ਭਾਸ਼ਣ ਦੌਰਾਨ ਉਨ੍ਹਾਂ 2024 ਦੀਆਂ ਚੋਣਾਂ ਨੂੰ ਦੇਸ਼ ਦੀ ਆਖ਼ਰੀ ਲੜਾਈ ਕਰਾਰ ਦਿੱਤਾ।

# ਅੰਦਰੋਂ ਖਾਲੀ ਹੁੰਦੀ ਜਾ ਰਹੀ ਹੈ ਕਾਂਗਰਸ, ਸਾਰੇ ਮੁਲਕ ਵਿਚ ਦਲਬਦਲੀ ਦਾ ਰੁਝਾਨ ਭਾਰੂ

ਪੰਜਾਬ ਵਿਚ ਪਹਿਲੀ ਵਾਰ ਚਾਰ ਪਾਰਟੀਆਂ ਆਹਮੋ-ਸਾਹਮਣੇ ਹਨ। ਚਾਰ ਪਾਰਟੀਆਂ ਦੇ ਚੋਣ ਮੈਦਾਨ ਵਿਚ ਹੋਣ ਕਾਰਨ ਕਾਂਗਰਸ ਨੂੰ ਛੱਡ ਦਿੱਤਾ ਜਾਵੇ ਤਾਂ ਸਾਰੀਆਂ ਪਾਰਟੀਆਂ ਨੂੰ ਉਮੀਦਵਾਰਾਂ ਦੀ ਕਮੀ ਨਾਲ ਜੂਝਣਾ ਪੈ ਰਿਹਾ ਹੈ। ਅਜਿਹੇ ’ਚ ਕਾਂਗਰਸ ਸਾਰੀਆਂ ਪਾਰਟੀਆਂ ਲਈ ‘ਲੀਡਰਾਂ ਦੀ ਫੈਕਟਰੀ’ ਬਣ ਗਈ ਹੈ। ਹਾਲਾਂਕਿ ਕਾਂਗਰਸ ਦੇ ਲੀਡਰਾਂ ਦਾ ਸਭ ਤੋਂ ਵੱਧ ਪ੍ਰਭਾਵ ਭਾਰਤੀ ਜਨਤਾ ਪਾਰਟੀ ਅਤੇ ਆਮ ਆਦਮੀ ਪਾਰਟੀ ’ਤੇ ਵੱਧ ਦਿਖਾਈ ਦੇ ਰਿਹਾ ਹੈ। ਪਿਛਲੇ ਤਿੰਨ ਸਾਲਾਂ ਵਿਚ ਕਾਂਗਰਸ ਤੋਂ ਟੁੱਟ ਕੇ ਦੂਸਰੀਆਂ ਪਾਰਟੀਆਂ ਵਿਚ ਜਾਣ ਵਾਲਿਆਂ ਦੀ ਗਿਣਤੀ ਦੋ ਦਰਜਨ ਤੋਂ ਵੀ ਵੱਧ ਦੀ ਹੋ ਗਈ ਹੈ। ਉਥੇ ਕਾਂਗਰਸ ਤੋਂ ਜਾਣ ਵਾਲੇ ਨੇਤਾ ਦੂਸਰੀਆਂ ਪਾਰਟੀਆਂ ਲਈ ਸੰਜੀਵਨੀ ਦਾ ਵੀ ਕੰਮ ਕਰ ਰਹੇ ਹਨ।

ਲੋਕ ਸਭਾ ਚੋਣਾਂ ਦੀ ਹੀ ਗੱਲ ਕਰੀਏ ਤਾਂ ਹੁਸ਼ਿਆਰਪੁਰ ਅਤੇ ਫਤਹਿਗੜ੍ਹ ਸਾਹਿਬ ’ਚ ਆਮ ਆਦਮੀ ਪਾਰਟੀ ਨੇ ਕਾਂਗਰਸ ਤੋਂ ਆਏ ਡਾ। ਰਾਜਕੁਮਾਰ ਚੱਬੇਵਾਲ ਅਤੇ ਗੁਰਪ੍ਰੀਤ ਜੀਪੀ ਨੂੰ ਉਮੀਦਵਾਰ ਬਣਾਇਆ ਜਦਕਿ ਕਾਂਗਰਸ ਤੋਂ ਆਏ ਸੁਸ਼ੀਲ ਰਿੰਕੂ ਆਪ ਦੇ ਹੱਥੀਂ ਨਿਕਲ ਗਏ ਅਤੇ ਭਾਜਪਾ ਵਿਚ ਸ਼ਾਮਲ ਹੋ ਗਏ। ਭਾਜਪਾ ਨੇ ਉਨ੍ਹਾਂ ਨੂੰ ਟਿਕਟ ਦੇ ਦਿੱਤੀ। ਭਾਜਪਾ ਕੋਲ ਇਸ ਸੀਟ ’ਤੇ ਮਜ਼ਬੂਤ ਉਮੀਦਵਾਰ ਦੀ ਕਮੀ ਸੀ।

ਇਸੇ ਤਰ੍ਹਾਂ ਲੁਧਿਆਣਾ ’ਚ ਰਵਨੀਤ ਬਿੱਟੂ ਕਾਂਗਰਸ ਤੋਂ ਟੁੱਟ ਕੇ ਭਾਜਪਾ ’ਚ ਆ ਗਏ। ਪਾਰਟੀ ਨੇ ਉਨ੍ਹਾਂ ਨੂੰ ਉਮੀਦਵਾਰ ਐਲਾਨ ਦਿੱਤਾ। ਹਾਲਾਂਕਿ ਪਟਿਆਲਾ ਤੋਂ ਪਰਨੀਤ ਕੌਰ ਦੀ ਸਥਿਤੀ ਕੁਝ ਅਲੱਗ ਰਹੀ। ਉਹ ਕਾਂਗਰਸ ਤੋਂ ਮੁਅੱਤਲ ਸੀ ਅਤੇ ਉਨ੍ਹਾਂ ਦਾ ਭਾਜਪਾ ਵਿਚ ਜਾਣਾ ਤੈਅ ਸੀ ਪਰ ਇਸ ਸੀਟ ’ਤੇ ਭਾਜਪਾ ਨੂੰ ਬੈਠੇ-ਬਿਠਾਏ ਇਕ ਵੱਡਾ ਨੇਤਾ ਮਿਲ ਗਿਆ।

ਹੁਣ ਭਾਜਪਾ ਦੀ ਨਜ਼ਰ ਫਤਹਿਗੜ੍ਹ ਸਾਹਿਬ ਅਤੇ ਖਡੂਰ ਸਾਹਿਬ ’ਤੇ ਟਿਕੀ ਹੋਈ ਹੈ। ਕਾਂਗਰਸ ਤੋਂ ਟੁੱਟ ਕੇ ਜਾਣ ਦਾ ਰੁਝਾਨ 2022 ’ਚ ਹੀ ਸ਼ੁਰੂ ਹੋ ਗਿਆ ਸੀ ਜੋ ਕਿ ਹਾਲੇ ਤੱਕ ਜਾਰੀ ਹੈ। ਸਾਬਕਾ ਮੰਤਰੀ ਰਾਣਾ ਗੁਰਮੀਤ ਸਿੰਘ ਸੋਢੀ, ਕਾਂਗਰਸ ਵਿਧਾਇਕ ਦਲ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਦੇ ਛੋਟੇ ਭਰਾ ਤੇ ਸਾਬਕਾ ਵਿਧਾਇਕ ਫਤਹਿਜੰਗ ਬਾਜਵਾ, ਕੇਵਲ ਢਿੱਲੋਂ ਵਰਗੇ ਨੇਤਾ ਪਹਿਲਾਂ ਭਾਜਪਾ ਵਿਚ ਗਏ। ਉਸ ਉਪਰੰਤ ਸੁਨੀਲ ਜਾਖੜ ਅਤੇ ਦੋ ਵਾਰ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਰਗੇ ਨੇਤਾ ਭਾਜਪਾ ਵਿਚ ਸ਼ਾਮਲ ਹੋ ਗਏ।

ਲੋਕ ਸਭਾ ਹੀ ਨਹੀਂ ਬਲਕਿ ਵਿਧਾਨ ਸਭਾ ’ਚ ਕਾਂਗਰਸ ਤੋਂ ਜਾਣ ਵਾਲੇ ਨੇਤਾਵਾਂ ਦੀ ਗਿਣਤੀ ਕਾਫੀ ਵੱਧ ਹੈ। ‘ਆਪ’ ਸਰਕਾਰ ’ਚ ਕੈਬਨਿਟ ਮੰਤਰੀ ਅਮਨ ਅਰੋੜਾ, ਗੁਰਮੀਤ ਸਿੰਘ ਖੁੱਡੀਆਂ ਵੀ ਕਦੇ ਕਾਂਗਰਸ ਵਿਚ ਹੀ ਹੋਇਆ ਕਰਦੇ ਸਨ। ਕਾਂਗਰਸ ਦੇ ਸਾਬਕਾ ਮੁੱਖ ਮੰਤਰੀ ਮਰਹੂਮ ਪ੍ਰਤਾਪ ਸਿੰਘ ਕੈਰੋਂ ਦੇ ਪੁੱਤਰ ਆਦੇਸ਼ ਪ੍ਰਤਾਪ ਸਿੰਘ ਕੈਰੋਂ ਨੇ ਵੀ ਆਪਣਾ ਸਿਆਸੀ ਕਰੀਅਰ ਸ਼੍ਰੋਮਣੀ ਅਕਾਲੀ ਦਲ ’ਚ ਆ ਕੇ ਸੰਵਾਰਿਆ। ਪੰਜਾਬ ਵਿਚ ਕਾਂਗਰਸ ਲੀਡਰਾਂ ਨੂੰ ਤਿਆਰ ਕਰਨ ਵਾਲੀ ਫੈਕਟਰੀ ਹੈ।

ਦਲਿਤ ਸਿਆਸਤ ਦੀ ਮਾਂ ਪਾਰਟੀ ਹੈ ਬਸਪਾ। ਪੰਜਾਬ ਵਿਚ ਆਬਾਦੀ ਦੇ ਅਨੁਪਾਤ ਵਿਚ ਦਲਿਤ ਆਬਾਦੀ ਲਗਪਗ 34 ਫੀਸਦੀ ਹੈ। ਦਲਿਤ ਸਿਆਸਤ ਵਿਚ ਬਹੁਜਨ ਸਮਾਜ ਪਾਰਟੀ ਸਭ ਦੀ ਮਾਂ ਪਾਰਟੀ ਹੈ। ਵਿੱਤ ਮੰਤਰੀ ਹਰਪਾਲ ਚੀਮਾ ਹੋਣ ਜਾਂ ਸ਼੍ਰੋਮਣੀ ਅਕਾਲੀ ਦਲ ਦੇ ਵਿਧਾਇਕ ਡਾ। ਸੁਖਵਿੰਦਰ ਸੁੱਖੀ, ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਵਿਧਾਇਕ ਪਵਨ ਟੀਨੂੰ ਹੋਣ ਜਾਂ ਆਦਮਪੁਰ ਤੋਂ ਕਾਂਗਰਸ ਦੇ ਵਿਧਾਇਕ ਸੁਖਵਿੰਦਰ ਕੋਟਲੀ, ਸਾਰੇ ਕਦੇ ਨਾ ਕਦੇ ਬਹੁਜਨ ਸਮਾਜ ਪਾਰਟੀ ਨਾਲ ਜੁੜੇ ਰਹੇ ਹਨ। ਬਸਪਾ ਤੋਂ ਰਾਜਨੀਤੀ ਦਾ ਗੁਰ ਸਿੱਖ ਕੇ ਹੁਣ ਇਹ ਅਲੱਗ-ਅਲੱਗ ਪਾਰਟੀਆਂ ਦੀ ਪ੍ਰਤੀਨਿਧਤਾ ਕਰ ਰਹੇ ਹਨ।

# ਚੀਨ 'ਚ ਤਣਾਅ ਵਧੇਗਾ, ਔਕਸ 'ਚ ਸ਼ਾਮਲ ਹੋ ਸਕਦਾ ਹੈ ਜਾਪਾਨ

**ਲੰਡਨ–** ਚੀਨ ਨੂੰ ਰੋਕਣ ਲਈ ਅਮਰੀਕਾ, ਬ੍ਰਿਟੇਨ ਅਤੇ ਆਸਟ੍ਰੇਲੀਆ ਆਕਸ (AUKUS) ਸੁਰੱਖਿਆ ਸਮਝੌਤੇ ਵਿਚ ਨਵੇਂ ਮੈਂਬਰਾਂ ਨੂੰ ਸ਼ਾਮਲ ਕਰਨ 'ਤੇ ਗੱਲਬਾਤ ਸ਼ੁਰੂ ਕਰਨ ਲਈ ਤਿਆਰ ਹਨ। ਵਾਸ਼ਿੰਗਟਨ ਇਸ 'ਚ ਜਾਪਾਨ ਨੂੰ ਸ਼ਾਮਲ ਕਰਨ 'ਤੇ ਜ਼ੋਰ ਦੇ ਰਿਹਾ ਹੈ। ਇਨ੍ਹਾਂ ਦੇਸ਼ਾਂ ਦੇ ਰੱਖਿਆ ਮੰਤਰੀ ਸੋਮਵਾਰ ਨੂੰ ਸਮਝੌਤੇ ਦੇ ਦੋ ਥੰਮਾਂ 'ਤੇ ਚਰਚਾ ਦਾ ਐਲਾਨ ਕਰਨਗੇ। ਇਹ ਮੈਂਬਰਾਂ ਨੂੰ ਕੁਆਂਟਮ ਕੰਪਿਊਟਿੰਗ, ਹਾਈਪਰਸੋਨਿਕਸ, ਏਆਈ ਅਤੇ ਸਾਈਬਰ ਤਕਨਾਲੋਜੀਆਂ ਨੂੰ ਸਾਂਝੇ ਤੌਰ 'ਤੇ ਵਿਕਸਤ ਕਰਨ ਲਈ ਵਚਨਬੱਧ ਕਰਦਾ ਹੈ।

ਇਨ੍ਹਾਂ ਦੇਸ਼ਾਂ ਦੇ ਰੱਖਿਆ ਮੰਤਰੀ ਸੋਮਵਾਰ ਨੂੰ



ਸਮਝੌਤੇ ਦੇ ਦੋ ਥੰਮਾਂ 'ਤੇ ਚਰਚਾ ਦਾ ਐਲਾਨ ਕਰਨਗੇ। ਇਹ ਮੈਂਬਰਾਂ ਨੂੰ ਕੁਆਂਟਮ ਕੰਪਿਊਟਿੰਗ, ਹਾਈਪਰਸੋਨਿਕਸ, ਏਆਈ ਅਤੇ ਸਾਈਬਰ ਤਕਨਾਲੋਜੀਆਂ ਨੂੰ ਸਾਂਝੇ ਤੌਰ 'ਤੇ ਵਿਕਸਤ ਕਰਨ ਲਈ ਵਚਨਬੱਧ ਕਰਦਾ ਹੈ।

### ਚੀਨ ਦੇ ਖਿਲਾਫ ਮਹੱਤਵਪੂਰਨ ਕੋਸ਼ਿਸ਼ਾਂ

ਉਹ ਪਹਿਲੇ ਕਾਲਮ ਦਾ ਵਿਸਤਾਰ ਕਰਨ 'ਤੇ ਵਿਚਾਰ ਨਹੀਂ ਕਰ ਰਹੇ ਹਨ, ਜੋ ਕਿ ਪ੍ਰਮਾਣੂ ਸ਼ਕਤੀ ਨਾਲ ਚੱਲਣ ਵਾਲੀਆਂ ਹਮਲਾਵਰ ਪਣਡੁੱਬੀਆਂ ਨੂੰ ਆਸਟ੍ਰੇਲੀਆ ਤੱਕ ਪਹੁੰਚਾਉਣ ਲਈ ਤਿਆਰ ਕੀਤਾ ਗਿਆ ਹੈ। 2021 ਵਿੱਚ ਤਿੰਨ ਦੇਸ਼ਾਂ ਦੁਆਰਾ ਬਣਾਈ ਗਈ ਏਏਕੇਐਸ, ਇੰਡੋ-ਪੈਸੀਫਿਕ ਖੇਤਰ ਵਿੱਚ ਚੀਨ ਦੀ ਵਧਦੀ ਸ਼ਕਤੀ ਦੇ ਵਿਰੁੱਧ ਇੱਕ ਮਹੱਤਵਪੂਰਨ ਕੋਸ਼ਿਸ਼ ਦਾ ਹਿੱਸਾ ਹੈ। ਚੀਨ ਨੇ ਸਮਝੌਤੇ ਨੂੰ ਖ਼ਤਰਨਾਕ ਦੱਸਿਆ ਹੈ ਅਤੇ ਚਿਤਾਵਨੀ ਦਿੱਤੀ ਹੈ ਕਿ ਇਹ ਖੇਤਰੀ ਹਥਿਆਰਾਂ ਦੀ ਦੌੜ ਨੂੰ ਜਨਮ ਦੇ ਸਕਦਾ ਹੈ।

### ਇਹ ਦੇਸ਼ ਸਾਂਝੇ ਸਮੁੰਦਰੀ ਅਭਿਆਸ ਕਰਨਗੇ

ਇਸ ਦੌਰਾਨ, ਚੀਨੀ ਫੌਜ ਨੇ ਐਤਵਾਰ ਨੂੰ ਕਿਹਾ ਕਿ ਉਸਨੇ ਸਮੁੰਦਰੀ ਅਤੇ ਹਵਾਈ ਗਸ਼ਤ ਕੀਤੀ ਹੈ ਅਤੇ ਦੱਖਣੀ ਚੀਨ ਸਾਗਰ ਵਿੱਚ ਵਿਘਨ ਪਾਉਣ ਵਾਲੀਆਂ ਸਾਰੀਆਂ ਗਤੀਵਿਧੀਆਂ ਕਾਬੂ ਵਿੱਚ ਹਨ। ਚੀਨ ਦਾ ਇਹ ਕਦਮ ਅਮਰੀਕਾ ਅਤੇ ਉਸ ਦੇ ਸਹਿਯੋਗੀਆਂ ਵੱਲੋਂ ਜਲ ਸੈਨਾ ਅਭਿਆਸ ਦੇ ਐਲਾਨ ਤੋਂ ਬਾਅਦ ਆਇਆ ਹੈ। ਦਰਅਸਲ, ਅਮਰੀਕਾ, ਜਾਪਾਨ, ਆਸਟ੍ਰੇਲੀਆ ਅਤੇ ਫਿਲੀਪੀਨਜ਼ ਦੇ ਰੱਖਿਆ ਮੁਖੀਆਂ ਨੇ ਸ਼ਨੀਵਾਰ ਨੂੰ ਐਲਾਨ ਕੀਤਾ ਸੀ ਕਿ ਉਹ ਕਾਨੂੰਨ ਦੇ ਰਾਜ ਦੀ ਰੱਖਿਆ ਲਈ ਸੰਯੁਕਤ ਸਮੁੰਦਰੀ ਅਭਿਆਸ ਕਰਨਗੇ।


ਖਾਲਸਾ ਜੀ ਦੇ ਪ੍ਰਗਟ ਦਿਹਾੜੇ ਅਤੇ ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ

TANVIR Tour & Travels FRESNO

(559) 803-0055

Where journey don't cost the world
Cheap Fares For Airline Tickets all around the world
Best Deals to India England, Pakistan, Canada and Europe

Our Services
* Cheap Fares For Airline Tickets all around the world
* Best Deals to India, England, Pakistan, Canada and Europe
* Apply for USA Citizenship
* Indian Passport renewal and Visa
* OCI Card and Renunciation
* Family Petition, Work Permit
* Power of Attorney
* Green card renewal

B.R. Joshi, Prop.

5627 N. Figarden Dr. STE 114 Fresno, CA 93722
email: tanvirtravels@gmail.com, www.tanvirtravels.com



ਖਾਲਸਾ ਜੀ ਦੇ ਪ੍ਰਗਟ ਦਿਹਾੜੇ ਅਤੇ ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ

R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS

IRS e-file

TAX-INDIVIDUAL FAMILY, BUSINESS, TRUCKING, BOOKKEEPING ACCOUNTS, PAYROLLS & INCORPORATION, INSURANCE LIFE Only-Agent. NOTARY, REAL ESTATE (SVA), EXPECTING REFUND : GET MONEY BACK FAST!

E.A.
Open 7 Days
Weekends/Evenings
(Year Round Service)
Resonalbe Rates
Call for Appointment

CTEC California Tax Education Council Registered Tax Preparer



CALL: R. PAL. SINGH EA- 510-750-3464
EA 00097224, CRTP A44237 Realtor#148514,
Insurance Life- Only Agent #0G76896
39159 Paseo Padre Pkwy # 103, Fremont, CA 94538
Email:singhrpal@sbeglobal.net Singhtax.com

# ਛੱਕ ਛੱਕ ਗੱਡੀ ਚਲਦੀ ਜਾਂਦੀ, ਆਉਂਦੇ-ਜਾਂਦੇ ਸ਼ਹਿਰ- ਭਾਗ (2)



ਬਲਬੀਰ ਸਿੰਘ ਐਮ.ਏ.
510-938-7771

ਅਸੀਂ ਵਿਆਨਾ (ਆਸਟਰੀਆ) ਸਿਰਫ ਦੋ ਘੰਟੇ ਦੇ ਸਮੇਂ ਤੋਂ ਵੀ ਘੱਟ ’ਚ Austrian Airlines ਰਾਹੀਂ ਪਹੁੰਚ ਗਏ ਤੇ ਉਥੋਂ ਬਾਹਰ ਨਿਕਲ ਕੇ ਅਸੀਂ 4 ਨੰਬਰ ਸਟੈਂਡ ਤੋਂ ਸਲੋਵਾਕੀਆ ਦੀ ਬੱਸ ਕੰਪਨੀ ਦੀ ਬੱਸ ਰਾਹੀਂ ਬਰਾਟੀਸਲਾਵਾ ਸ਼ਹਿਰ (ਸਲੋਵਾਕੀਆ) ਲਈ ਬੈਠੇ, ਜਿਸ ਦਾ ਕਿਰਾਇਆ ਸਿਰਫ 9 ਯੂਰੋ ਹੈ, ਰਾਹੀਂ ਸਿਰਫ 45-50 ਮਿੰਟ ’ਚ ਹੀ ਪਹੁੰਚ ਗਏ।

ਉਥੇ ਸੈਂਟਰਲ ਬੱਸ ਸਟੈਂਡ ਤੇ ਪਹੁੰਚਦੇ ਹੀ ਚੱਲਣ ਲਈ ਨਿਕਲ ਪਿਆ। ਮੈਨੂੰ 1978 ਦੇ ਉਹ ਦਿਨ ਯਾਦ ਆਉਣ ਲੱਗੇ ਜਦੋਂ ਮੈਂ ਜਰਮਨੀ ਡਿਊਰਨ-ਕਰੌਇਸਾਓ ’ਚ ਰਹਿੰਦਾ ਸੀ। ਉਦੋਂ ਲੋਕ ਇਵੇਂ ਹੀ ਸੜਕਾਂ ਤੇ ਸੋਹਣੇ-ਸੋਹਣੇ ਕੱਪੜੇ ਪਾ ਕੇ ਪਤਲੇ ਤੇ ਲੰਮੇ ਕੱਦ ਵਾਲੇ ਘੁੰਮਦੇ ਹੁੰਦੇ ਸਨ ਤੇ ਅੱਜ ਫਿਰ ਯਾਦ ਤਾਜ਼ਾ ਹੋ ਰਹੀ ਸੀ। ਮੈਂ ਤਿੰਨ ਚਾਰ ਮੀਲ ਤੱਕ ਤੁਰਦਾ-ਤੁਰਦਾ ਦੋ ਘੰਟੇ ਦੇ ਸਮੇਂ ਬਾਅਦ ਵਾਪਸ ਆਇਆ ਉਸ ਸੜਕ ਦੇ ਉਪਰ ਸਿਰਫ ਸਿਟੀ ਟਰਾਮਸ ਹੀ ਚਲਦੀਆਂ ਹਨ। ਹਰ ਦੋ ਮਿੰਟ ਬਾਅਦ 1, 3, 4, 9 ਨੰਬਰ ਹੈ ਜੋ ਇਕੋ-ਇਕ ਐਸੀ ਜਗ੍ਹਾ ’ਤੇ ਹੈ, ਜਿੱਥੇ ਚਾਰ ਦੀਵਾਰੀ ਕੀਤੀ ਹੋਈ ਹੈ ਤੇ ਕੋਈ ਵੀ ਇਨਸਾਨ ਪਹਿਲਾਂ ਬੁਕਿੰਗ ਕਰਕੇ ਹੀ ਅੰਦਰ ਜਾ ਸਕਦਾ ਹੈ। ਉਸ ਸੜਕ ਤੇ ਬਹੁਤ ਸਾਰੇ ਸੈਲਾਨੀ ਬਾਹਰਲੇ ਦੇਸ਼ਾਂ ਤੋਂ ਘੁੰਮਣ ਆਉਂਦੇ ਹਨ।

ਬਰਾਟੀਸਲਾਵਾ ਸ਼ਹਿਰ ’ਚ ਇਕ ਪੁਰਾਣਾ ਕਿਲਾ ਨੁਮਾ ਮਹਿਲ ਹੈ BRATISLAVSKY HRAD Castle NARODNA KULTVRNA PAMIATKA ਜੋ 849 ਈਸਵੀ ਤੱਕ ਬਣਵਾਇਆ ਗਿਆ, ਜਿਸ ਵਿਚ ਧਾਤ ਦੇ 10- ਉਕਰਿਆ ਹੋਇਆ ਹੈ ODLIVOVE SLE VARN HVH ਜਰਮਨੀ ’ਚ ਇਕ ਖਾਣ-ਪੀਣ ਦਾ ਸਟੋਰ ਹੁੰਦਾ ਸੀ ALDI (ਭਾਵ ਹਰ ਇਕ All Things, ਖਾਣ-ਪੀਣ










ਸੁਪਤਨੀ ਦਾ ਭਤੀਜਾ, ਜੋ ਉਸੇ ਦੇਸ਼ ਤੇ ਸ਼ਹਿਰ ’ਚ ਆਪਣੇ ਦੋ ਬੱਚਿਆਂ ਸਮੇਤ ਇਕ ਰੈਸਟੋਰੈਂਟ ਚਲਾਉਂਦਾ ਹੈ, ਸਾਨੂੰ ਝਟਪਟ ਲੈਣ ਆ ਗਿਆ ਤੇ ਅਸੀਂ 10 ਮਿੰਟਾਂ ’ਚ ਹੀ ਘਰ ਪਹੁੰਚ ਗਏ।

ਯੂਰਪੀ ਦੇਸ਼ਾਂ ਦੀ ਇਕ ਸਿਫਤ ਹੈ ਕਿ ਆਮ ਲੋਕ ਤੁਰਦੇ ਬਹੁਤ ਨੇ ਤੇ ਜਾਂ ਸਾਈਕਲ ਸੜਕਾਂ ’ਤੇ ਚਲਾਉਂਦੇ ਫਿਰਦੇ ਦਿਸਣਗੇ। ਸ਼ਾਮ ਤੱਕ ਅਸੀਂ ਜਦੋਂ ਬਜ਼ਾਰ ਵੇਖਣ ਲਈ ਨਿਕਲੇ ਤੇ ਅਸੀਂ ਬੋਲਟ ਕੰਪਨੀ ਦੀ ਟੈਕਸੀ ਰਾਹੀਂ ਸ਼ਹਿਰ ਦੇ ਵਿਚਕਾਰ ਪਹੁੰਚ ਗਏ, ਜਿੱਥੇ ਰੈਡ ਚਿਲੀ (Red Chilli) ਰੈਸਟੋਰੈਂਟ ਹੈ। ਟੈਕਸੀ ਦਾ ਕਿਰਾਇਆ ਸਿਰਫ 4-5 ਯੂਰੋ ਸੀ।

ਅਸੀਂ ਭਤੀਜੇ ਦੇ ਰੈਸਟੋਰੈਂਟ ਤੇ ਚਾਹ ਪੀਤੀ ਤੇ ਮੈਂ ਵਾਹੋਦਾਹੀ ਬਾਹਰ ਨਿਕਲ ਕੇ ਮੇਨ ਸੜਕ ’ਤੇ ਪੈਦਲ ਦੇ ਡੱਬਿਆਂ ਵਾਲੀਆਂ ਟਰਾਮਸ ਸਟੇਸ਼ਨ ਤੇ ਆਉਂਦੀਆਂ ਹਨ ਅਤੇ ਹੌਲੀ-ਹੌਲੀ ਆਪਣੀ ਮੰਜ਼ਿਲ ਵੱਲ ਚਲੀਆਂ ਜਾਂਦੀਆਂ ਹਨ।

ਬਰਾਟੀਸਲਾਵਾ (ਸਲੋਵਾਕੀਆ) ’ਚ ਪ੍ਰੈਜ਼ੀਡੈਂਟ ਦੇ ਮਹਿਲ ਦੇ ਸਾਹਮਣੇ ਹੀ ਇਕ ਸੜਕ ਤੇ ਸਾਰੇ ਹੀ ਦੇਸ਼ਾਂ ਦੀਆਂ ਅੰਬੈਸੀਆਂ ਹਨ, ਜਿਸ ਵਿਚ ਅਮਰੀਕਾ ਦੀ ਅੰਬੈਸੀ ਵੀ




10 ਫੁੱਟ ਦੇ ਬਣੇ ਬੁੱਤ ਵੇਖ ਕੇ ਅਚੰਭਾ ਹੋ ਰਿਹਾ ਸੀ ਤੇ ਹੈਰਾਨੀ ਵੀ ਕਿ ਇਹ ਅੱਜ ਤੋਂ 1200 ਸਾਲ ਪਹਿਲਾਂ ਕਿਵੇਂ ਢਾਲ਼ ਕੇ ਬਣਾਏ ਹੋਣਗੇ ਤੇ ਅੱਜ ਵੀ ਬਿਲਕੁਲ ਉਵੇਂ ਹੀ ਖੜ੍ਹੇ ਹਨ ਤੇ ਕਿਸੇ ਵੀ ਕਿਸਮ ਦੀ ਖਰਾਬੀ ਨਹੀਂ ਲੱਗੀ। ਉਹਨਾਂ ਤੇ ਦੀ ਚੀਜ਼।

ਪਰ ਇੱਥੇ 4-5 ਯੂਰਪੀਅਨ ਦੇਸ਼ਾਂ ’ਚ ਹੁਣ ਇਕ ਸਟੋਰ ਹੈ ਭਲਿਲਅ ਤੇ ਇਹ ਹੈ ਵੀ ਸਸਤਾ ਹੀ। ਜ਼ਿਆਦਾਤਰ ਲੋਕ ਇੱਥੇ ਹੀ ਖਾਣ-ਪੀਣ ਵਾਸਤੇ ਸਮਾਨ ਲੈਂਦੇ ਹਨ।

ਜਿਸ ਕਿਰਾਏ ਦੇ ਮਕਾਨ ’ਚ ਅਸੀਂ ਠਹਿਰੇ, ਉਥੇ ਸਾਹਮਣੇ ਹੀ ਇਕ ਹਾਈ ਸਕੂਲ ਸੀ, ਜਿੱਥੇ 10-11 ਵਜੇ ਵਿਦਿਆਰਥੀ ਪੜ੍ਹਨ ਆਉਂਦੇ ਸਨ, ਨਾਮ ਹੈ Stredna Odborna SkolaDopravna ਇਹ Kvacalova 20, Bratislava ਇਲਾਕੇ ’ਚ ਹੈ। ਉਥੇ ਸ਼ਹਿਰ ’ਚ ਇਕ ਮਾਲ ਹੈ ਜੋ ਬਹੁਤ ਹੀ ਸੁੰਦਰ ਹੈ ਤੇ ਉਹੀ ਸ਼ਹਿਰ ਦਾ ਵੱਡਾ ਬੱਸ ਸਟੈਂਡ ਵੀ ਹੈ, ਜਿੱਥੋਂ ਬੱਸਾਂ ਬਾਹਰਲੇ ਦੇਸ਼ਾਂ ਲਈ ਵੀ ਜਾਂਦੀਆਂ ਹਨ। ਨਾਮ ਹੈ Nivy Cent792 Bratislava

**(ਬਾਕੀ ਅਗਲੇ ਅੰਕ ਵਿਚ)**








# ਲੱਖਾ ਸਿਧਾਣਾ ਨਾਲ ਹੋਈ ਗੱਲਬਾਤ ਅਤੇ ਉਹਨਾਂ ਦੀਆਂ ਪੰਜਾਬ ਲਈ ਯੋਜਨਾਵਾਂ

ਲੱਖਾ ਸਿਧਾਣਾ ਵੱਲੋਂ ਪੰਜਾਬ ਦੇ ਲੋਕਾਂ ਲਈ ਜਿਹੜਾ ਦਰਦ ਹੈ, ਉਹਨਾਂ ਨਾਲ ਗੱਲਬਾਤ ਕਰਨ ਤੋਂ ਬਾਅਦ ਪਤਾ ਲੱਗਾ ਤੇ ਉਨ੍ਹਾਂ ਦੇ ਵਿਚਾਰਾਂ ਨੂੰ ਅਸੀਂ ਇੱਥੇ ਪੇਸ਼ ਕਰ ਰਹੇ ਹਾਂ:

(1) ਬਾਹਰ ਗਏ ਹੋਏ ਲੋਕਾਂ ਦੀ ਘਰਾਂ ਨੂੰ ਵਾਪਸੀ ਹੋਵੇ।

(2) ਬੱਚਿਆਂ ਨੂੰ ਵਾਪਸ ਆਉਣ ਤੇ ਜ਼ਮੀਨਾਂ ਨਾ ਵੇਚਣ ਦੀ ਦਲੀਲ।

(3) ਕਿਉਂਕਿ ਬਹੁਤੇ ਨੌਜਵਾਨ ਕੁੜੀਆਂ-ਮੁੰਡੇ ਬਾਹਰ ਜਾ ਕੇ ਕੰਮ ਕਰੀ ਜਾਂਦੇ ਹਨ ਪਰ ਆਪਣਾ ਸਭਿਆਚਾਰ ਵੀ ਪਿੱਛੇ ਛੱਡ ਗਏ।

(4) ਆਓ ਇਕੱਠੇ ਹੋ ਕੇ ਬੋਲੀ ਨੂੰ ਸੰਭਾਲੀਏ ਤੇ ਆਪਣੇ ਵਿਰਸੇ ਨੂੰ ਵੀ ਬਚਾਈਏ।

(5) ਬੋਲੀ ਤੇ ਵਿਰਸਾ ਖਿੱਤੇ ’ਚ ਹੀ ਆਜ਼ਾਦ ਹੁੰਦਾ ਹੈ। ਖਿੱਤੇ ਦੀ ਬੋਲੀ ਨਹੀਂ ਬਚਣੀ ਜਾਂ ਤੁਸੀਂ ਜ਼ਮੀਨਾਂ ਵੇਚਣ ਤੋਂ ਨਾ ਹਟੇ ਤਾਂ ਪੰਜਾਬੀ ਕਿਸਾਨ ਬੇ-ਜ਼ਮੀਨੇ ਹੋ ਕੇ ਬਹੁਤ ਹੀ ਗਰੀਬੀ ’ਚ ਆ ਜਾਣਗੇ।

ਪੰਜਾਬ ’ਚੋਂ 2700 ਕਿਲੋਮੀਟਰ ਦੀ ਹਾਈਵੇ ਨਿਕਲ ਰਹੀ ਹੈ।

(6) ਕਈ ਲੜਕੇ ਵਾਪਸ ਆਪਣੇ ਦੇਸ ਪੰਜਾਬ ਨੂੰ ਵਾਪਸ ਆਉਣਾ ਚਾਹੁੰਦੇ ਹਨ ਪਰ ਲੜਕੀਆਂ ਬਾਹਰ ਜਾ ਕੇ ਰਹਿਣਾ ਪਸੰਦ ਕਰ-ਦੀਆਂ ਹਨ ਤੇ ਲੜਕਿਆਂ ਨੂੰ ਵਾਪਸ ਨਹੀਂ ਆਉਣ ਦੇ ਰਹੀਆਂ। 80 ਸਾਲਾਂ ਦੇ ਬਜ਼ੁਰਗ ਨੇ ਬਾਹਲੇ ਦੇਸ਼ ਤੋਂ ਜਾ ਕੇ ਮੁਲਾਕਾਤ ਕੀਤੀ ਤੇ ਦੱਸਿਆ ਕਿ ਉਹਨਾਂ ਦੀ ਲੜਕੀ ਤੇ ਇਕ



ਸਪੁੱਤਰ ਉਹਨਾਂ ਦੀ ਗੱਲਬਾਤ ਨਹੀਂ ਸੁਣਦੇ ਤੇ ਵਾਪਸ ਦੇਸ਼ ਘੁੰਮਣ ਆਉਣ ਲਈ ਵੀ ਨਹੀਂ ਮੰਨਦੇ।

150 ਕਿੱਲੇ ਪੈਲ਼ੀ ਦੇ ਹਨ ਤੇ ਕਰੋੜਾਂਪਤੀ ਹੈ ਤੇ ਬੱਚੇ ਵਾਪਸ ਆ ਕੇ ਪੰਜਾਬ ’ਚ ਇਕ ਦਿਨ ਵੀ ਰਹਿਣਾ ਨਹੀਂ ਚਾਹੁੰਦੇ।

ਸ੍ਰੀ ਲੱਖਾ ਸਿਧਾਣਾ ਜੋ ਐਤਕੀ ਐਮ. ਪੀ. ਦੀ ਚੋਣ ਲਈ ਲੋਕਾਂ ਵੱਲੋਂ ਬਠਿੰਡਾ ਤੋਂ ਖੜ੍ਹੇ ਕੀਤੇ ਜਾ ਰਹੇ ਹਨ, ਆਜ਼ਾਦ ਚੋਣ ਲੜਨ ਲਈ ਤਿਆਰੀ ਕਰ ਰਹੇ ਹਨ।

ਬਠਿੰਡਾ ਨਿਵਾਸੀਆਂ ਨੂੰ ਬੇਨਤੀ ਹੈ ਕਿ ਐਤਕੀ ਲੱਖਾ ਸਿਧਾਣਾ ਹੁਰਾਂ ਨੂੰ ਵੋਟਾਂ ਪਾ ਕੇ ਕਾਮਯਾਬ ਕਰੋ ਤਾਂ ਕਿ ਉਹ ਤੁਹਾਡੀਆਂ ਸਾਰੀਆਂ ਤਕਲੀਫਾਂ ਨੂੰ ਹਿੰਦੁਸਤਾਨ ਦੀ ਪਾਲੀਮੈਂਟ ਤੱਕ ਪਹੁੰਚਾਣ ਦਾ ਵਾਅਦਾ ਕਰਦੇ ਹਨ।

**– ਬਲਬੀਰ ਸਿੰਘ ਐਮ. ਏ.**

# ਪੰਜਾਬ ਦੀ ਮੌਜੂਦਾ ਰਾਜਨੀਤੀ ਅਤੇ ਅਕਾਲੀ ਦਲ ਦੀ ਸਿਆਸਤ



ਪ੍ਰੋ. ਪ੍ਰੀਤਮ ਸਿੰਘ

2024 ਦੀਆਂ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਸ਼੍ਰੋਮਣੀ ਅਕਾਲੀ ਦਲ ਦੀ ਇਕ ਖਾਸੀਅਤ ਨੂੰ ਡੂੰਘਾਈ ਨਾਲ ਸਮਝਣ ਦੀ ਲੋੜ ਹੈ। ਇਸ ਖਾਸੀਅਤ ਦੀ ਮਹੱਤਤਾ ਨੂੰ ਸਮਝਣ ਨਾਲ ਹੀ ਅਕਾਲੀ ਦਲ ਦੀ ਚੋਣ ਨੀਤੀ ਘੜਨ ਦੀ ਮਹੱਤਤਾ ਸਾਹਮਣੇ ਆਏਗੀ। ਅਕਾਲੀ ਦਲ ਪੰਜਾਬ ਦੀ ਇਕੋ-ਇਕ ਖੇਤਰੀ ਪਾਰਟੀ ਹੈ। ਬਾਕੀ ਸਭ ਪਾਰਟੀਆਂ ਜਿਵੇਂ ਆਮ ਆਦਮੀ ਪਾਰਟੀ, ਕਾਂਗਰਸ, ਭਾਜਪਾ, ਬਸਪਾ, ਸੀਪੀਆਈ ਤੇ ਸੀਪੀਐੱਮ ਜੋ ਪੰਜਾਬ ਵਿਚ ਵਿਚਰਦੀਆਂ ਹਨ, ਦੀ ਸਿਆਸਤ ਅਤੇ ਚੋਣ ਨੀਤੀ ਉਨ੍ਹਾਂ ਦੀ ਕੇਂਦਰੀ ਲੀਡਰਸ਼ਿਪ ਦੀ ਸੋਚ ਅਤੇ ਸਿਆਸਤ 'ਤੇ ਆਧਾਰਿਤ ਹੁੰਦੀ ਹੈ। ਇਨ੍ਹਾਂ ਪਾਰਟੀਆਂ ਦਾ ਕੇਂਦਰੀਕਰਨ ਇਕ ਤਰ੍ਹਾਂ ਦਾ ਨਹੀਂ ਹੈ। ਕਿਸੇ ਵਿਚ ਬਹੁਤਾ ਜ਼ਿਆਦਾ ਕੇਂਦਰੀਕਰਨ ਹੈ ਜਿਵੇਂ ਭਾਜਪਾ ਵਿਚ ਤੇ ਕਿਸੇ ਵਿਚ ਥੋੜ੍ਹਾ ਘੱਟ ਜਿਵੇਂ ਖੱਬੀਆਂ ਪਾਰਟੀਆਂ ਵਿਚ, ਖਾਸ ਤੌਰ 'ਤੇ ਉਦੋਂ ਤੋਂ ਜਦੋਂ ਤੋਂ ਖੱਬੀ ਸਿਆਸਤ ਭਾਰਤ ਵਿਚ ਕਮਜ਼ੋਰ ਹੋਈ ਹੈ ਪਰ ਇਸ ਫਰਕ ਦੇ ਬਾਵਜੂਦ ਇਨ੍ਹਾਂ ਪਾਰਟੀਆਂ ਵਿਚ ਕੇਂਦਰੀਕਰਨ ਭਾਰੂ ਹੋਣ ਕਰ ਕੇ ਇਨ੍ਹਾਂ ਦੀ ਪੰਜਾਬ ਆਧਾਰਿਤ ਲੀਡਰਸ਼ਿਪ ਆਜ਼ਾਦਾਨਾ ਫੈਸਲੇ ਨਹੀਂ ਕਰ ਸਕਦੀ।

ਅਸੈਂਬਲੀ ਜਾਂ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਇਨ੍ਹਾਂ ਗੈਰ-ਅਕਾਲੀ ਪਾਰਟੀਆਂ ਦੀ ਕੇਂਦਰੀ ਲੀਡਰਸ਼ਿਪ ਆਪਣੀ ਪੰਜਾਬ ਵਿਚਲੀ ਲੀਡਰਸ਼ਿਪ ਨੂੰ ਚੋਣ ਗੱਠਜੋੜ ਲਈ ਕੁਝ ਆਜ਼ਾਦੀ ਜ਼ਰੂਰ ਦਿੰਦੀ ਹੈ ਪਰ ਉਸ ਗਿਣੀ ਮਿਣੀ ਆਜ਼ਾਦੀ ਦੀਆਂ ਹੱਦਾਂ ਇਨ੍ਹਾਂ ਪਾਰਟੀਆਂ ਦੀ ਕੇਂਦਰੀ ਲੀਡਰਸ਼ਿਪ ਹੀ ਤੈਅ ਕਰਦੀ ਹੈ। 1947 ਤੋਂ ਬਾਅਦ ਕਾਂਗਰਸ ਪਾਰਟੀ ਭਾਰਤ ਦੀ ਸਭ ਤੋਂ ਵੱਡੀ ਪਾਰਟੀ ਸੀ। 1947 ਤੋਂ ਪਹਿਲਾਂ ਇਸ ਪਾਰਟੀ ਦੀ ਸੋਚ ਤੇ ਵਿਚਾਰਧਾਰਾ ਤਾਂ ਕੇਂਦਰਵਾਦੀ ਸੀ ਪਰ ਜਥੇਬੰਦਕ ਢਾਂਚਾ ਇਸ ਸੋਚ 'ਤੇ ਆਧਾਰਿਤ ਸੀ ਕਿ ਭਾਰਤ ਦੇ ਵੱਖ-ਵੱਖ ਖੇਤਰਾਂ ਨੂੰ ਆਜ਼ਾਦੀ ਦੀ ਲਹਿਰ ਵਿਚ ਸ਼ਾਮਲ ਕਰਨ ਲਈ ਉਨ੍ਹਾਂ ਖੇਤਰਾਂ ਦੀ ਕਾਂਗਰਸ ਪਾਰਟੀ ਖੇਤਰੀ ਪੱਧਰ 'ਤੇ ਆਧਾਰਤ ਹੋਵੇ; ਜਿਵੇਂ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਜਾਂ ਬੰਗਾਲ ਪ੍ਰਦੇਸ਼ ਕਾਂਗਰਸ ਕਮੇਟੀ ਆਦਿ। ਇਸ ਜਥੇਬੰਦਕ ਢਾਂਚੇ ਵਿਚ ਪ੍ਰਦੇਸ਼ ਸ਼ਬਦ ਦਾ ਇਸਤੇਮਾਲ ਇਸ ਸਚਾਈ ਨੂੰ ਉਜਾਗਰ ਕਰਦਾ ਸੀ ਕਿ ਭਾਰਤ ਅਲੱਗ-ਅਲੱਗ ਪ੍ਰਦੇਸ਼ਾਂ (Naitonalites) ਦਾ ਸਮੂਹ ਸੀ। 1947 ਤੋਂ ਬਾਅਦ ਦੇਸ਼ ਦੀ ਵੰਡ ਨਾਲ ਹੋਈ ਆਜ਼ਾਦੀ ਨੇ ਇਸ ਪਾਰਟੀ ਦੀ ਲੀਡਰਸ਼ਿਪ ਨੂੰ ਕੇਂਦਰਵਾਦ ਵੱਲ ਧੱਕ ਦਿੱਤਾ ਅਤੇ ਇਸ ਦੀ ਸੋਚ ਅਨੇਕਤਾ ਵਿੱਚ ਏਕਤਾ (Uinity n Diveristy) ਵੱਲ ਮੁੜ ਗਈ ਜਿਸ ਵਿੱਚ ਜ਼ਿਆਦਾ ਜ਼ੋਰ ਏਕਤਾ (Uinty) 'ਤੇ ਸੀ ਅਤੇ ਅਨੇਕਤਾ (Diveristy) ਸਿਰਫ ਕਹਿਣ ਜਾਂ ਦਿਖਾਵੇ ਲਈ ਸੀ। ਜਵਾਹਰ ਲਾਲ ਨਹਿਰੂ ਜੋ ਇਸ ਪਾਰਟੀ ਦੀ ਸੋਚ ਦਾ ਮੁੱਖ ਘਾੜਾ ਸੀ, ਕੇਂਦਰਵਾਦ ਵਿਚ ਜਨੂਨ ਤੱਕ ਵਿਸ਼ਵਾਸ ਕਰਨ ਵਾਲਾ ਸੀ ਕਿਉਂਕਿ ਉਸ ਦੀ ਸੋਚ ਮੁਤਾਬਕ ਭਾਰਤ ਨੂੰ ਇਕ ਕੌਮ ਵਿਚ ਪਰੋਣ ਲਈ ਕੇਂਦਰਵਾਦੀ ਵਿਚਾਰਧਾਰਾ ਤੇ ਕੇਂਦਰਵਾਦੀ ਸੰਸਥਾਵਾਂ ਨੂੰ ਹਥਿਆਰ ਵਜੋਂ ਵਰਤਣ ਦੀ ਲੋੜ ਸੀ। ਉਸ ਦੀ ਇਸ ਵਿਚਾਰਧਾਰਾ ਅਤੇ ਭਾਰਤ ਦੀ ਅਸਲੀ ਸਚਾਈ ਕਿ ਇਹ ਅਲੱਗ-ਅਲੱਗ ਪ੍ਰਦੇਸ਼ਾਂ ਦਾ ਸਮੂਹ ਸੀ, ਵਿਚ ਟਕਰਾਅ ਸੀ। ਇਸੇ ਟਕਰਾਅ ਕਾਰਨ ਭਾਸ਼ਾ ਆਧਾਰਿਤ ਸੂਬੇ ਬਣਾਉਣ ਦੀਆਂ ਜੋ ਲਹਿਰਾਂ ਚੱਲੀਆਂ, ਉਨ੍ਹਾਂ ਦੀ ਇਹ ਵਿਰੋਧੀ ਸੀ ਪਰ ਅਲੱਗ-ਅਲੱਗ ਖੇਤਰ ਜਿਵੇਂ ਗੁਜਰਾਤ ਤੇ ਆਂਧਰਾ ਪ੍ਰਦੇਸ਼ ਵਿਚ ਭਾਸ਼ਾ ਆਧਾਰ 'ਤੇ ਸੂਬੇ ਬਣਾਉਣ ਲਈ ਉੱਠੇ ਜਨਤਕ ਉਭਾਰ ਜੋ ਇਸ ਸਮਾਜਿਕ ਤੇ ਸਭਿਆਚਾਰਕ ਸੱਚ ਨੂੰ ਉਜਾਗਰ ਕਰਦੇ ਸਨ ਕਿ ਭਾਰਤ ਉਸ ਦੇ ਸੁਫ਼ਨਿਆਂ ਮੁਤਾਬਕ ਇਕ ਨਹੀਂ ਸੀ, ਨਹਿਰੂ ਨੂੰ ਇਸ ਸੱਚ ਅੱਗੇ ਝੁਕਣਾ ਪਿਆ। ਉਹ ਝੁਕ ਤਾਂ ਗਿਆ ਪਰ ਆਪਣੀ ਸੋਚ ਵਿਚ ਤਬਦੀਲੀ ਨਹੀਂ ਕੀਤੀ। ਉਸ ਦੀ ਇਸੇ ਕੇਂਦਰਵਾਦੀ ਨੀਤੀ ਕਰ ਕੇ ਉਹ 1964 ਵਿਚ ਆਪਣੀ ਮੌਤ ਤੱਕ ਪੰਜਾਬੀ ਭਾਸ਼ਾ 'ਤੇ ਆਧਾਰਿਤ ਸੂਬੇ ਦਾ ਵਿਰੋਧੀ ਰਿਹਾ ਹਾਲਾਂਕਿ ਪੰਜਾਬੀ ਜ਼ੁਬਾਨ ਆਧਾਰਿਤ ਸੂਬੇ ਦੀ ਲਹਿਰ ਵਿਚ ਕੁਝ ਕਮਜ਼ੋਰੀਆਂ ਸਨ ਜਿਵੇਂ ਮਾਸਟਰ ਤਾਰਾ ਸਿੰਘ ਦੀ ਦੋਗਲੀ ਸੋਚ ਜੋ ਕਦੇ ਇਸ ਨੂੰ ਸਿੱਖ ਪ੍ਰਧਾਨ ਸੂਬੇ ਦੇ ਤੌਰ 'ਤੇ ਪੇਸ਼ ਕਰਦੀ ਸੀ ਤੇ ਕਦੇ ਜ਼ੁਬਾਨ ਆਧਾਰਿਤ ਸੂਬੇ 'ਤੇ। ਨਹਿਰੂ ਤੇ ਮਾਸਟਰ ਤਾਰਾ ਸਿੰਘ ਦੋਵੇਂ ਇਖਲਾਕੀ ਤੌਰ 'ਤੇ ਬੜੇ ਉੱਚ ਦਰਜੇ ਦੇ ਨੇਤਾ ਸਨ ਪਰ ਉਨ੍ਹਾਂ ਦੇ ਆਪਸੀ ਵਿਚਾਰਧਾਰਕ ਤੇ ਕੁਝ ਹੱਦ ਤੱਕ ਜਾਤੀ ਟਕਰਾਅ ਕਾਰਨ ਪੰਜਾਬੀ ਸੂਬਾ ਦੋਨਾਂ ਦੀ ਮੌਤ ਤੋਂ ਬਾਅਦ ਹੀ ਬਣ ਸਕਿਆ।

ਨਹਿਰੂ ਦੀ ਮੌਤ ਤੋਂ ਬਾਅਦ ਕਾਂਗਰਸ ਪਾਰਟੀ ਵਿਚ ਕਈ ਤਬਦੀਲੀਆਂ ਆਈਆਂ ਪਰ ਉਸ ਦੀ 'ਭਾਰਤੀ ਕੌਮ' ਵਾਲੀ ਵਿਚਾਰਧਾਰਾ ਇਸ ਪਾਰਟੀ ਦਾ ਸਿਧਾਂਤਕ ਨਿਰਦੇਸ਼ਕ ਰਿਹਾ। ਸ਼ਾਇਦ ਇਹ ਪਹਿਲੀ ਵਾਰ ਹੈ ਕਿ ਰਾਹੁਲ ਗਾਂਧੀ ਨੇ ਇਕ ਦੋ ਵਾਰ ਭਾਰਤ ਨੂੰ ਸੂਬਿਆਂ ਦਾ ਦੇਸ਼ ਕਹਿ ਕੇ ਉਸ ਵਿਚਾਰਧਾਰਾ ਤੋਂ ਥੋੜ੍ਹੀ ਦੂਰੀ ਦਿਖਾਈ ਹੈ ਪਰ ਮੁੱਢਲੇ ਤੌਰ 'ਤੇ ਕਾਂਗਰਸ ਪਾਰਟੀ ਹੁਣ ਵੀ ਕੇਂਦਰਵਾਦੀ ਸੋਚ ਦੀ ਧਾਰਨੀ ਹੈ। ਭਾਰਤ ਦੇ ਸਿਆਸੀ ਵਿਚਾਰਧਾਰਕ ਇਤਿਹਾਸ ਵਿਚ ਇਹ ਬਹੁਤ ਵੱਡੀ ਤਬਦੀਲੀ ਹੋਏਗੀ ਜੇ ਕਾਂਗਰਸ ਪਾਰਟੀ ਨੇ ਕੇਂਦਰੀਵਾਦੀ ਵਿਚਾਰਧਾਰਾ ਨੂੰ ਤਿਲਾਂਜਲੀ ਦੇ ਦਿੱਤੀ। ਐਸੀ ਵਿਚਾਰਧਾਰਕ ਤਬਦੀਲੀ ਇਸ ਪਾਰਟੀ ਵਿਚ ਭੂਚਾਲ ਵਰਗੀ ਉਥਲ ਪੁਥਲ ਕਰ ਸਕਦੀ ਹੈ।





**ਨਹਿਰੂ ਦੀ ਮੌਤ ਤੋਂ ਬਾਅਦ ਕਾਂਗਰਸ ਪਾਰਟੀ ਵਿਚ ਕਈ ਤਬਦੀਲੀਆਂ ਆਈਆਂ ਪਰ ਉਸ ਦੀ 'ਭਾਰਤੀ ਕੌਮ' ਵਾਲੀ ਵਿਚਾਰਧਾਰਾ ਇਸ ਪਾਰਟੀ ਦਾ ਸਿਧਾਂਤਕ ਨਿਰਦੇਸ਼ਕ ਰਿਹਾ। ਸ਼ਾਇਦ ਇਹ ਪਹਿਲੀ ਵਾਰ ਹੈ ਕਿ ਰਾਹੁਲ ਗਾਂਧੀ ਨੇ ਇਕ ਦੋ ਵਾਰ ਭਾਰਤ ਨੂੰ ਸੂਬਿਆਂ ਦਾ ਦੇਸ਼ ਕਹਿ ਕੇ ਉਸ ਵਿਚਾਰਧਾਰਾ ਤੋਂ ਥੋੜ੍ਹੀ ਦੂਰੀ ਦਿਖਾਈ ਹੈ ਪਰ ਮੁੱਢਲੇ ਤੌਰ 'ਤੇ ਕਾਂਗਰਸ ਪਾਰਟੀ ਹੁਣ ਵੀ ਕੇਂਦਰਵਾਦੀ ਸੋਚ ਦੀ ਧਾਰਨੀ ਹੈ। ਭਾਰਤ ਦੇ ਸਿਆਸੀ ਵਿਚਾਰਧਾਰਕ ਇਤਿਹਾਸ ਵਿਚ ਇਹ ਬਹੁਤ ਵੱਡੀ ਤਬਦੀਲੀ ਹੋਏਗੀ ਜੇ ਕਾਂਗਰਸ ਪਾਰਟੀ ਨੇ ਕੇਂਦਰੀਵਾਦੀ ਵਿਚਾਰਧਾਰਾ ਨੂੰ ਤਿਲਾਂਜਲੀ ਦੇ ਦਿੱਤੀ। ਐਸੀ ਵਿਚਾਰਧਾਰਕ ਤਬਦੀਲੀ ਇਸ ਪਾਰਟੀ ਵਿਚ ਭੂਚਾਲ ਵਰਗੀ ਉਥਲ ਪੁਥਲ ਕਰ ਸਕਦੀ ਹੈ।**

ਭਾਰਤੀ ਜਨਤਾ ਪਾਰਟੀ ਵੀ 'ਭਾਰਤ ਇਕ ਕੌਮ' ਵਿਚਾਰਧਾਰਾ ਦੀ ਮੁਦਈ ਹੈ ਪਰ ਇਹ ਕੌਮ ਨੂੰ ਹਿੰਦੂ ਕੌਮ ਬਣਾਉਣ ਦੇ ਪ੍ਰਾਜੈਕਟ ਲਈ ਜਨੂਨ ਦੀ ਹੱਦ ਤਕ ਵਚਨਬੱਧ ਹੈ। ਇਸ ਪ੍ਰਾਜੈਕਟ ਨੂੰ ਸਿਰੇ ਚਾੜ੍ਹਨ ਲਈ ਇਹ ਪਾਰਟੀ ਇੱਥੋਂ ਤਕ ਕੇਂਦਰਵਾਦ ਨੂੰ ਸਮਰਪਿਤ ਹੈ ਕਿ ਭਾਵੇਂ ਜਮਹੂਰੀਅਤ ਦਾ ਕਤਲ ਕਰ ਕੇ ਤਾਨਾਸ਼ਾਹੀ ਲਾਉਣੀ ਪਵੇ। ਅਜਿਹਾ ਪ੍ਰਾਜੈਕਟ ਬਹੁਤ ਸਮਾਜਿਕ ਤੇ ਸਭਿਆਚਾਰਕ ਨੁਕਸਾਨ ਕਰ ਸਕਦਾ ਹੈ ਪਰ ਕਾਮਯਾਬ ਨਹੀਂ ਹੋ ਸਕਦਾ ਕਿਉਂਕਿ ਭਾਰਤ ਬਹੁ-ਕੌਮਾਂ ਦਾ ਭੂਗੋਲਿਕ ਸਮੂਹ ਹੈ ਅਤੇ ਇਸ ਸਚਾਈ ਅੱਗੇ ਇਸ ਵਿਚਾਰਧਾਰਾ ਨੂੰ ਹਾਰ ਮੰਨਣੀ ਪਏਗੀ। ਇਸ ਗੱਲ ਦਾ ਕੋਈ ਸੰਕੇਤ ਨਹੀਂ ਹੈ ਕਿ ਇਹ ਪਾਰਟੀ ਅਜੇ ਆਪਣੀ ਬੜੀ ਖਤਰਨਾਕ ਹਿੰਦੂ ਕੇਂਦਰਵਾਦੀ ਸੋਚ ਬਾਰੇ ਚਿੰਤਤ ਹੈ।

ਆਮ ਆਦਮੀ ਪਾਰਟੀ ਦੀ ਕਾਂਗਰਸ ਜਾਂ ਭਾਜਪਾ ਵਾਂਗ ਕੋਈ ਖਾਸ ਵਿਚਾਰਧਾਰਾ ਨਹੀਂ ਹੈ ਪਰ ਸਿਰਫ਼ ਅਰਵਿੰਦ ਕੇਜਰੀਵਾਲ 'ਤੇ ਆਧਾਰਿਤ ਹੋਣ ਕਰ ਕੇ ਇਹ ਪਾਰਟੀ ਵੀ ਬਹੁਤ ਕੇਂਦਰਵਾਦੀ ਹੈ।

ਬਸਪਾ ਦੀ ਸੋਚ ਵਿਚ ਦੁਬਿਧਾ ਹੈ। ਇਕ ਪਾਸੇ ਮਹਾਨ ਚਿੰਤਕ ਅੰਬੇਡਕਰ ਦੇ ਵਿਚਾਰਾਂ 'ਤੇ ਆਧਾਰਿਤ ਇਹ ਪਾਰਟੀ ਬ੍ਰਾਹਮਣਵਾਦੀ ਹਿੰਦੂ ਵਿਚਾਰਧਾਰਾ ਦੀ ਵਿਰੋਧੀ ਹੈ ਅਤੇ ਕੇਂਦਰਵਾਦ ਤੋਂ ਦਲਿਤਾਂ ਲਈ ਪੈਦਾ ਹੋਣ ਵਾਲੇ ਖਤਰਿਆਂ ਤੋਂ ਡਰਦੀ ਹੈ; ਦੂਜੇ ਪਾਸੇ ਇਸ ਗੱਲ ਵਿਚ ਵੀ ਵਿਸ਼ਵਾਸ ਰੱਖਦੀ ਹੈ ਕਿ ਦਲਿਤਾਂ 'ਤੇ ਉਚੀਆਂ ਜਾਤਾਂ ਦੇ ਅਤਿਆਚਾਰ ਰੋਕਣ ਲਈ ਕੇਂਦਰੀ ਸੰਸਥਾਵਾਂ ਦੀ ਦਖਲ ਅੰਦਾਜ਼ੀ ਜ਼ਰੂਰੀ ਹੈ। ਬਸਪਾ ਦਾ ਜਥੇਬੰਦਕ ਢਾਂਚਾ ਇਸ ਦੀ ਮੁਖੀ ਮਾਇਆਵਤੀ 'ਤੇ ਇੰਨਾ ਆਧਾਰਿਤ ਹੈ ਕਿ ਅਸਲ ਵਿਚ ਇਹ ਵੀ ਬਹੁਤ ਕੇਂਦਰਵਾਦੀ ਪਾਰਟੀ ਬਣ ਚੁੱਕੀ ਹੈ।

ਖੱਬੀਆਂ ਪਾਰਟੀਆਂ ਵਿਚੋਂ ਸੀਪੀਆਈ ਦਾ ਝੁਕਾ ਕੇਂਦਰਵਾਦੀ ਜ਼ਿਆਦਾ ਹੈ ਪਰ ਇਹ ਕੇਂਦਰਵਾਦੀ ਝੁਕਾ ਕਾਂਗਰਸ ਜਾਂ ਭਾਜਪਾ ਵਾਂਗ ਭਾਰਤ ਨੂੰ ਇਕ ਕੌਮ ਬਣਾਉਣ ਦੀ ਵਿਚਾਰਧਾਰਾ 'ਤੇ ਆਧਾਰਿਤ ਨਹੀਂ ਹੈ। ਸੀਪੀਆਈ ਦਾ ਕੇਂਦਰਵਾਦੀ ਝੁਕਾ ਸੋਵੀਅਤ ਯੂਨੀਅਨ ਦੇ ਭਾਰਤ ਨਾਲ ਸਬੰਧਾਂ ਨਾਲ ਜੁੜਿਆ ਹੋਇਆ ਹੈ। ਠੰਢੀ ਜੰਗ ਦੇ ਸਮੇਂ ਜਦੋਂ ਸੰਸਾਰ ਦੇ ਬਹੁਤੇ ਦੇਸ਼ ਜਾਂ ਤਾਂ ਸੋਵੀਅਤ ਯੂਨੀਅਨ ਤੇ ਜਾਂ ਫਿਰ ਅਮਰੀਕਾ ਨਾਲ ਜੁੜੇ ਹੋਏ ਸਨ, ਉਸ ਵਕਤ ਸੋਵੀਅਤ ਯੂਨੀਅਨ ਭਾਰਤੀ ਸਟੇਟ ਨੂੰ ਆਪਣੇ ਗੁਟ ਵਿਚ ਸਮਝਦਾ ਸੀ ਅਤੇ ਕਿਸੇ ਵੀ ਐਸੀ ਲਹਿਰ ਜਾਂ ਵਿਚਾਰਧਾਰਾ ਨੂੰ ਜੋ ਇਸ ਸਟੇਟ ਨੂੰ ਕਮਜ਼ੋਰ ਕਰ ਸਕਦੀ ਸੀ, ਉਸ ਦਾ ਵਿਰੋਧ ਕਰਦਾ ਸੀ। ਸੀਪੀਆਈ ਵਿਚਾਰਧਾਰਕ ਤੌਰ 'ਤੇ ਸੋਵੀਅਤ ਯੂਨੀਅਨ ਨਾਲ ਜੁੜੀ ਹੋਣ ਕਰ ਕੇ ਭਾਰਤੀ ਸਟੇਟ ਨੂੰ ਮਜ਼ਬੂਤ ਕਰਨ ਅਤੇ ਰੱਖਣ ਲਈ ਕੇਂਦਰਵਾਦ ਦੀ ਮੁਦਈ ਸੀ। ਸੋਵੀਅਤ ਯੂਨੀਅਨ ਟੁੱਟਣ ਤੋਂ ਬਾਅਦ ਉਸ ਵਿਚਾਰਧਾਰਾ ਦਾ ਪਾਰਟੀ 'ਤੇ ਅਜੇ ਵੀ ਅਸਰ ਹੈ ਕਿਉਂਕਿ ਜਦੋਂ ਲੀਡਰਸ਼ਿਪ ਅਤੇ ਵਰਕਰਾਂ ਨੇ ਦਹਾਕਿਆਂ ਬੱਧੀ ਇਕ ਸੋਚ 'ਤੇ ਜ਼ੋਰ ਸ਼ੋਰ ਨਾਲ ਪਹਿਰਾ ਦਿੱਤਾ ਹੋਵੇ, ਉਸ ਤੋਂ ਮੁਕਤ ਹੋਣਾ ਆਸਾਨ ਨਹੀਂ ਹੈ। ਜਥੇਬੰਦਕ ਤੌਰ 'ਤੇ ਇਹ ਵੀ ਕੇਂਦਰਵਾਦੀ ਪਾਰਟੀ ਹੈ ਪਰ ਇਸ ਦਾ ਕੇਂਦਰਵਾਦ ਜਨੂਨੀ ਕਿਸਮ ਦਾ ਨਹੀਂ ਤੇ ਤਬਦੀਲੀ ਦੀ ਸੰਭਾਵਨਾ ਰੱਖਦਾ ਹੈ; ਖਾਸ ਤੌਰ 'ਤੇ ਇਸ ਕਰ ਕੇ ਕਿ ਇਹ ਹਿੰਦੂ ਰਾਸ਼ਟਰਵਾਦ ਦੇ ਖ਼ਤਰਿਆਂ ਤੋਂ ਜਾਣੂ ਹੈ।

ਸੀਪੀਐੱਮ ਬਹੁਤ ਦੇਰ ਤਕ ਰਾਜਾਂ ਦੇ ਅਧਿਕਾਰਾਂ ਦੀ ਮੁਦਈ ਰਹੀ ਹੈ ਅਤੇ ਕਦੇ-ਕਦੇ ਭਾਰਤ ਵਿਚ ਵਸਦੀਆਂ ਵੱਖ-ਵੱਖ ਕੌਮਾਂ ਬਾਰੇ ਇਸ ਦੀ ਸੋਚ ਅਗਾਂਹਵਧੂ ਸੀ ਪਰ 1980ਵਿਆਂ ਤੋਂ ਬਾਅਦ ਹਰਕਿਸ਼ਨ ਸਿੰਘ ਸੁਰਜੀਤ ਦੀ ਲੀਡਰਸ਼ਿਪ ਹੇਠ ਇਹ ਪਾਰਟੀ ਵੀ ਸੋਵੀਅਤ ਯੂਨੀਅਨ ਅਤੇ ਭਾਰਤੀ ਸਟੇਟ ਨਾਲ ਨੇੜਤਾ ਪਾ ਚੁੱਕੀ ਹੈ। ਪੰਜਾਬ ਵਿਚ ਦੋਨਾਂ ਖੱਬੀਆਂ ਪਾਰਟੀਆਂ ਦੀਆਂ ਮੁੱਖ ਗਲਤੀਆਂ ਭਾਰਤੀ ਸਟੇਟ ਨਾਲ ਨੇੜਤਾ 'ਚੋਂ ਪੈਦਾ ਹੋਈਆਂ ਹਨ ਹਾਲਾਂਕਿ ਦੋਨਾਂ ਪਾਰਟੀਆਂ ਵਿਚ ਬਹੁਤ ਸੁਹਿਰਦ ਨੇਤਾ ਤੇ ਵਰਕਰ ਹਨ। ਸੀਪੀਐੱਮ ਵੀ ਹਿੰਦੂ ਰਾਸ਼ਟਰਵਾਦ ਦੇ ਖ਼ਤਰਿਆਂ ਬਾਰੇ ਚੇਤੰਨ ਹੈ ਪਰ ਜਥੇਬੰਦਕ ਤੌਰ 'ਤੇ ਇਹ ਵੀ ਕੇਂਦਰਵਾਦੀ ਪਾਰਟੀ ਹੈ।

ਇਸ ਪ੍ਰਸੰਗ ਵਿਚ ਸ਼੍ਰੋਮਣੀ ਅਕਾਲੀ ਦਲ ਪੰਜਾਬ ਆਧਾਰਿਤ ਇਕੋ-ਇਕ ਖੇਤਰੀ ਪਾਰਟੀ ਹੈ। ਜਦੋਂ ਮੈਂ ਆਪਣੀ ਕਿਤਾਬ 'Federailsm, Nationailsm and Development: India and the Punjab Economy' ਲਈ ਖੋਜ ਕਰ ਰਿਹਾ ਸੀ ਤਾਂ ਇਹ ਗੱਲ ਬਿਲਕੁਲ ਸਾਫ ਸਾਹਮਣੇ ਆਈ ਕਿ ਉਤਰੀ ਭਾਰਤ ਜੋ ਦੇਸ਼ ਦਾ ਹਿੰਦੀ ਭਾਸ਼ੀ ਖਿੱਤਾ ਸਮਝਿਆ ਜਾਂਦਾ ਹੈ, ਵਿਚ ਪੰਜਾਬ ਤੇ ਕਸ਼ਮੀਰ ਅਲੱਗ ਖਿੱਤੇ ਹਨ। ਇਨ੍ਹਾਂ ਦੋਹਾਂ ਵਿਚ ਵੀ ਖ਼ਾਸ ਫ਼ਰਕ ਹਨ ਜਿਨ੍ਹਾਂ ਨੂੰ ਸਮਝਣਾ ਇਨ੍ਹਾਂ ਦੋਹਾਂ ਪ੍ਰਾਂਤਾਂ ਦੀ ਸਿਆਸਤ ਦੀ ਖਾਸੀਅਤ ਨੂੰ ਸਮਝਣ ਲਈ ਜ਼ਰੂਰੀ ਹੈ। ਪੰਜਾਬ ਵਿਚ ਕੌਮੀ ਘੱਟਗਿਣਤੀ (ਸਿੱਖ) ਇਥੇ ਬਹੁਗਿਣਤੀ ਹੈ ਅਤੇ ਕਸ਼ਮੀਰ ਵਿਚ ਵੀ ਕੌਮੀ ਘੱਟਗਿਣਤੀ (ਮੁਸਲਮਾਨ) ਇਥੇ ਬਹੁਗਿਣਤੀ ਹੈ। ਇਹ ਦੋਨਾਂ ਦੀ ਸਾਂਝ ਹੈ ਜੋ ਇਸ ਨੂੰ ਉੱਤਰੀ ਭਾਰਤ ਦੇ ਦੂਜੇ ਰਾਜਾਂ ਨਾਲੋਂ ਨਿਖੇੜਦੀ ਹੈ ਪਰ ਇਨ੍ਹਾਂ ਦੋਹਾਂ ਵਿਚ ਮਹੱਤਵਪੂਰਨ ਫ਼ਰਕ ਵੀ ਹੈ ਕਿ ਮੁਸਲਮਾਨ ਭਾਵੇਂ ਭਾਰਤ ਵਿਚ ਘੱਟਗਿਣਤੀ ਵਿਚ ਹਨ ਪਰ ਸੰਸਾਰਕ ਤੌਰ 'ਤੇ ਇਸਲਾਮ ਦੁਨੀਆ ਦੇ ਵੱਡੇ ਧਰਮਾਂ 'ਚੋਂ ਇਕ ਹੈ ਅਤੇ ਦੂਜੇ ਨੰਬਰ 'ਤੇ ਹੈ (ਦੁਨੀਆ ਦੀ ਆਬਾਦੀ ਦਾ ਲਗਭਗ 25% ਜਿਥੇ ਇਸਾਈ ਧਰਮ ਪਹਿਲੇ ਨੰਬਰ 'ਤੇ ਹੈ, ਲਗਭਗ 31%)। ਇਸ ਲਈ ਪੰਜਾਬ ਦੀ ਸਹੀ ਖੇਤਰੀ ਪਾਰਟੀ ਉਹੀ ਹੋ ਸਕਦੀ ਹੈ ਜੋ ਇਕੋ ਸਮੇਂ ਪੰਜਾਬ ਦੇ ਆਰਥਿਕ ਹਿੱਤਾਂ ਤੇ ਕੁਦਰਤੀ ਸਰੋਤਾਂ ਦੀ ਰਾਖੀ ਕਰ ਸਕੇ ਅਤੇ ਸਿੱਖਾਂ ਦੇ ਸਭਿਆਚਾਰਕ, ਧਾਰਮਿਕ ਤੇ ਰਾਜਨੀਤਕ ਉਦੇਸ਼ਾਂ ਦੀ ਪੂਰਤੀ ਕਰ ਸਕੇ ਕਿਉਂਕਿ ਪੰਜਾਬ ਹੀ ਦੁਨੀਆ ਦਾ ਅਜਿਹਾ ਖਿੱਤਾ ਹੈ ਜਿਥੇ ਸਿੱਖ ਬਹੁਗਿਣਤੀ ਵਿਚ ਹਨ। ਪੰਜਾਬ ਦੀ ਖੇਤਰੀ ਪਾਰਟੀ ਦੀ ਇਹ ਵੀ ਜ਼ਿੰਮੇਵਾਰੀ ਬਣਦੀ ਹੈ ਕਿ ਇਹ ਭਾਰਤ ਦੇ ਦੂਜੇ ਪ੍ਰਾਂਤਾਂ ਵਿਚ ਅਤੇ ਦੁਨੀਆ ਦੇ ਦੂਜੇ ਦੇਸ਼ਾਂ ਵਿਚ ਵਸਦੇ ਸਿੱਖਾਂ ਤੇ ਪੰਜਾਬੀਆਂ ਦੇ ਧਾਰਮਿਕ ਤੇ ਸਭਿਆਚਾਰਕ ਅਧਿਕਾਰਾਂ ਦੀ ਰਾਖੀ ਕਰੇ।

ਇਉਂ ਅਸੀਂ ਇਹ ਕਹਿ ਸਕਦੇ ਹਾਂ ਕਿ ਜੇ ਅਕਾਲੀ ਪਾਰਟੀ ਨਾ ਵੀ ਹੁੰਦੀ ਤਾਂ ਵੀ ਪੰਜਾਬ ਦੇ ਖਾਸ ਇਤਿਹਾਸਕ ਹਾਲਾਤ ਕਰ ਕੇ ਕਿਸੇ ਅਜਿਹੀ ਪਾਰਟੀ ਦੀ ਲੋੜ ਪੈਣੀ ਸੀ ਅਤੇ ਅਜਿਹੀ ਪਾਰਟੀ ਦਾ ਜਨਮ ਲੈਣਾ ਜ਼ਰੂਰੀ ਹੋਣਾ ਸੀ ਕਿਉਂਕਿ ਪੰਜਾਬ ਦੀ ਅਜਿਹੀ ਖੇਤਰੀ ਪਾਰਟੀ ਨੂੰ ਸਿੱਖ ਘੱਟਗਿਣਤੀ ਦੇ ਹਿੱਤਾਂ ਦੀ ਰਾਖੀ ਕਰਨਾ ਜ਼ਰੂਰੀ ਬਣਦਾ ਸੀ। ਅਜਿਹੀ ਪਾਰਟੀ ਦੀ ਇਹ ਇਤਿਹਾਸਕ ਜ਼ਿੰਮੇਵਾਰੀ ਵੀ ਬਣਦੀ ਹੈ ਕਿ ਉਹ ਪੰਜਾਬ ਵਿਚਲੀਆਂ ਧਾਰਮਿਕ ਘੱਟਗਿਣਤੀਆਂ (ਹਿੰਦੂ, ਮੁਸਲਮਾਨ, ਇਸਾਈ, ਜੈਨੀ, ਬੋਧੀ) ਦੀ ਵੀ ਰਾਖੀ ਕਰੇ। ਇਨ੍ਹਾਂ ਧਾਰਮਿਕ ਘੱਟਗਿਣਤੀਆਂ ਵਿਚ ਵੀ ਫ਼ਰਕ ਹੈ ਕਿਉਂਕ ਮੁਸਲਮਾਨ, ਇਸਾਈ, ਜੈਨੀ ਤੇ ਬੋਧੀ ਪੰਜਾਬ ਵਿਚ ਵੀ ਤੇ ਦੇਸ਼ ਵਿਚ ਵੀ ਘੱਟਗਿਣਤੀ ਵਿਚ ਹਨ ਜਦੋਂਕਿ ਹਿੰਦੂ ਦੇਸ਼ ਵਿਚ ਬਹੁਤ ਵੱਡੀ ਬਹੁਗਿਣਤੀ (ਲਗਭਗ 79-80%) ਦਾ ਹਿੱਸਾ ਹਨ।

ਇਸ ਫ਼ਰਕ ਦੇ ਬਾਵਜੂਦ ਪੰਜਾਬ ਦੀ ਸਹੀ ਖੇਤਰੀ ਰਾਜਨੀਤਕ ਪਾਰਟੀ ਉਹੀ ਹੋ ਸਕਦੀ ਹੈ ਜੋ ਸਿੱਖਾਂ ਦੇ ਨਾਲ-ਨਾਲ ਇਨ੍ਹਾਂ ਘੱਟਗਿਣਤੀਆਂ ਦਾ ਵਿਸ਼ਵਾਸ ਵੀ ਜਿੱਤ ਸਕੇ ਤੇ ਇਨ੍ਹਾਂ ਦੇ ਧਾਰਮਿਕ ਤੇ ਸਭਿਆਚਾਰਕ ਹੱਕਾਂ ਦੀ ਰਖਵਾਲੀ ਵੀ ਬਣੇ।

ਜਦੋਂ ਤੱਕ ਅਕਾਲੀ ਪਾਰਟੀ ਪੰਜਾਬ ਦੀਆਂ ਦੂਜੀਆਂ ਪਾਰਟੀਆਂ ਵਾਂਗ ਕਿਸੇ ਕੇਂਦਰੀ ਕੰਟਰੋਲ ਥੱਲੇ ਨਹੀਂ ਰਹੀ, ਉਦੋਂ ਤੱਕ ਇਸ ਨੇ ਸਭ ਮੁਸ਼ਕਲਾਂ ਦੇ ਬਾਵਜੂਦ ਪੰਜਾਬ ਦੇ ਖੇਤਰੀ ਹੱਕਾਂ ਲਈ ਸੰਘਰਸ਼ ਕੀਤਾ ਹੈ। ਪਿਛਲੇ ਸਾਲਾਂ ਵਿਚ ਇਸ ਦੀ ਗਿਰਾਵਟ ਦਾ ਮੁੱਖ ਕਾਰਨ ਇਹ ਸੀ ਕਿ ਇਹ ਭਾਜਪਾ ਨਾਲ ਸਾਂਝ ਪਾ ਕੇ ਆਪਣੀ ਖੇਤਰੀ ਪਾਰਟੀ ਦੀ ਆਜ਼ਾਦਾਨਾ ਪਛਾਣ ਕਮਜ਼ੋਰ ਕਰਨ ਲੱਗ ਗਈ ਸੀ। ਇੱਥੇ ਗਿਰਾਵਟ ਤੋਂ ਭਾਵ ਸਿਰਫ਼ ਚੋਣਾਂ ਵਿਚ ਪਹਿਲਾਂ ਨਾਲੋਂ ਘੱਟ ਵੋਟਾਂ ਲੈਣਾ ਤੇ ਘੱਟ ਸੀਟਾਂ ਜਿੱਤਣਾ ਨਹੀਂ; ਗਿਰਾਵਟ ਤੋਂ ਭਾਵ ਵਿਚਾਰਧਾਰਕ ਗਿਰਾਵਟ ਹੈ ਜਿੱਥੇ ਕੋਈ ਖੇਤਰੀ ਪਾਰਟੀ ਆਜ਼ਾਦਾਨਾ ਫੈਸਲੇ ਕਰਨੇ ਛੱਡ ਕੇ ਕੇਂਦਰੀ ਪਾਰਟੀ ਨਾਲ ਸਾਂਝ ਰੱਖਣ ਲਈ ਆਪਣੀ ਖਾਸੀਅਤ ਨੂੰ ਮਿਟਾਉਣਾ ਸ਼ੁਰੂ ਕਰ ਦੇਵੇ।

ਦੂਜਾ ਮੁੱਖ ਮੁੱਦਾ ਜਮਹੂਰੀਅਤ ਦਾ ਹੈ। ਘੱਟਗਿਣਤੀਆਂ ਦੇ ਅਧਿਕਾਰ ਸਿਰਫ਼ ਜਮਹੂਰੀਅਤ ਵਿਚ ਹੀ ਸੁਰੱਖਿਅਤ ਹਨ ਭਾਵੇਂ ਜਮਹੂਰੀ ਢਾਂਚੇ ਵਿਚ ਨੁਕਸ ਵੀ ਹੋਣ। ਜਦੋਂ ਮੈਂ ਅਕਾਲੀ ਪਾਰਟੀ 'ਤੇ ਪਰਚਾ ਲਿਖਣ ਲਈ ਖੋਜ ਕਰ ਰਿਹਾ ਸੀ ਤਾਂ ਇਕ ਗੱਲ ਬੜੀ ਦਿਲਚਸਪ ਤੇ ਮਹੱਤਤਾ ਵਾਲੀ ਸਾਹਮਣੇ ਆਈ ਸੀ ਕਿ ਐਮਰਜੈਂਸੀ ਵੇਲੇ ਜਦੋਂ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਅਕਾਲੀ ਪਾਰਟੀ ਨੂੰ ਸਮਝੌਤੇ ਦੀ ਪੇਸ਼ਕਸ਼ ਕੀਤੀ ਸੀ ਕਿ ਜੇ ਉਹ ਐਮਰਜੈਂਸੀ ਖ਼ਿਲਾਫ਼ ਮੋਰਚਾ ਬੰਦ ਕਰ ਦੇਵੇ ਤਾਂ ਉਹ ਪਾਰਟੀ ਦਾ ਪੰਜਾਬ ਵਿਚ ਰਾਜ ਕਰਨ ਲਈ ਸਮਝੌਤਾ ਕਰ ਲਏਗੀ ਤਾਂ ਪਾਰਟੀ ਨੇ ਉਸ ਦੀ ਪੇਸ਼ਕਸ਼ ਇਸ ਕਰ ਕੇ ਰੱਦ ਕਰ ਦਿੱਤੀ ਸੀ ਕਿ ਸਾਡੇ ਗੁਰੂਆਂ ਨੇ ਸਾਨੂੰ ਜ਼ੁਲਮ ਦੇ ਖ਼ਿਲਾਫ਼ ਲੜਨ ਦੀ ਸਿੱਖਿਆ ਦਿੱਤੀ ਹੈ; ਅੰਦਰੂਨੀ ਤੌਰ 'ਤੇ ਇਹ ਵੀ ਸਮਝ ਲਿਆ ਸੀ ਕਿ ਘੱਟਗਿਣਤੀਆਂ ਲਈ ਜਮਹੂਰੀਅਤ ਬਹੁਤ ਜ਼ਰੂਰੀ ਹੈ।

2024 ਦੀਆਂ ਚੋਣਾਂ ਮੌਕੇ ਜੇ ਅਕਾਲੀ ਦਲ ਨੇ ਭਾਜਪਾ ਨਾਲ ਸੀਟਾਂ ਦਾ ਸਮਝੌਤਾ ਕਰ ਲਿਆ ਤਾਂ ਹੋ ਸਕਦਾ ਹੈ ਕਿ ਕੁਝ ਚੋਣ ਪ੍ਰਾਪਤੀ ਇਕੱਲੇ ਲੜਨ ਨਾਲੋਂ ਜ਼ਿਆਦਾ ਹੋ ਜਾਏ ਪਰ ਉਸ ਦਾ ਖੇਤਰੀ ਪਾਰਟੀ ਵਾਲਾ ਚਰਿੱਤਰ ਹੋਰ ਵੀ ਕਮਜ਼ੋਰ ਹੋ ਜਾਏਗਾ ਅਤੇ ਅਕਾਲੀ ਦਲ ਵਿਚਾਰਧਾਰਕ ਤੌਰ 'ਤੇ ਹੋਰ ਵੀ ਗਿਰਾਵਟ ਵੱਲ ਚਲਾ ਜਾਏਗਾ। ਜੇ ਇਸ ਸਮਝੌਤੇ ਕਰ ਕੇ ਚੋਣ ਪ੍ਰਾਪਤੀ ਵੀ ਨਾ ਹੋਈ ਤਾਂ ਸਭਿਆਚਾਰਕ ਗਿਰਾਵਟ ਦੇ ਨਾਲ-ਨਾਲ ਪਾਰਟੀ ਰਾਜਨੀਤਕ ਨਿਰਾਸ਼ਾ ਦਾ ਸ਼ਿਕਾਰ ਵੀ ਹੋਵੇਗੀ।

ਜੇ ਪਾਰਟੀ ਆਪਣੇ ਬਲਬੂਤੇ ਚੋਣ ਲੜਦੀ ਹੈ ਤੇ ਚੋਣ ਪ੍ਰਾਪਤੀਆਂ ਵੀ ਹੁੰਦੀਆਂ ਹਨ ਜਿਨ੍ਹਾਂ ਦੀ ਸੰਭਾਵਨਾ ਹੈ ਤਾਂ ਪਾਰਟੀ ਵਿਚ ਨਵਾਂ ਉਤਸ਼ਾਹ ਆਏਗਾ। ਇਕੱਲੇ ਚੋਣ ਲੜਨ ਨਾਲ ਜੇ ਚੋਣ ਪ੍ਰਾਪਤੀਆਂ ਵੀ ਨਹੀਂ ਹੁੰਦੀਆਂ ਤਾਂ ਘੱਟੋ-ਘੱਟ ਆਪਣੀ ਆਜ਼ਾਦਾਨਾ ਪਛਾਣ ਰੱਖਣ ਦੀ ਮਹੱਤਵਪੂਰਨ ਪ੍ਰਾਪਤੀ ਹੋਏਗੀ। ਕੁਝ ਸਮੇਂ ਅਜਿਹੇ ਹੁੰਦੇ ਹਨ ਜਿੱਥੇ ਆਪਣੀ ਵਿਚਾਰਧਾਰਕ ਸੁੱਚਮ ਰੱਖਣਾ ਵੋਟਾਂ ਲੈਣ ਨਾਲੋਂ ਕਈ ਗੁਣਾ ਜ਼ਿਆਦਾ ਮਹੱਤਤਾ ਰੱਖਦਾ ਹੈ। ਆਉਣ ਵਾਲੇ ਸਮੇਂ ਵਿਚ ਅਕਾਲੀ ਦਲ ਨੂੰ ਹੋਰ ਡੂੰਘੀ ਵਿਚਾਰ ਕਰ ਕੇ ਨਵੇਂ ਕਿਸਮ ਦੇ ਗੱਠਜੋੜਾਂ ਬਾਰੇ ਸੋਚਣਾ ਚਾਹੀਦਾ ਹੈ। ਪੰਜਾਬ ਦੀ ਇਸ ਇਕੱਲੀ ਖੇਤਰੀ ਪਾਰਟੀ ਦੀ ਇਹ ਇਤਿਹਾਸਕ ਲੋੜ ਵੀ ਹੈ ਤੇ ਜ਼ਿੰਮੇਵਾਰੀ ਵੀ ਹੈ।

# ਭਾਰਤ ਵਿਚ ਆਮ ਆਦਮੀ ਪਾਰਟੀ ਦੇ ਮੁਖੀ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦਰ ਕੇਜਰੀਵਾਲ ਦੀ ਗ੍ਰਿਫ਼ਤਾਰੀ ਦੇ ਵਿਰੋਧ ਵਿਚ ਵਿਸ਼ਾਲ ਰੋਸ ਪ੍ਰਦਰਸ਼ਨ ਕੀਤਾ ਗਿਆ





USA California ਦੇ ਸ਼ਹਿਰ Fremont , San Francisco Bay area 'ਚ ਵੀ ਹੋਇਆ ਅਰਵਿੰਦ ਕੇਜਰੀਵਾਲ ਦੀ ਗ੍ਰਿਫ਼ਤਾਰੀ ਦਾ ਵਿਰੋਧ, AAP ਦੇ ਵਲੰਟੀਅਰਾਂ ਨੇ ਕਿਹਾ ਕਿ ਇਕ ਇਮਾਨਦਾਰ CM ਦੀ ਗ੍ਰਿਫਤਾਰੀ PM ਦੇ ਇਸ਼ਾਰੇ 'ਤੇ ਇਸ ਕਰਕੇ ਕੀਤੀ ਗਈ ਹੈ ਤਾਂ ਕਿ ਭਝਫ ਵੱਲੋਂ ਇਲੈਕਟੋਰਲ ਬਾਂਡ 'ਚ ਕੀਤੇ ਭ੍ਰਿਸ਼ਟਾਚਾਰ ਤੇ ਪਰਦਾ ਪਾਇਆ ਜਾ ਸਕੇ।

Dr Iquinder Singh Gill
Balwinder Singh Lally Dhanoa
Amardeep Singh Brar
Parvhat Sharma
Sheena Shani
Amarjit Singh
MANJIT Singh

Balbir Singh sacramento
Harjinder Singh Gosal
Parvaj Virk
Gulinder Gill Sacramento
Ajit Bhattal Bakersfield
Amritpal singh
Manjinder Singj Sandhu

Jass Aulakh
Micky Sran
Nitin RAI
Sanjeev Verma
Santosh
Vinod Kumar Chumbar








ਖਾਲਸਾ ਜੀ ਦੇ ਪ੍ਰਗਟ ਦਿਹਾੜੇ ਅਤੇ ਰੁੱਤ ਦੇ ਤਿਓਹਾਰ ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ



ਸੁਰਜੀਤ ਸਿੰਘ ਅਟਵਾਲ
ਮਰਸਡ, ਕੈਲੀਫੋਰਨੀਆ

ਕੁਲਦੀਪ ਸਿੰਘ ਅਟਵਾਲ
ਐਲਮੰਡ ਫਾਰਮਰਜ਼ ਆਫ ਕੈਲੀਫੋਰਨੀਆ
(209-769-4784)



ਖਾਲਸਾ ਜੀ ਦੇ ਪ੍ਰਗਟ ਦਿਹਾੜੇ ਅਤੇ ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ

SINGHWORLDtravel

Lycamobile Call the world for less

ria Money Transfer

AIRPORT DROP OFF AND PICKUP AVAILBLE

Money Transfer @ Special Rates India and Pakistan!!!

Cell Phone Activation & Recharge Services

ਏਅਰਪੋਰਟ ਤੇ ਜਾਣ-ਆਉਣ ਲਈ ਗੱਡੀ ਦਾ ਵੀ ਪ੍ਰਬੰਧ ਹੈ
ਹੋਰ ਜਾਣਕਾਰੀ ਲਈ ਸੰਪਰਕ ਕਰੋ

SINGH WORLD TRAVEL
PH. 530-443-4865

Email: Info@singhworldtravel.com

1248 Franklin Ave. #A
Yuba City CA, 95991



# ਰਿਜ਼ਰਵ ਕੋਟਾ ਹੋਣ ਦੇ ਬਾਵਜੂਦ ਜ਼ਿਆਦਾਤਰ ਕਾਂਗਰਸ ਵੱਲ ਹੀ ਝੁਕਦਾ ਰਿਹਾ ਹੈ ਹਲਕਾ ਜਲੰਧਰ

ਮੌਜੂਦਾ ਲੋਕ ਸਭਾ ਹਲਕਾ ਜਲੰਧਰ (ਰਿਜ਼ਰਵ) 2004 ਤੋਂ ਪਹਿਲਾ ਜਨਰਲ ਹਲਕਾ ਹੁੰਦਾ ਸੀ। ਉਸ ਵੇਲੇ ਤੱਕ ਦੇਸ਼ ਦੇ ਪ੍ਰਧਾਨ ਮੰਤਰੀ ਬਣਨ ਤੱਕ ਦਾ ਸਫਰ ਆਈਕੇ ਗੁਜਰਾਲ ਨੇ ਇਸ ਹਲਕੇ ਤੋਂ ਹੀ ਜਿੱਤ ਕੇ ਕੀਤਾ ਸੀ। ਉਹ 1989 ਅਤੇ 1998 ’ਚ ਦੋ ਵਾਰ ਜਨਤਾ ਦਲ ਦੀ ਟਿਕਟ ’ਤੇ ਜਿੱਤੇ। ਇਸ ਤੋਂ ਇਲਾਵਾ 1971 ’ਚ ਉਸ ਵੇਲੇ ਦੇ ਵਿਦੇਸ਼ ਮੰਤਰੀ ਤੱਕ ਦਾ ਸਫ਼ਰ ਸਵਰਨ ਸਿੰਘ ਨੇ ਇਸ ਹਲਕੇ ਤੋਂ ਜਿੱਤ ਕੇ ਕੀਤਾ ਸੀ। 2004 ਤੋਂ ਇਸ ਹਲਕੇ ਦੀ ਬਣਤਰ ’ਚ ਤਬਦੀਲੀ ਦੇ ਨਾਲ-ਨਾਲ ਇਹ ਹਲਕਾ ਰਿਜ਼ਰਵ ਹੋ ਗਿਆ ਤਾਂ ਸਿਵਾਏ ਜ਼ਿਮਨੀ ਚੋਣ ਦੇ ਤਿੰਨ ਵਾਰ ਇੱਥੋਂ ਕਾਂਗਰਸ ਜੇਤੂ ਰਹੀ। ਦੋਆਬੇ ’ਚ ‘ਦਲਿਤ’ ਵੋਟ ਭਾਰੂ ਹੋਣ ਦੇ ਬਾਵਜੂਦ ਇਸ ਹਲਕੇ ਤੋਂ ਹਾਸ਼ੀਆਗਤ ਹਿੱਸੇ ਦੀ ਨੁਮਾਇੰਦਗੀ ਕਰਨ ਦਾ ਦਾਅਵਾ ਕਰਨ ਵਾਲੀ ਬਹੁਜਨ ਸਮਾਜ ਪਾਰਟੀ ਦੀ ‘ਵੱਡੀ ਹਾਜ਼ਰੀ’ ਕਦੇ ਹਲਕੇ ਨੂੰ ਨਸੀਬ ਨਹੀਂ ਹੋਈ। 2019 ’ਚ ਜਦੋਂ ਪੀਡੀਏ ਹੋਂਦ ’ਚ ਆਇਆ ਤਾਂ ਬਸਪਾ ਦੇ ਬਲਵਿੰਦਰ ਕੁਮਾਰ ਨੂੰ 2 ਲੱਖ ਤੋਂ ਵੱਧ ਵੋਟ ਮਿਲੇ। 2014 ਦੌਰਾਨ ਬਸਪਾ ’ਚੋਂ ਗਏ ਪਵਨ ਕੁਮਾਰ ਟੀਨੂੰ ਨੂੰ ‘ਸਬਕ’ ਸਿਖਾਉਣ ਦੇ ਨਾਂ ਹੇਠ ਵੋਟ ਹੋਰ ਪਾਸੇ ਖਿਸਕ ਗਈ ਅਤੇ ਬਸਪਾ ਦੇ ਸੁਖਵਿੰਦਰ ਸਿੰਘ ਕੋਟਲੀ ਨੂੰ ਸਿਰਫ਼ 46,914 ਵੋਟ ਹੀ ਮਿਲੇ। ਉਂਝ 2009 ’ਚ ਬਸਪਾ ਦੇ ਸੁਰਜੀਤ ਸਿੰਘ ਨੂੰ 93 ਹਜ਼ਾਰ ਤੋਂ ਵੱਧ ਵੋਟ ਮਿਲੇ ਸਨ। 2004 ’ਚ ਬਸਪਾ ਦੇ ਉਮੀਦਵਾਰ ਵਜੋਂ ਦੇਵੀ ਦਾਸ ਨਾਹਰ ਨੂੰ 69 ਹਜ਼ਾਰ ਵੋਟ ਮਿਲੇ। 1992 ’ਚ ਬਸਪਾ ਦੇ ਵਿਪਨ ਕੁਮਾਰ ਨੇ 43,380 ਵੋਟ ਪ੍ਰਾਪਤ ਕੀਤੇ। ਕੁੱਝ ਚੋਣਾਂ ’ਚ ਬਸਪਾ ਅੰਬੇਡਕਰ ਦੇ ਉਮੀਦਵਾਰ ਨੇ ਆਪਣੀ ਛੋਟੀ ਮੋਟੀ ਸਰਗਰਮੀ ਵੀ ਦਿਖਾਈ। ਬਸਪਾ ਆਮ ਤੌਰ ’ਤੇ ਜ਼ਿਮਨੀ ਚੋਣ ਨਹੀਂ ਲੜਦੀ। ਇਸ ਕਾਰਨ ਇਸ ਵਾਰ ਹੋਈ ਜ਼ਿਮਨੀ ਚੋਣ ਦੌਰਾਨ ਅਕਾਲੀ ਦਲ ਨਾਲ ਸਮਝੌਤਾ ਹੋਣ ਦੇ ਬਾਵਜੂਦ ਇਸ ਨੇ ਜਲੰਧਰ ਤੋਂ ਦਾਅਵਾ ਨਹੀਂ ਕੀਤਾ। ਲਿਬਰੇਸ਼ਨ ਜਾਂ ਨਿਊ ਡੈਮੋਕਰੇਸੀ ਨੇ ਕਦੇ ਪਾਰਟੀ ਦੇ ਨਾਂ ’ਤੇ ਜਾਂ ਆਜ਼ਾਦ ਉਮੀਦਵਾਰ ਵਜੋਂ ਵੀ ਚੋਣ ਲੜੀ ਹੈ। ਮੌਜੂਦਾ ਆਰਐੱਮਪੀਆਈ ਦੇ ਦਰਸ਼ਨ ਨਾਹਰ ਨੇ ਆਜ਼ਾਦ ਉਮੀਦਵਾਰ ਵਜੋਂ 2014 ਦੌਰਾਨ ਦਸ ਹਜ਼ਾਰ ਤੋਂ ਵੱਧ ਵੋਟਾਂ ਲਈਆਂ। ਇਸ ਵਾਰ ਸੀਪੀਐੱਮ ਵੱਲੋਂ ਚੋਣ ਲੜਨ ਦਾ ਐਲਾਨ ਕੀਤਾ ਜਾ ਚੁੱਕਾ ਹੈ।



ਕਮਿਊਨਿਸਟਾਂ ਦੀ ਦਾਅਵੇਦਾਰੀ ਖਤਮ ਹੋ ਚੁੱਕੇ ਹਲਕਾ ਫਿਲੌਰ ਤੋਂ ਰਹੀ ਸੀ, ਜਿਥੋਂ ਇੱਕ ਵਾਰ ਮਾ। ਭਗਤ ਰਾਮ ਜੇਤੂ ਰਹੇ ਸਨ ਅਤੇ ਬਸਪਾ ਵੱਲੋਂ ਹਰਭਜਨ ਲਾਖਾ ਦੋ ਵਾਰ ਜੇਤੂ ਰਹੇ ਸਨ।

### ਹੁਸ਼ਿਆਰਪੁਰ ਸੰਸਦੀ ਹਲਕੇ ਨੇ ਬਾਹਰਲੇ ਉਮੀਦਵਾਰਾਂ ਨੂੰ ਦਿੱਤੀ ਅਹਿਮੀਅਤ

ਹੁਸ਼ਿਆਰਪੁਰ ਲੋਕ ਸਭਾ ਹਲਕੇ ਦੀ ਗਿਣਤੀ ਭਾਵੇਂ ਪੱਛੜੇ ਖੇਤਰਾਂ ਵਿੱਚ ਆਉਂਦੀ ਹੈ ਪਰ ਵੱਡੇ-ਵੱਡੇ ਸਿਆਸਤਦਾਨਾਂ ਦਾ ਸਬੰਧ ਇਸ ਖੇਤਰ ਨਾਲ ਰਿਹਾ ਹੈ। ਦੇਸ਼ ਦੇ ਸਾਬਕਾ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ 1980 ਵਿਚ ਇੱਥੋਂ ਲੋਕ ਸਭਾ ਮੈਂਬਰ ਚੁਣੇ ਗਏ ਸਨ। ਸਾਬਕਾ ਕੇਂਦਰੀ ਮੰਤਰੀ ਦਰਬਾਰਾ ਸਿੰਘ ਨੂੰ ਵੀ ਹੁਸ਼ਿਆਰਪੁਰ ਦੇ ਲੋਕਾਂ ਨੂੰ ਚੁਣ ਕੇ 1971 ਵਿਚ ਸੰਸਦ ਵਿੱਚ ਭੇਜਿਆ ਸੀ। ਬਹੁਜਨ ਸਮਾਜ ਪਾਰਟੀ ਦੇ ਬਾਨੀ ਕਾਂਸ਼ੀ ਰਾਮ 1996 ਵਿੱਚ ਇਸ ਹਲਕੇ ਤੋਂ ਚੋਣ ਜਿੱਤ ਕੇ ਸੰਸਦ ’ਚ ਗਏ। ਪਾਰਟੀ ਦੀ ਮੌਜੂਦਾ ਮੁਖੀ ਤੇ ਯੂਪੀ ਦੀ ਸਾਬਕਾ ਮੁੱਖ ਮੰਤਰੀ ਕੁਮਾਰੀ ਮਾਇਆਵਤੀ ਨੇ ਵੀ 1992 ਵਿਚ ਇੱਥੋਂ ਚੋਣ ਲੜੀ, ਹਾਲਾਂਕਿ, ਉਨ੍ਹਾਂ ਨੂੰ ਸਫਲਤਾ ਨਹੀਂ ਮਿਲੀ।

ਉਪਰੋਕਤ ਨੇਤਾਵਾਂ ਤੋਂ ਇਲਾਵਾ ਉੱਘੇ ਕਮਿਊਨਿਸਟ ਆਗੂ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਦਾ ਵੀ ਹੁਸ਼ਿਆਰਪੁਰ ਨਾਲ ਗੂੜ੍ਹਾ ਰਿਸ਼ਤਾ ਰਿਹਾ ਹੈ। ਉਨ੍ਹਾਂ ਨੇ ਆਪਣੀ ਸਿਆਸਤ ਦੀ ਸ਼ੁਰੂਆਤ ਹੀ ਇੱਕ ਤਰ੍ਹਾਂ ਨਾਲ ਹੁਸ਼ਿਆਰਪੁਰ ਤੋਂ ਕੀਤੀ। ਮਾਰਚ 1932 ਵਿਚ ਸ਼ਹੀਦ ਭਗਤ ਸਿੰਘ ਦੀ ਬਰਸੀ ’ਤੇ ਉਨ੍ਹਾਂ ਡਿਪਟੀ ਕਮਿਸ਼ਨਰ ਦਫ਼ਤਰ ’ਤੇ ਲੱਗੇ ਬਰਤਾਨੀਆ ਦੇ ਝੰਡੇ ਨੂੰ ਲਾਹ ਕੇ ਕਾਂਗਰਸ ਦਾ ਝੰਡਾ ਲਹਿਰਾਇਆ ਜਿਸ ਕਰਕੇ ਉਨ੍ਹਾਂ ਨੂੰ ਜੇਲ੍ਹ ਵੀ ਕੱਟਣੀ ਪਈ। ਸਾਬਕਾ ਪ੍ਰਧਾਨ ਮੰਤਰੀ ਡਾ। ਮਨਮੋਹਨ ਸਿੰਘ ਨੇ ਸਥਾਨਕ ਸਰਕਾਰੀ ਕਾਲਜ ਜੋ ਪਹਿਲਾਂ ਪੰਜਾਬ ਯੂਨੀਵਰਸਿਟੀ ਹੁੰਦਾ ਸੀ, ਤੋਂ ਪੋਸਟ ਗ੍ਰੈਜੂਏਸ਼ਨ ਕੀਤੀ ਤੇ ਕੁੱਝ ਸਮਾਂ ਇੱਥੇ ਅਧਿਆਪਨ ਵੀ ਕੀਤਾ।

ਲਗਪਗ 34 ਫ਼ੀਸਦੀ ਐੱਸਸੀ ਵੋਟਰ ਹੋਣ ਕਰਕੇ ਇਹ ਹਲਕਾ ਦਲਿਤ ਸਿਆਸਤ ਦਾ ਧੁਰਾ ਬਣ ਚੁੱਕਿਆ ਹੈ। ਸਾਲ 2009 ਵਿੱਚ ਇਸ ਨੂੰ ਰਾਖਵਾਂ ਹਲਕਾ ਐਲਾਨਿਆ ਗਿਆ ਸੀ। ਇਸ ਵਿਚ ਆਉਂਦੇ 9 ਵਿਧਾਨ ਸਭਾ ਹਲਕਿਆਂ ਵਿੱਚੋਂ ਚਾਰ ਹਲਕੇ-ਚੱਬੇਵਾਲ, ਸ਼ਾਮਚੁਰਾਸੀ, ਫਗਵਾੜਾ ਅਤੇ ਸ੍ਰੀ ਹਰੋਗਬਿੰਦਪੁਰ ਰਾਖਵੇਂ ਹਨ। 1977 ਨੂੰ ਛੱਡ ਕੇ ਕਾਂਗਰਸ ਨੇ 1951 ਤੋਂ 1996 ਤੱਕ ਹੋਈਆਂ ਸਾਰੀਆਂ ਚੋਣਾਂ ਜਿੱਤੀਆਂ ਹਨ। ਇਸ ਪਿੱਛੋਂ ਕਾਂਗਰਸ ਅਤੇ ਭਾਜਪਾ ਵਾਰੀ-ਵਾਰੀ ਇਹ ਸੀਟ ਜਿੱਤਦੀਆਂ ਰਹੀਆਂ ਹਨ। ਪਿਛਲੀ ਚੋਣ ਇੱਥੋਂ ਭਾਜਪਾ ਦੇ ਉਮੀਦਵਾਰ ਸੋਮ ਪ੍ਰਕਾਸ਼ ਨੇ ਜਿੱਤੀ ਜੋ ਇਸ ਵੇਲੇ ਕੇਂਦਰੀ ਉਦਯੋਗ ਰਾਜ ਮੰਤਰੀ ਹਨ। ਇਸ ਤੋਂ ਪਹਿਲਾਂ ਵੀ ਹੁਸ਼ਿਆਰਪੁਰ ਤੋਂ ਚੁਣੇ ਸੰਸਦ ਮੈਂਬਰਾਂ ਨੂੰ ਕੇਂਦਰੀ ਮੰਤਰੀ ਮੰਡਲ ਵਿਚ ਨੁਮਾਇੰਦਗੀ ਮਿਲਦੀ ਰਹੀ ਹੈ। ਸੰਤੋਸ਼ ਚੌਧਰੀ ਸਿਹਤ ਮੰਤਰਾਲੇ ਵਿੱਚ ਰਾਜ ਮੰਤਰੀ ਰਹੇ ਅਤੇ ਵਿਜੈ ਸਾਂਪਲਾ ਸਮਾਜਿਕ ਨਿਆਂ ਅਤੇ ਸ਼ਕਤੀਕਰਨ ਮੰਤਰਾਲੇ ਵਿਚ ਕੇਂਦਰੀ ਰਾਜ ਮੰਤਰੀ ਰਹੇ।

ਹਲਕੇ ਦੇ ਵੋਟਰਾਂ ਦੀ ਇਹ ਖਾਸੀਅਤ ਰਹੀ ਹੈ ਕਿ ਉਹ ਬਾਹਰਲੇ ਉਮੀਦਵਾਰਾਂ ਨੂੰ ਜਿਤਾ ਕੇ ਪਾਰਲੀਮੈਂਟ ਵਿਚ ਭੇਜਦੇ ਰਹੇ ਹਨ, ਚਾਹੇ ਜਿੱਤਣ ਮਗਰੋਂ ਉਨ੍ਹਾਂ ਹਲਕੇ ਵੱਲ ਮੂੰਹ ਨਾ ਕੀਤਾ ਹੋਵੇ। ਇਸ ਵਾਰ ਵੀ ਚਰਚਾ ਹੈ ਕਿ ਭਾਜਪਾ ਕਿਸੇ ਬਾਹਰੀ ਉਮੀਦਵਾਰ ਨੂੰ ਇੱਥੋਂ ਖੜ੍ਹਾ ਕਰਨ ਬਾਰੇ ਵਿਚਾਰ ਕਰ ਰਹੀ ਹੈ ਜਦੋਂਕਿ ਵਿਜੈ ਸਾਂਪਲਾ ਤੇ ਸੋਮ ਪ੍ਰਕਾਸ਼ ਦੋਵੇਂ ਹੀ ਇੱਥੇ ਦੁਬਾਰਾ ਚੋਣ ਲੜਨ ਦੇ ਚਾਹਵਾਨ ਹਨ। ਇਸੇ ਤਰ੍ਹਾਂ ਕਾਂਗਰਸ ਵੱਲੋਂ ਵੀ ਕੋਈ ਬਾਹਰੀ ਉਮੀਦਵਾਰ ਲਿਆਂਦਾ ਜਾ ਸਕਦਾ ਹੈ ਕਿਉਂਕਿ ਡਾ। ਰਾਜ ਕੁਮਾਰ, ਜਿਨ੍ਹਾਂ ਨੂੰ ਇੱਥੋਂ ਟਿਕਟ ਦੇਣ ਬਾਰੇ ਕਾਂਗਰਸ ਸੋਚ ਰਹੀ ਸੀ, ਆਮ ਆਦਮੀ ਪਾਰਟੀ ਵਿੱਚ ਚਲੇ ਗਏ ਅਤੇ ਇਸ ਦੇ ਉਮੀਦਵਾਰ ਵੀ ਬਣ ਗਏ। ਸ਼੍ਰੋਮਣੀ ਅਕਾਲੀ ਦਲ ਨੂੰ ਵੀ ਕੋਈ ਮਜ਼ਬੂਤ ਸਥਾਨਕ ਐੱਸਸੀ ਉਮੀਦਵਾਰ ਨਹੀਂ ਲੱਭ ਰਿਹਾ। ਭਾਜਪਾ ਨਾਲ ਗੱਠਜੋੜ ਨਾ ਹੋਣ ਕਾਰਨ ਇਸ ਵਾਰ ਅਕਾਲੀ ਦਲ ਨੂੰ ਆਪਣਾ ਉਮੀਦਵਾਰ ਖੜ੍ਹਾ ਕਰਨਾ ਪਵੇਗਾ ਪਰ ਸਾਬਕਾ ਮੰਤਰੀ ਸੋਹਣ ਸਿੰਘ ਠੰਡਲ ਤੋਂ ਇਲਾਵਾ ਕੋਈ ਹੋਰ ਉਮੀਦਵਾਰ ਪਾਰਟੀ ਨੂੰ ਨਜ਼ਰ ਨਹੀਂ ਆ ਰਿਹਾ। ਠੰਡਲ ਪਿਛਲੀਆਂ ਦੋ ਵਿਧਾਨ ਸਭਾ ਚੋਣਾਂ ਚੱਬੇਵਾਲ ਹਲਕੇ ਤੋਂ ਹਾਰਦੇ ਆ ਰਹੇ ਹਨ। ਬਹੁਜਨ ਸਮਾਜ ਪਾਰਟੀ ਨੇ ਇੱਕ ਬਿਜ਼ਨਸਮੈਨ ਰਾਕੇਸ਼ ਸੁਮਨ ਨੂੰ ਉਮੀਦਵਾਰ ਐਲਾਨਿਆ ਹੈ। ਉਨ੍ਹਾਂ ਦੇ ਦਾਦਾ ਤੇ ਭਰਾ ਕਰਮ ਚੰਦ ਨੇ ਹੁਸ਼ਿਆਰਪੁਰ ਵਿਧਾਨ ਸਭਾ ਹਲਕੇ ਤੋਂ ਚੋਣ ਜਿੱਤੀ ਸੀ।

ਖਾਲਸਾ ਜੀ ਦੇ ਪ੍ਰਗਟ ਦਿਹਾੜੇ ਅਤੇ ਰੁੱਤ ਦੇ ਤਿਓਹਾਰ ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ



ਮਹਿੰਗਾ ਸਿੰਘ ਸਰਪੰਚ



ਮਲਕੀਤ ਸਿੰਘ ਸੰਧੂ (ਸੰਧੂ ਚੱਠਾ)



ਮਨਜੀਤ ਸਿੰਘ ਸੰਧੂ



ਬਹਾਦਰ ਸਿੰਘ ਸੰਧੂ (ਇਗਲੈਂਡ




ਮਹਿੰਗਾ ਸਿੰਘ ਸਰਪੰਚ, ਮਲਕੀਤ ਸਿੰਘ ਸੰਧੂ (ਸੰਧੂ ਚੱਠਾ), ਮਨਜੀਤ ਸਿੰਘ ਸੰਧੂ, ਲਹਿੰਬਰ ਸਿੰਘ ਸੰਧੂ, ਬਹਾਦਰ ਸਿੰਘ ਸੰਧੂ (ਇਗਲੈਂਡ), ਸਵਰਗੀ ਸੌਦਾਗਰ ਸਿੰਘ ਸੰਧੂ
ਸੰਧੂ ਚੱਠਾ- ਜ਼ਿਲ੍ਹਾ ਕਪੂਰਥਲਾ (ਪੰਜਾਬ)

ਸਵਰਗੀ ਪਿਤਾ- ਅੱਛਰ ਸਿੰਘ ਸੰਧੂ,
ਸਵਰਗੀ ਮਾਤਾ- ਬੀਬੀ ਨਸੀਬ ਕੌਰ ਸੰਧੂ

ਡਾ. ਸ਼ਮਿੰਦਰ ਸਿੰਘ (ਐਮ. ਡੀ.)
ਪੁੱਤਰ ਸ. ਮਹਿੰਗਾ ਸਿੰਘ ਸਰਪੰਚ



ਡਾ. ਸ਼ਮਿੰਦਰ ਸਿੰਘ (ਐਮ. ਡੀ.)



ਲਹਿੰਬਰ ਸਿੰਘ ਸੰਧੂ


ਖਾਲਸਾ ਜੀ ਦੇ ਪ੍ਰਗਟ ਦਿਹਾੜੇ ਅਤੇ ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ
NEW India SWEETS SPICES
CHAT HOUSE
WHOLESALE PRICES
(559) 225-2824
Shaw & Feland, Next to FOODMAXX
3225 W SHAW AVE. # 103 FRESNO CA 93711


ਖਾਲਸਾ ਜੀ ਦੇ ਪ੍ਰਗਟ ਦਿਹਾੜੇ ਅਤੇ ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ
OFFICIAL LAMP ADJUSTING STATION
OFFICIAL CALIFORNIA
BRAKE & LAMP INSPECTION
OFFICIAL BRAKE ADJUSTING STATION
SMOG CHECK
Quick Lube & Smog
Auto repair, Diagnostics & Smog Check Station
ਚਲਦੀਆਂ (Used) ਕਾਰਾਂ, ਵਾਜਬ ਕੀਮਤਾਂ ਤੇ
ਖਰੀਦਣ ਲਈ ਗੋਗੀ ਹੁਰਾਂ ਨੂੰ ਕਾਲ ਕਰੋ
510-757-6775
SUKHWINDER BHELLA
gogibhella@gmail.com
691 W. Tennyson Rd Hayward, CA 94544


ਖਾਲਸਾ ਜੀ ਦੇ ਪ੍ਰਗਟ ਦਿਹਾੜੇ ਅਤੇ ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ
VETERINARIAN UNITED PET HOSPITAL
United Pet Hospital
Dr. Mandeep Bhullar DVM
510-363-9980
1641 Industrial Pkwy W. Hayward, CA. 94544
unitepets@gmail.com
Fax : 510-397-0142


ਖਾਲਸਾ ਜੀ ਦੇ ਪ੍ਰਗਟ ਦਿਹਾੜੇ ਅਤੇ ਰੁੱਤ ਦੇ
ਤਿਓਹਾਰ ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ
ਕਸ਼ਮੀਰ ਸਿੰਘ ਧੁੱਗਾ
ਐਲਾਮੀਡਾ ਕਾਉਂਟੀ ਕਮਿਸ਼ਨਰ
ਕੈਸ਼ ਫੈਬਰਿਕਸ
29576 Mission Blvd Hayward. CA 94544
510-538-1138

ਖਾਲਸਾ ਜੀ ਦੇ ਪ੍ਰਗਟ ਦਿਹਾੜੇ ਅਤੇ ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ

# PREET FABRICS & APPLIANCE

Under New Management

ਅਸੀਂ ਹੋਲਸੇਲ ਅਤੇ ਰੀਟੇਲ ਵਿਚ ਨਵੇਂ ਡਿਜ਼ਾਇਨਾਂ ਦੇ ਸੂਟ, ਜਿਊਲਰੀ,ਫੈਸ਼ਨ ਦਾ ਹੋਰ ਸਮਾਨ, ਵਿਆਹ ਲਈ ਲਹਿੰਗੇ ਅਤੇ ਮੁੰਡਿਆਂ ਲਈ ਵਿਆਹ ਵਾਸਤੇ ਸ਼ੇਰਵਾਨੀ ਅਤੇ ਹੁਣੇ ਨਵੇਂ ਚੱਲੇ ਡਿਜ਼ਾਇਨਾਂ ਦੇ ਕੱਪੜੇ ਵੀ ਰੱਖਦੇ ਹਾਂ। ਸਾਡੇ ਕੋਲ ਕਲਗੀ, ਸਿਹਰਾ, ਚੂੜਾ, ਹਾਰ, ਜਾਗੋ, ਰੁਮਾਲੇ ਤੇ ਹੋਰ ਵਿਆਹ ਦਾ ਸਮਾਨ ਵੀ ਮਿਲਦਾ ਹੈ।



Sale is going on

APPLIANCES & PARKER PENS, OSTER BLENDERS

Watches (Seiko, Citizen & Swistar) Shavers & Trimmers Cellular Phones and OSTER BLENDERS

5156 Mowry AVE. Fremont. CA 94538
Tel- 510-797-7111



ਖਾਲਸਾ ਜੀ ਦੇ ਪ੍ਰਗਟ ਦਿਹਾੜੇ ਅਤੇ ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ

CISI

# CALIFORNIA IMMIGRATION SERVICES INC.

Your Registered & Bonded 'Immigration-Consultants'



ROSY (Kanwal) KAUR
Immigration Consultant
408-422-8585
510-573-3666
website:- www.caials.com email:- rosy@caials.com

- FAMILY IMMIGRATION
- GEEEN CARD PETITION
- CITIZENSHIP
- BUSINESS / VISITOR VISA
- OCI CARD / INDIAN PASSIORT / INDIA VISA
- STUDENT VISA
- RELIGIOUS VISA
- DIVORCE
- VARIOUS IMMIGRATION SERVICES
- U.K. VISA
- CANADA VISA & P.R.
- INDIAN PASSPORT
- POWER OF ATTORNEY

- ਫੈਮਲੀ ਇੰਮੀਗ੍ਰੇਸ਼ਨ
- ਗਰੀਨ ਕਾਰਡ ਪਟੀਸ਼ਨ
- ਸਿਟੀਜਨਸ਼ਿਪ
- ਬਿਜ਼ਨੈਸ ਵੀਜ਼ਾ / ਵਿਜ਼ਟਰ ਵੀਜ਼ਾ
- ਓ.ਸੀ.ਆਈ. ਕਾਰਡ / ਇੰਡੀਅਨ ਪਾਸਪੋਰਟ / ਇੰਡੀਆ ਵੀਜ਼ਾ
- ਸਟੂਡੈਂਟ ਵੀਜ਼ਾ
- ਰਲੀਜ਼ੀਅਸ ਵੀਜ਼ਾ
- ਤਲਾਕ
- ਕਈ ਹੋਰ ਇੰਮੀਗ੍ਰੇਸ਼ਨ ਸੇਵਾਵਾਂ
- ਯੂ. ਕੇ. ਵੀਜ਼ਾ, ਕੈਨੇਡਾ ਵੀਜ਼ਾ ਅਤੇ ਪੀ. ਆਰ.
- ਇੰਡੀਅਨ ਪਾਸਪੋਰਟ
- ਪਾਵਰ ਆਫ ਅਟਾਰਨੀ

Fremont Office: 4127 Bay Street, Unit 5, Fremont CA, 94538
Tracy Office: 1660 W Linnee Rd. Unit J 25, Tracy CA, 95377



MOON indian cuisine

ਖਾਲਸਾ ਜੀ ਦੇ ਪ੍ਰਗਟ ਦਿਹਾੜੇ ਅਤੇ ਰੁੱਤ ਦੇ ਤਿਓਹਾਰ ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ

# Moon Indian Cuisine

510-780-9233





www.moonindiancuisine.net

600 West Harder Rd. Hayward, CA 94544
Phone (510)780-9233 Fax (510) 780-9812

Paul 510-978-7170

Over 30 Years Experience in Restaurant & Catering Business



ਖਾਲਸਾ ਜੀ ਦੇ ਪ੍ਰਗਟ ਦਿਹਾੜੇ ਅਤੇ ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ

# TASTE OF INDIA

specialist- Gurh Dee Barfee, Gurh Diyaan Jalebian

32 ਸਾਲ ਤੋਂ ਕੈਲੇਫੋਰਨੀਆ ਦਾ ਸਭ ਤੋਂ ਪਹਿਲਾ ਤੇ ਵਧੀਆ ਰੈਸਟੋਰੈਂਟ

ਗੁੜ ਦੀ ਬਰਫੀ, ਫਿੱਕਾ ਕਲਾਕੰਦ ਗੁੜ ਦੀਆਂ ਜਲੇਬੀਆਂ, ਇਮਰਤੀ

ਬਿਲਕੁਲ ਨਵੀਂ ਦਿੱਖ ਦੇ ਨਾਲ ਸਜਾਇਆ ਰੈਸਟੋਰੈਂਟ

lunch buffet everyday
fresh jalebian every day




DEVINDER SINGH PABLA (OWNER)
510-791-1316

ਛੋਟੇ-ਵੱਡੇ ਹਰ ਕਿਸਮ ਦੇ ਪ੍ਰੋਗਰਾਮ ਲਈ ਕੇਟਰਿੰਗ ਦਾ ਸਪੈਸ਼ਲ ਪ੍ਰਬੰਧ

5144 MOWRY AVE (ON FARWELL DR)
FREMONT, CA 94538
510-773-8810



# ਪੰਜਾਬ ਵਿਚ ਸਾਇਲੋਜ਼ ਦਾ ਰੇੜਕਾ

ਪੰਜਾਬ ਸਰਕਾਰ ਨੇ ਆਖ਼ਰ ਦਰਜਨਾਂ ਗੁਦਾਮਾਂ (ਸਾਇਲੋਜ਼) ਨੂੰ ਖ਼ਰੀਦ ਕੇਂਦਰਾਂ 'ਚ ਤਬਦੀਲ ਕਰਨ ਦਾ ਆਪਣਾ ਫ਼ੈਸਲਾ ਰੱਦ ਕਰ ਦਿੱਤਾ ਹੈ। ਦਰਅਸਲ, ਸਰਕਾਰ ਦੇ ਇਸ ਫ਼ੈਸਲੇ ਤੋਂ ਕਿਸਾਨ ਡਾਢੇ ਨਾਰਾਜ਼ ਚੱਲ ਰਹੇ ਸਨ। ਖ਼ੁਰਾਕ ਤੇ ਸਪਲਾਈ ਵਿਭਾਗ ਤੇ ਪੰਜਾਬ ਮੰਡੀ ਬੋਰਡ ਦੇ ਰਿਕਾਰਡਾਂ ਦੀ ਪੜਤਾਲ ਪਿੱਛੋਂ ਇਹ ਅਹਿਮ ਫ਼ੈਸਲਾ ਲਿਆ ਗਿਆ ਹੈ ਜਿਸ ਤੋਂ ਕਿਸਾਨ ਡਾਢੇ ਖ਼ੁਸ਼ ਹਨ। ਬੀਤੀ 15 ਤੇ 20 ਮਾਰਚ ਨੂੰ ਨੋਟੀਫਿਕੇਸ਼ਨ ਜਾਰੀ ਕੀਤੇ ਗਏ ਸਨ ਕਿ ਹਾੜ੍ਹੀ ਦੇ ਸੀਜ਼ਨ 2024-25 ਲਈ 12 ਸਾਇਲੋਜ਼ ਹੁਣ ਮੰਡੀ ਯਾਰਡ ਸਮਝੇ ਜਾਣਗੇ।

ਤਦ ਤੋਂ ਹੀ ਸਾਇਲੋਜ਼ ਦੇ ਮੁੱਦੇ 'ਤੇ ਰੌਲ਼ਾ ਪਿਆ ਹੋਇਆ ਸੀ। ਇਸੇ ਲਈ ਕਿਸਾਨਾਂ ਨੇ ਸੱਤ ਅਪ੍ਰੈਲ ਨੂੰ ਦੇਸ਼ ਭਰ 'ਚ ਰੋਸ ਮੁਜ਼ਾਹਰੇ ਕਰਨ ਦਾ ਫ਼ੈਸਲਾ ਕੀਤਾ ਸੀ। ਪੰਜਾਬ 'ਚ ਮੁੱਖ ਮੰਤਰੀ ਭਗਵੰਤ ਮਾਨ ਤੇ ਭਾਰਤੀ ਜਨਤਾ ਪਾਰਟੀ ਦੇ ਪੁਤਲੇ ਫੂਕਣ ਦਾ ਐਲਾਨ ਵੀ ਕੀਤਾ ਗਿਆ ਸੀ। ਹੁਣ ਇਕ ਪਾਸੇ ਜਦੋਂ ਆਮ ਸੰਸਦੀ ਚੋਣਾਂ ਸਿਰ 'ਤੇ ਹਨ ਤੇ ਪਹਿਲੀ ਅਪ੍ਰੈਲ ਤੋਂ ਪੰਜਾਬ 'ਚ ਕਣਕ ਦੀ ਖ਼ਰੀਦ ਸ਼ੁਰੂ ਹੋ ਗਈ ਹੈ, ਅਜਿਹੇ ਵੇਲੇ ਸਰਕਾਰ ਕਿਸੇ ਤਰ੍ਹਾਂ ਦਾ ਵਿਵਾਦ ਨਹੀਂ ਚਾਹੁੰਦੀ ਸੀ। ਇਸੇ ਲਈ ਹੁਣ ਤੁਰਤ-ਫੁਰਤ ਸਾਇਲੋਜ਼ ਬਾਰੇ ਫ਼ੈਸਲਾ ਵਾਪਸ ਲੈ ਲਿਆ ਗਿਆ ਹੈ।



ਪਹਿਲੇ ਸਰਕੂਲਰ 'ਚ ਕਣਕ ਦੀ ਖ਼ਰੀਦ ਲਈ ਕੋਟਕਪੂਰਾ (ਫ਼ਰੀਦਕੋਟ) ਦੇ ਅਡਾਨੀ ਸਾਇਲੋ, ਮਾਲੇਰਕੋਟਲਾ ਤੇ ਅਹਿਮਦਗੜ੍ਹ ਸਥਿਤ ਲੀਪ ਐਗ੍ਰੀ ਲੌਜਿਸਟਿਕਸ, ਸੰਗਰੂਰ ਜ਼ਿਲ੍ਹੇ 'ਚ ਸੁਨਾਮ ਦੇ ਮਾਇ ਸਾਇਲੋ, ਪਿੰਡ ਛਾਜਲੀ ਦੇ ਐੱਮਬੀਆਰ ਸਾਇਲੋ, ਗੁਰਦਾਸਪੁਰ ਜ਼ਿਲ੍ਹੇ ਦੇ ਪਿੰਡ ਛੀਨਾ ਸਥਿਤ ਸਾਇਲੋ, ਮੋਗਾ ਦੇ ਅਡਾਨੀ ਸਾਇਲੋ, ਬਰਨਾਲਾ ਦੇ ਵੀਆਰਸੀ ਸਾਇਲੋ, ਅੰਮ੍ਰਿਤਸਰ ਜ਼ਿਲ੍ਹੇ ਦੇ ਮਜੀਠਾ ਸਥਿਤ ਕੱਥੂਨੰਗਲ ਸਾਇਲੋ ਤੇ ਪਟਿਆਲਾ 'ਚ ਛੀਂਟਾਂਵਾਲਾ ਦੇ ਐੱਮਆਰਬੀ ਸਾਇਲੋ ਨੂੰ ਖ਼ਰੀਦ ਕੇਂਦਰਾਂ 'ਚ ਤਬਦੀਲ ਕਰਨ ਦੇ ਹੁਕਮ ਜਾਰੀ ਹੋਏ ਸਨ।

ਇਸ ਮਾਮਲੇ 'ਚ ਪੰਜਾਬ ਦੇ ਕਿਸਾਨ ਆਗੂਆਂ ਦੀ ਦਲੀਲ ਸੀ ਕਿ ਇਨ੍ਹਾਂ ਨੋਟੀਫਿਕੇਸ਼ਨਾਂ ਦੇ ਆਧਾਰ 'ਤੇ ਪੰਜਾਬ ਮੰਡੀ ਬੋਰਡ ਦੀਆਂ 26 ਏਪੀਐੱਮਸੀਜ਼ ਸਿੱਧੇ ਤੌਰ 'ਤੇ ਪ੍ਰਭਾਵਿਤ ਹੋਣਗੀਆਂ ਤੇ ਉਨ੍ਹਾਂ ਦਾ ਸਾਰਾ ਕੰਮ ਨਿੱਜੀ ਸਾਇਲੋਜ਼ ਕੋਲ ਚਲਾ ਜਾਵੇਗਾ। ਉਨ੍ਹਾਂ ਦਾ ਕਹਿਣਾ ਸੀ ਕਿ ਸਾਲ 2020 'ਚ ਲਾਗੂ ਕੀਤੇ ਜਿਹੜੇ ਤਿੰਨ ਨਵੇਂ ਖੇਤੀ ਕਾਨੂੰਨਾਂ ਦਾ ਉਨ੍ਹਾਂ ਜ਼ੋਰਦਾਰ ਵਿਰੋਧ ਕੀਤਾ ਸੀ, ਬਿਲਕੁਲ ਉਸੇ ਤਰਜ਼ 'ਤੇ ਹੁਣ ਪੰਜਾਬ ਸਰਕਾਰ ਨੇ ਅਜਿਹਾ ਫ਼ੈਸਲਾ ਲੈ ਲਿਆ ਹੈ। ਸਰਕਾਰ ਆਪਣੀ ਜ਼ਿੰਮੇਵਾਰੀ ਪ੍ਰਾਈਵੇਟ ਸਾਇਲੋਜ਼ ਨੂੰ ਦੇ ਕੇ ਕਾਰਪੋਰੇਟ ਘਰਾਣਿਆਂ ਨੂੰ ਖੇਤੀਬਾੜੀ ਖੇਤਰ 'ਚ ਦਾਖ਼ਲ ਕਰਵਾ ਰਹੀ ਹੈ।

ਕਿਸਾਨਾਂ ਦੇ ਅਜਿਹੇ ਵਿਚਾਰ ਇਸ ਲਈ ਬਣੇ ਹਨ ਕਿਉਂਕਿ ਪੰਜਾਬ 'ਚ ਇਹ ਬਿਰਤਾਂਤ ਸਿਰਜ ਦਿੱਤਾ ਗਿਆ ਹੈ ਕਿ ਕਾਰਪੋਰੇਟ ਅਦਾਰੇ ਛੋਟੇ ਤੇ ਹਾਸ਼ੀਏ 'ਤੇ ਪੁੱਜ ਚੁੱਕੇ ਕਿਸਾਨਾਂ ਦੇ ਖ਼ਿਲਾਫ਼ ਹੁੰਦੇ ਹਨ। ਰਵਾਇਤੀ ਗੁਦਾਮਾਂ ਦੇ ਮੁਕਾਬਲੇ ਇਨ੍ਹਾਂ ਨਵੇਂ ਸਾਇਲੋਜ਼ 'ਚ ਵਧੇਰੇ ਅਨਾਜ ਦਾ ਭੰਡਾਰ ਕੀਤਾ ਜਾ ਸਕਦਾ ਹੈ।

ਜਿੰਨੇ ਸਾਇਲੋਜ਼ ਪੰਜਾਬ 'ਚ ਹਨ, ਉਨ੍ਹਾਂ 'ਚ 7.25 ਲੱਖ ਟਨ ਕਣਕ ਸਟੋਰ ਕੀਤੀ ਜਾ ਸਕਦੀ ਹੈ। ਸਰਕਾਰ ਨੂੰ ਸਟੀਲ ਦੇ ਬਣੇ ਨਿੱਜੀ ਸਾਇਲੋਜ਼ 'ਚ ਅਨਾਜ ਰੱਖਣ ਲਈ ਸਬੰਧਤ ਕੰਪਨੀਆਂ ਨੂੰ ਕਿਰਾਇਆ ਦੇਣਾ ਪੈਂਦਾ ਹੈ। ਪੁਰਾਣੇ ਗੁਦਾਮਾਂ ਦੇ ਮੁਕਾਬਲੇ ਇਨ੍ਹਾਂ 'ਚ ਅਨਾਜ ਰੱਖਣਾ ਵਧੇਰੇ ਸੁਰੱਖਿਅਤ ਸਮਝਿਆ ਜਾਂਦਾ ਹੈ। ਪੰਜਾਬ ਸਰਕਾਰ ਨੇ ਇਹ ਦੱਸਿਆ ਹੈ ਕਿ ਪੰਜਾਬ ਦੇ ਖ਼ੁਰਾਕ ਤੇ ਸਿਵਲ ਸਪਲਾਈ ਵਿਭਾਗ ਦੇ ਡਾਇਰੈਕਟਰ ਨੇ ਇਨ੍ਹਾਂ ਸਾਇਲੋਜ਼ ਲਈ ਸਿਫ਼ਾਰਸ਼ ਕੀਤੀ ਸੀ। ਭਾਰਤ ਸਰਕਾਰ ਨੇ ਫਰਵਰੀ 2020 'ਚ ਪੰਜਾਬ 'ਚ ਜਨਤਕ-ਨਿੱਜੀ ਭਾਈਵਾਲੀ ਰਾਹੀਂ 31 ਸਾਇਲੋਜ਼ ਸਥਾਪਤ ਕਰਨ ਦਾ ਐਲਾਨ ਕੀਤਾ ਸੀ।

# ਇਸ ਵਾਰ ਦਿਲਚਸਪ ਹੋਵੇਗਾ ਭਾਰਤ ਦਾ ਚੋਣ ਮੈਦਾਨ



ਦਰਬਾਰਾ ਸਿੰਘ ਕਾਹਲੋਂ

ਭਾਰਤ ਦੇ ਮੌਜੂਦਾ ਲੋਕਤੰਤਰੀ ਸਿਸਟਮ ਵਿਚ ਵੱਡੇ ਪੱਧਰ 'ਤੇ ਕਮੀਆਂ ਅਤੇ ਕੁਰੀਤੀਆਂ ਘੁਸਣ ਦੇ ਬਾਵਜੂਦ ਭਾਰਤ ਵਿਸ਼ਵ ਦਾ ਸਭ ਤੋਂ ਵੱਡਾ ਲੋਕਤੰਤਰ ਮੰਨਿਆ ਜਾਂਦਾ ਹੈ। ਇਸ ਅੰਦਰ ਵਾਪਰਦੀਆਂ ਰਾਜਨੀਤਕ, ਸਮਾਜਿਕ, ਆਰਥਿਕ, ਧਾਰਮਿਕ ਅਤੇ ਸੱਭਿਆਚਾਰਕ ਘਟਨਾਵਾਂ ਨਿਰਸੰਦੇਹ ਪੂਰੇ ਵਿਸ਼ਵ ਨੂੰ ਪ੍ਰਭਾਵਿਤ ਕਰਦੀਆਂ ਹਨ। ਇਸ ਲੋਕਤੰਤਰ ਦੀ ਖ਼ੂਬਸੂਰਤੀ ਇਹੀ ਬਚੀ ਹੈ ਕਿ ਇਸ ਅੰਦਰ ਜਨਤਕ ਫ਼ਤਵੇ ਨੂੰ ਮਹੱਤਵ ਦੇਣਾ ਜਾਰੀ ਹੈ।

ਲਗਾਤਾਰ ਸੰਘੀ, ਸੂਬਾਈ ਤੇ ਸਥਾਨਕ ਪੱਧਰ 'ਤੇ ਚੋਣਾਂ ਹੁੰਦੀਆਂ ਹਨ। ਇਕ ਸਿਹਤਮੰਦ ਲੋਕਤੰਤਰ ਲਈ ਨਿਰਪੱਖ, ਆਜ਼ਾਦਾਨਾ ਤੇ ਮੁਨਸਫਾਨਾ ਚੋਣਾਂ ਦਾ ਹੋਣਾ ਅਤਿ ਜ਼ਰੂਰੀ ਹੈ। ਵਿਸ਼ਵ ਭਰ ਵਿਚ ਸੱਤਾ ਮੋਹ ਖ਼ਾਤਰ ਭ੍ਰਿਸ਼ਟਾਚਾਰੀ, ਧੋਖੇਬਾਜ਼, ਫਰਾਡੀ, ਅਨੈਤਿਕ, ਮੌਕਾਪ੍ਰਸਤ, ਲੋਕ-ਲੁਭਾਊ ਹੱਥਕੰਡੇ ਅਪਣਾਉਣ ਵਾਲੀ ਪਰਿਵਾਰਵਾਦੀ, ਤਾਨਾਸ਼ਾਹ ਜਾਂ ਸਵੈ-ਸਥਾਪਤੀ ਪ੍ਰਤੀ ਅੰਨ੍ਹੀ ਰਾਜਨੀਤਕ ਲੀਡਰਸ਼ਿਪ ਚੋਣਾਂ ਜਿੱਤਣ ਲਈ ਸਾਮ, ਦਾਮ, ਦੰਡ, ਭੇਦ ਜਿਹੇ ਹਥਿਆਰ ਵਰਤਦੀ ਵੇਖੀ ਜਾਂਦੀ ਹੈ ਜੋ ਲੋਕ ਫ਼ਤਵੇ ਜਿਹੇ ਪਵਿੱਤਰ ਲੋਕਤੰਤਰੀ ਪੈਮਾਨੇ ਨੂੰ ਦਾਗ਼ਦਾਰ ਕਰ ਦਿੰਦੇ ਹਨ। ਪਾਕਿਸਤਾਨ, ਬੰਗਲਾਦੇਸ਼, ਰੂਸ, ਬ੍ਰਾਜ਼ੀਲ, ਸਾਊਥ ਅਫ਼ਰੀਕਾ, ਪੱਛਮੀ ਦੇਸ਼ਾਂ ਵਿਚ ਹੀ ਨਹੀਂ ਸਗੋਂ ਅਮਰੀਕਾ ਵਰਗੀਆਂ ਮਹਾ-ਲੋਕਤੰਤਰੀ ਸ਼ਕਤੀਆਂ ਅੰਦਰ ਵੀ ਇਨ੍ਹਾਂ ਦੀ ਬੇਸ਼ਰਮੀ, ਅਨੈਤਿਕਤਾ ਅਤੇ ਸੱਤਾ ਖ਼ਾਤਰ ਵਰਤੋਂ ਹੁੰਦੀ ਵੇਖੀ ਜਾਂਦੀ ਹੈ।



ਖ਼ੈਰ! ਭਾਰਤ ਦੀ 17ਵੀਂ ਲੋਕ ਸਭਾ ਦਾ ਕਾਰਜਕਾਲ 16 ਜੂਨ 2024 ਨੂੰ ਖ਼ਤਮ ਹੋਣ ਦੇ ਮੱਦੇਨਜ਼ਰ ਭਾਰਤੀ ਚੋਣ ਕਮਿਸ਼ਨ ਦੇ ਮੁੱਖ ਚੋਣ ਕਮਿਸ਼ਨਰ ਰਾਜੀਵ ਕੁਮਾਰ ਨੇ 16 ਮਾਰਚ 2024 ਨੂੰ ਭਾਰਤ ਦੀ 18ਵੀਂ ਲੋਕ ਸਭਾ ਦੇ ਸੰਵਿਧਾਨਕ ਗਠਨ ਲਈ ਚੋਣਾਂ ਦਾ ਐਲਾਨ ਕਰ ਦਿੱਤਾ ਸੀ। 543 ਮੈਂਬਰੀ ਲੋਕ ਸਭਾ ਸਦਨ ਲਈ 7 ਮਰਹਲਿਆਂ ਵਿਚ 19 ਅਪ੍ਰੈਲ ਤੋਂ 1 ਜੂਨ 2024 ਤੱਕ ਚੋਣਾਂ ਕਰਵਾਈਆਂ ਜਾਣਗੀਆਂ। ਚਾਰ ਜੂਨ ਨੂੰ ਨਤੀਜੇ ਐਲਾਨੇ ਜਾਣਗੇ। ਲਗਪਗ 968 ਮਿਲੀਅਨ ਵੋਟਰ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕਰਨਗੇ। ਕਿਸੇ ਵੀ ਵੋਟਰ ਨੂੰ 2 ਕਿੱਲੋਮੀਟਰ ਤੋਂ ਵੱਧ ਸਫ਼ਰ ਵੋਟਿੰਗ ਲਈ ਨਹੀਂ ਕਰਨਾ ਪਵੇਗਾ। ਇਸ ਕਾਰਜ ਨੂੰ ਨੇਪਰੇ ਚੜ੍ਹਾਉਣ ਲਈ ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ ਦੀ ਵਰਤੋਂ ਕੀਤੀ ਜਾਵੇਗੀ। ਇਸ ਨੂੰ ਸਫਲਤਾਪੂਰਵਕ ਅੰਜਾਮ ਦੇਣ ਲਈ ਚੋਣ ਕਮਿਸ਼ਨ ਨੇ 15 ਮਿਲੀਅਨ ਪੋਲਿੰਗ ਅਮਲਾ ਤਾਇਨਾਤ ਕੀਤਾ ਹੈ।

ਪਹਿਲੀ ਵਾਰ 1.82 ਕਰੋੜ ਨੌਜਵਾਨ ਮਤਦਾਤਾ ਵੋਟ ਦੇ ਅਧਿਕਾਰ ਦੀ ਵਰਤੋਂ ਕਰਨਗੇ। ਚੋਣ ਕਮਿਸ਼ਨ ਹਰ ਵੋਟਰ ਨੂੰ ਆਪਣੇ ਵੋਟ ਦੇ ਅਧਿਕਾਰ ਦਾ ਮੌਕਾ ਪ੍ਰਦਾਨ ਕਰਨ ਤੋਂ ਜ਼ਰਾ ਵੀ ਕੁਤਾਹੀ ਨਹੀਂ ਕਰੇਗਾ। ਸੰਨ 2019 ਦੀਆਂ ਲੋਕ ਸਭਾ ਚੋਣਾਂ ਵਿਚ ਅਰੁਣਾਚਲ ਪ੍ਰਦੇਸ਼ ਦੇ ਦੂਰ-ਦੁਰਾਡੇ ਤੇ ਇਲਾਕਿਆਂ ਵਿਚ ਇਸ ਮੰਤਵ ਲਈ ਚੋਣ ਅਮਲੇ ਨੂੰ 483 ਕਿੱਲੋਮੀਟਰ ਪਹਾੜੀ, ਪਥਰੀਲਾ, ਔਕੜਾਂ ਭਰਿਆ ਸਫ਼ਰ ਤਹਿ ਕਰਨਾ ਪਿਆ ਸੀ।

ਇਨ੍ਹਾਂ ਲੋਕ ਸਭਾ ਚੋਣਾਂ ਨਾਲ ਚਾਰ ਰਾਜਾਂ ਜਿਵੇਂ ਆਂਧਰ ਪ੍ਰਦੇਸ਼, ਅਰੁਣਾਚਲ ਪ੍ਰਦੇਸ਼, ਓਡੀਸ਼ਾ ਅਤੇ ਸਿੱਕਿਮ ਵਿਧਾਨ ਸਭਾਵਾਂ ਦੀਆਂ ਚੋਣਾਂ ਵੀ ਕਰਵਾਈਆਂ ਜਾ ਰਹੀਆਂ ਹਨ। ਛੇ ਰਾਸ਼ਟਰੀ ਰਾਜਨੀਤਕ ਪਾਰਟੀਆਂ ਜਿਵੇਂ ਕਿ ਭਾਜਪਾ, ਕਾਂਗਰਸ, ਆਮ ਆਦਮੀ ਪਾਰਟੀ, ਬਹੁਜਨ ਸਮਾਜ ਪਾਰਟੀ, ਸੀਪੀਆਈ(ਐੱਮ) ਅਤੇ ਨੈਸ਼ਨਲ ਪੀਪਲਜ਼ ਪਾਰਟੀ, 58 ਇਲਾਕਾਈ ਅਤੇ ਸੂਬਾਈ ਰਾਜਨੀਤਕ ਪਾਰਟੀਆਂ ਤੇ ਲਗਪਗ 2597 ਗ਼ੈਰ-ਮਾਨਤਾ ਪ੍ਰਾਪਤ ਰਾਜਨੀਤਕ ਪਾਰਟੀਆਂ ਸਮੇਤ ਆਜ਼ਾਦ ਉਮੀਦਵਾਰ ਇਸ ਚੋਣ ਮਹਾ-ਦੰਗਲ ਵਿਚ ਕੁੱਦਣਗੇ।

ਵੱਡੇ ਰਾਜਾਂ ਵਿਚ ਲੋਕ ਸਭਾ ਉਮੀਦਵਾਰ ਲਈ 95 ਲੱਖ ਅਤੇ ਛੋਟੇ ਰਾਜਾਂ ਲਈ 75 ਲੱਖ ਰੁਪਏ ਖ਼ਰਚਣ ਜਦਕਿ ਵੱਡੇ ਰਾਜਾਂ ਦੇ ਵਿਧਾਨ ਸਭਾ ਹਲਕੇ ਦੇ ਉਮੀਦਵਾਰ ਲਈ 40 ਲੱਖ ਅਤੇ ਛੋਟੇ ਰਾਜਾਂ ਵਿਚਲੇ ਉਮੀਦਵਾਰਾਂ ਲਈ 28 ਲੱਖ ਰੁਪਏ ਖ਼ਰਚਣ ਦੀ ਹੱਦ ਚੋਣ ਕਮਿਸ਼ਨ ਵੱਲੋਂ ਮਿੱਥੀ ਗਈ ਹੈ। ਪਰ ਹਕੀਕਤ ਵਿਚ ਇਹ ਖ਼ਰਚੇ 100 ਤੋਂ 500 ਕਰੋੜ ਪ੍ਰਤੀ ਹਲਕੇ 'ਚ ਖ਼ਰਚੇ ਜਾਂਦੇ ਹਨ। ਚੋਣ ਕਮਿਸ਼ਨ ਬਾਹੂਬਲੀ ਸਿਆਸਤਦਾਨਾਂ, ਰਾਜਨੀਤਕ ਪਾਰਟੀਆਂ ਤੇ ਚੋਣ ਮਾਫ਼ੀਆਵਾਂ ਸਾਹਮਣੇ 'ਭਿੱਜੀ ਬਿੱਲੀ' ਬਣ ਕੇ ਰਹਿ ਜਾਂਦਾ ਹੈ। ਸੰਨ 2019 ਦੀਆਂ ਲੋਕ ਸਭਾ ਚੋਣਾਂ ਵੇਲੇ 8.7 ਮਿਲੀਅਨ ਡਾਲਰ ਸਿਆਸੀ ਪਾਰਟੀਆਂ ਅਤੇ ਉਮੀਦਵਾਰਾਂ ਵੱਲੋਂ ਖ਼ਰਚੇ ਗਏ। ਇਨ੍ਹਾਂ ਚੋਣਾਂ 'ਚ 615 ਮਿਲੀਅਨ ਵੋਟਰਾਂ ਭਾਵ ਕੁੱਲ ਵੋਟਰਾਂ ਦੇ 67.4 ਪ੍ਰਤੀਸ਼ਤ ਨੇ ਆਪਣੇ ਮਤ ਦੇ ਅਧਿਕਾਰ ਦੀ ਵਰਤੋਂ ਕੀਤੀ ਸੀ ਜੋ ਇਕ ਰਿਕਾਰਡ ਹੈ ਹੁਣ ਤੱਕ ਦਾ ਭਾਰਤੀ ਲੋਕਤੰਤਰ ਦੇ ਇਤਿਹਾਸ ਵਿਚ।

ਲੋਕ ਸਭਾ ਚੋਣਾਂ 2024 ਭਾਰਤ ਦੇ ਲੋਕਤੰਤਰੀ ਇਤਿਹਾਸ 'ਚ ਬਹੁਤ ਅਹਿਮ ਤੇ ਨਿਰਣਾਇਕ ਹੋਣਗੀਆਂ। ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਤੇ ਸੀਪੀਆਈ (ਐੱਮ) ਨੇਤਾਵਾਂ ਨੇ ਖ਼ਦਸ਼ਾ ਜ਼ਾਹਿਰ ਕੀਤਾ ਹੈ ਕਿ ਜੇਕਰ ਤੀਜੀ ਵਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿਚ ਭਾਜਪਾ ਅਤੇ ਐੱਨਡੀਏ ਗੱਠਜੋੜ ਜਿੱਤ ਪ੍ਰਾਪਤ ਕਰਦਾ ਹੈ ਤਾਂ ਸ਼ਾਇਦ ਮੁੜ ਇਸ ਦੇਸ਼ ਵਿਚ ਲੋਕਤੰਤਰੀ ਚੋਣਾਂ ਦਾ ਭੋਗ ਪੈ ਜਾਏ। ਇਸ ਦੇ ਵੀ ਠੋਸ ਕਾਰਨ ਹਨ।

ਸੁਪਰੀਮ ਕੋਰਟ ਦੇ ਆਦੇਸ਼ਾਂ 'ਤੇ ਸਟੇਟ ਬੈਂਕ ਆਫ ਇੰਡੀਆ ਨੇ ਚੋਣ ਬਾਂਡ ਲਿਸਟ ਜੋ ਚੋਣ ਕਮਿਸ਼ਨ ਨੂੰ ਦਿੱਤੀ ਹੈ, ਉਸ ਤੋਂ ਪਤਾ ਲੱਗਦਾ ਹੈ ਕਿ ਇਹ ਇਕ ਵੱਡਾ ਘੁਟਾਲਾ ਹੈ ਜਿਸ ਵਿਚ ਸਭ ਤੋਂ ਵੱਧ 7 ਹਜ਼ਾਰ ਕਰੋੜ ਦੇ ਲਗਪਗ ਭਾਜਪਾ ਨੂੰ ਮਿਲੇ।

ਇਹ ਬਾਂਡ ਜਾਂਚ ਏਜੰਸੀਆਂ ਦੇ ਦਬਾਅ ਰਾਹੀਂ ਇਕੱਤਰ ਕੀਤੇ ਜਾਣ ਦਾ ਵੀ ਸੱਚ ਸਾਹਮਣੇ ਆਇਆ ਹੈ। ਭਾਜਪਾ ਮੁਕਾਬਲੇ ਟੀਐੱਮਸੀ 1610, ਕਾਂਗਰਸ 1422, ਬੀਆਰਐੱਸ 1215, ਬੀਜੇਡੀ ਨੂੰ 776 ਕਰੋੜ ਹੀ ਮਿਲੇ। ਹੋਰ ਪਾਰਟੀਆਂ ਨੂੰ ਇਸ ਤੋਂ ਕਿਤੇ ਘੱਟ। ਜੰਮੂ-ਕਸ਼ਮੀਰ ਦਾ ਵਿਸ਼ੇਸ਼ ਧਾਰਾ 370 ਸਟੇਟਸ ਖੋਹ ਲਿਆ ਗਿਆ।

ਰਾਜਪਾਲਾਂ ਦਾ ਗ਼ੈਰ-ਸੰਵਿਧਾਨਕ ਦਖ਼ਲ ਵਿਰੋਧੀ ਧਿਰ ਦੀਆਂ ਰਾਜ ਸਰਕਾਰਾਂ ਵਿਰੁੱਧ ਜਾਰੀ ਹੈ। ਘੱਟ ਗਿਣਤੀਆਂ ਨਾਲ ਸਬੰਧਤ ਬੰਦੀ ਸਜ਼ਾਵਾਂ ਪੂਰੀਆਂ ਕਰਨ 'ਤੇ ਵੀ ਨਾ ਛੱਡੇ ਤੇ 82 ਕਰੋੜ ਗ਼ਰੀਬ ਲੋਕਾਂ ਨੂੰ ਵੋਟਾਂ ਖ਼ਾਤਰ ਅਗਲੇ 5 ਸਾਲ ਮੁਫ਼ਤ ਭੋਜਨ ਵਿਵਸਥਾ ਦਾ ਪ੍ਰਬੰਧ ਕੀਤਾ। ਕੇਜਰੀਵਾਲ ਦੀ ਗ੍ਰਿਫ਼ਤਾਰੀ ਨੂੰ ਲੈ ਕੇ ਅਮਰੀਕਾ ਅਤੇ ਜਰਮਨੀ ਨੇ ਨਿਰਪੱਖ ਜਾਂਚ ਅਤੇ ਮਾਨਵਤਾਵਾਦੀ ਵਰਤਾਅ ਦੀ ਉਮੀਦ ਕੀਤੀ। ਮੋਦੀ ਸਰਕਾਰ ਨੇ ਉਨ੍ਹਾਂ ਦੇ ਉਪ ਰਾਜਦੂਤਾਂ ਨੂੰ ਬੁਲਾ ਕੇ ਤਾੜਿਆ। ਰੁਜ਼ਗਾਰ ਖੇਤਰ ਵਿਚ ਸਰਕਾਰ ਦੀ ਕਾਰਗੁਜ਼ਾਰੀ ਅਤਿ ਨਿਰਾਸ਼ਾਜਨਕ ਹੈ। ਆਈਐੱਲਓ ਅਤੇ ਭਾਰਤ ਰੁਜ਼ਗਾਰ ਰਿਪੋਰਟ 2024 ਅਨੁਸਾਰ ਭਾਰਤ ਦੇ 80% ਬੇਰੁਜ਼ਗਾਰ ਨੌਜਵਾਨ ਹਨ। ਜੋ ਰੁਜ਼ਗਾਰ ਪ੍ਰਾਪਤ ਕਰਦੇ ਹਨ, ਉਹ ਘੱਟ ਵੇਤਨ ਦਾ ਸ਼ਿਕਾਰ ਹਨ। ਫ਼ੌਜ ਸਬੰਧੀ ਅਗਨੀਵੀਰ ਸਕੀਮ ਅਤਿ ਨਿੰਦਣਯੋਗ ਹੈ। ਇਨ੍ਹਾਂ ਚੋਣਾਂ ਵਿਚ ਮੁੱਖ ਮੁਕਾਬਲਾ ਭਾਜਪਾ ਦੀ ਅਗਵਾਈ ਵਾਲੇ 38 ਪਾਰਟੀਆਂ ਦੇ ਗੱਠਜੋੜ ਐੱਨਡੀਏ ਅਤੇ 26 ਪਾਰਟੀਆਂ 'ਤੇ ਆਧਾਰਤ ਕਾਂਗਰਸ ਦੀ ਅਗਵਾਈ ਵਾਲੇ ਇੰਡੀਆ ਗੱਠਜੋੜ ਦਾ ਹੈ।

ਭਾਜਪਾ ਨੇ ਪਿਛਲੀ ਵਾਰ ਹਿੰਦੀ ਬੈਲਟ ਬਲਬੂਤੇ 303 ਸੀਟਾਂ ਜਿੱਤ ਲਈਆਂ ਸਨ। ਦੱਖਣ 'ਚ ਜੋ 30 ਸੀਟਾਂ ਪ੍ਰਾਪਤ ਕੀਤੀਆਂ, ਉਨ੍ਹਾਂ ਵਿੱਚੋਂ 28 ਕਰਨਾਟਕ ਵਿੱਚੋਂ ਲਈਆਂ ਸਨ। ਐਤਕੀਂ ਅਕਾਲੀ ਦਲ, ਸ਼ਿਵ ਸੈਨਾ, ਬੀਜੇਡੀ, ਜੇਜੇਪੀ, ਅਸਾਮ ਗਣ ਪ੍ਰੀਸ਼ਦ, ਐੱਮਡੀਐੱਮਕੇ ਸਣੇ 16 ਛੋਟੀਆਂ-ਮੋਟੀਆਂ ਪਾਰਟੀਆਂ ਐੱਨਡੀਏ 'ਚੋਂ ਨਿਕਲਣ ਕਰਕੇ ਸਥਿਤੀ ਮਜ਼ਬੂਤ ਨਹੀਂ ਲੱਗਦੀ ਭਾਵੇਂ ਮੋਦੀ, ਭਾਜਪਾ ਤੇ ਆਰਐੱਸਐੱਸ ਵਿਸ਼ਾਲ ਸੰਗਠਨ, ਸਾਮ, ਦਾਮ, ਦੰਡ, ਭੇਦ ਬਲਬੂਤੇ ਮੁੜ ਸਰਕਾਰ ਗਠਿਤ ਕਰਨ ਦਾ ਦਾਅਵਾ ਕਰਦੇ ਹਨ।

ਦੂਜੇ ਪਾਸੇ ਇੰਡੀਆ ਗੱਠਜੋੜ, ਯੂਪੀ 'ਚ ਕਾਂਗਰਸ-ਸਪਾ, ਦਿੱਲੀ, ਹਰਿਆਣਾ, ਗੁਜਰਾਤ 'ਚ ਕਾਂਗਰਸ-ਆਪ, ਤਾਮਿਲਨਾਡੂ 'ਚ ਡੀਐੱਮਕੇ-ਕਾਂਗਰਸ, ਬਿਹਾਰ 'ਚ ਆਰਜੇਡੀ-ਕਾਂਗਰਸ ਤੇ ਹੋਰ, ਪੱਛਮੀ ਬੰਗਾਲ 'ਚ ਟੀਐੱਮਸੀ, ਜੰਮੂ-ਕਸ਼ਮੀਰ 'ਚ ਨੈਸ਼ਨਲ ਕਾਨਫਰੰਸ, ਪੀਡੀਪੀ ਵਿਰੋਧ, ਕਰਨਾਟਕ, ਤੇਲੰਗਾਨਾ, ਹਿਮਾਚਲ 'ਚ ਕਾਂਗਰਸ ਸ਼ਾਸਨ, ਓਡੀਸ਼ਾ 'ਚ ਬੀਜੇਡੀ ਨਾਲ ਗੱਠਜੋੜ ਨਾ ਹੋਣਾ, ਮਹਾਰਾਸ਼ਟਰ 'ਚ ਸ਼ਿਵ ਸੈਨਾ ਤੇ ਪੂਰੇ ਦੇਸ਼ 'ਚ ਕਿਸਾਨੀ ਵਿਰੋਧ ਕਾਰਨ ਐੱਨਡੀਏ ਨੂੰ ਜਿੱਤ ਹਾਸਲ ਕਰਨ ਲਈ ਜ਼ੋਰ ਲਾਉਣਾ ਪਵੇਗਾ। ਕਿਸੇ ਵੀ ਸਿਆਸੀ ਪਾਰਟੀ, ਸਾਂਸਦਾਂ, ਵਿਧਾਇਕਾਂ, ਲੀਡਰਾਂ ਵਿਚ ਵਫ਼ਾਦਾਰੀ, ਸਮਰਪਣ ਭਾਵਨਾ, ਵਿਸ਼ਵਾਸ, ਨੈਤਿਕਤਾ ਨਹੀਂ ਰਹੀ।

ਦੇਸ਼ 'ਆਇਆ ਰਾਮ, ਗਯਾ ਰਾਮ' ਦੀ ਸ਼ਰਮਨਾਕ ਦਲ ਬਦਲੀ ਦਾ ਸ਼ਿਕਾਰ ਤੇ ਖ਼ਰੀਦੋ-ਫ਼ਰੋਖ਼ਤ ਦੀ ਮੰਡੀ ਬਣ ਚੁੱਕਾ ਹੈ। ਲੋਕ-ਲੁਭਾਊ ਪ੍ਰੋਗਰਾਮਾਂ, ਮੀਡੀਆ ਦੀ ਸੱਤਾਧਾਰੀਆਂ ਵੱਲੋਂ ਖ਼ਰੀਦ, ਨਿਰਪੱਖ ਮੀਡੀਆ ਦੀ ਅਣਹੋਂਦ, ਚੋਣਾਂ 'ਚ ਧਨ, ਦਬਾਅ, ਹਿੰਸਾ ਦੇ ਬਾਵਜੂਦ ਭਾਰਤੀ ਉਪ ਮਹਾਦੀਪ ਦੇ ਵੋਟਰ ਅਕਸਰ ਅਚੰਭਕ ਨਤੀਜੇ ਪਰੋਸਣ ਵਜੋਂ ਮਸ਼ਹੂਰ ਹਨ। ਪਾਕਿਸਤਾਨ ਵਿਚ ਫ਼ੌਜ ਵੱਲੋਂ ਕੰਟਰੋਲਡ ਚੋਣਾਂ ਦੇ ਬਾਵਜੂਦ ਮਤਦਾਤਾਵਾਂ ਨੇ ਅਚੰਭਕ ਨਤੀਜੇ ਪਰੋਸੇ।

ਭਾਰਤ ਦੇ ਵੋਟਰਾਂ ਨੇ ਜੇ ਲੋਕਤੰਤਰ, ਸੰਵਿਧਾਨ, ਕਾਨੂੰਨ, ਸਿਹਤਮੰਦ ਰਾਜਨੀਤੀ, ਸੰਘਵਾਦ, ਮਾਨਵਤਾਵਾਦ ਆਦਿ ਭਵਿੱਖੀ ਪੀੜ੍ਹੀਆਂ ਲਈ ਸੁਰੱਖਿਅਤ ਰੱਖਣੇ ਹਨ ਤਾਂ ਲੋਕ ਸਭਾ ਚੋਣਾਂ ਵਿਚ ਦਲੇਰੀ ਨਾਲ ਆਪਣੇ ਵੋਟ ਦੇ ਅਧਿਕਾਰ ਦਾ ਇਸਤੇਮਾਲ ਕਰਨ। ਯਾਦ ਰੱਖਣ ਕਿ ਉਨ੍ਹਾਂ ਨੂੰ ਉਹੋ ਜਿਹੀ ਸਰਕਾਰ ਮਿਲੇਗੀ ਜਿਹੋ ਜਿਹੇ ਉਹ ਪ੍ਰਤੀਨਿਧ ਚੁਣਨਗੇ।

# ਇੱਛਾਵਾਂ ਦੇ ਮੱਕੜਜਾਲ਼ 'ਚ ਫਸਿਆ ਰਹਿੰਦਾ ਹੈ ਮਨੁੱਖ

ਮੇਘਾ ਰਾਠੀ

ਜੀਵਨ ਹੈ ਤਾਂ ਇੱਛਾਵਾਂ ਦਾ ਹੋਣਾ ਵੀ ਸੁਭਾਵਿਕ ਹੈ। ਹਾਲਾਂਕਿ ਇਕ ਸਮੱਸਿਆ ਇਹ ਵੀ ਹੈ ਕਿ ਇਕ ਇੱਛਾ ਪੂਰੀ ਹੁੰਦੇ ਹੀ ਦੂਜੀ ਕਾਮਨਾ ਸਿਰ ਚੁੱਕ ਲੈਂਦੀ ਹੈ। ਓਥੇ, ਇਹ ਵੀ ਇਕ ਸਮੱਸਿਆ ਹੈ ਕਿ ਜੇ ਇੱਛਾਵਾਂ ਹੀ ਨਹੀਂ ਹੋਣਗੀਆਂ ਤਾਂ ਸੰਭਵ ਹੈ ਕਿ ਵਿਅਕਤੀ ਦੀ ਤਰੱਕੀ ਦੇ ਰਾਹ ਵਿਚ ਵੀ ਅੜਿੱਕਾ ਪੈ ਜਾਵੇ। ਇਸ ਸੰਸਾਰ ਦੀ ਹਕੀਕਤ ਹੀ ਇਹੀ ਹੈ ਕਿ ਕੋਈ ਵੀ ਵਿਅਕਤੀ, ਸੰਸਥਾ ਜਾਂ ਸਮਾਜ ਇੱਛਾਵਾਂ ਤੋਂ ਅਲੱਗ ਨਹੀਂ ਹੈ। ਸੰਸਥਾਵਾਂ ਵੀ ਕਿਸੇ ਨਾ ਕਿਸੇ ਉਦੇਸ਼ ਨਾਲ ਗਠਿਤ ਕੀਤੀਆਂ ਜਾਂਦੀਆਂ ਹਨ ਅਤੇ ਆਪਣੇ ਉਦੇਸ਼ ਦੀ ਪੂਰਤੀ ਹੀ ਉਨ੍ਹਾਂ ਦੀ ਕਾਮਨਾ ਹੁੰਦੀ ਹੈ। ਇੱਥੋਂ ਤੱਕ ਕਿ ਧਰਮ ਦੇ ਪ੍ਰਚਾਰ-ਪ੍ਰਸਾਰ ਦੇ ਕੇਂਦਰ ਵਿਚ ਵੀ ਆਪਣੇ ਵਿਸਥਾਰ ਦੀ ਇੱਛਾ ਸ਼ਾਮਲ ਹੁੰਦੀ ਹੈ। ਇੱਛਾਵਾਂ ਮਹਿਜ਼ ਕਲਪਨਾ ਲਈ ਨਹੀਂ ਹਨ। ਇੱਛਾਵਾਂ ਤਾਂ ਪ੍ਰੇਰਨਾ ਅਤੇ ਉਤਸ਼ਾਹ ਦੀਆਂ ਵਾਹਕ ਹਨ। ਉਨ੍ਹਾਂ ਦੀ ਪੂਰਤੀ ਲਈ ਕਿਰਤ ਦੇ ਨਾਲ-ਨਾਲ ਹਾਂ-ਪੱਖੀ ਊਰਜਾ ਦਾ ਹੋਣਾ ਵੀ ਜ਼ਰੂਰੀ ਹੈ।

ਹਾਂ-ਪੱਖੀ ਸੋਚ ਦੀ ਸ਼ਕਤੀ ਵਿਅਕਤੀ ਨੂੰ ਇੱਛਾ ਪੂਰਤੀ ਲਈ ਸਹੀ ਰਾਹ ਦਿਖਾਉਣ ਵਿਚ ਮਦਦ ਕਰਦੀ ਹੈ। ਉਸ ਨੂੰ ਉਨ੍ਹਾਂ ਮਾਧਿਅਮਾਂ ਤੋਂ ਜਾਣੂ ਕਰਵਾਉਂਦੀ ਹੈ ਜਿਨ੍ਹਾਂ ਦੁਆਰਾ ਉਹ ਆਪਣੇ ਉਦੇਸ਼ ਦੀ ਮੰਜ਼ਿਲ ਤੱਕ ਪਹੁੰਚ ਪਾਉਂਦਾ ਹੈ। ਇਸ ਯਾਤਰਾ ਵਿਚ ਉਤਸ਼ਾਹ ਦੀ ਵੀ ਮਹੱਤਵਪੂਰਨ ਭੂਮਿਕਾ ਹੁੰਦੀ ਹੈ। ਉਤਸ਼ਾਹ ਦੀ ਘਾਟ ਕਾਮਨਾਵਾਂ ਦੀ ਪੂਰਤੀ ਵਿਚ ਅੜਿੱਕਾ ਪਾਉਂਦੀ ਹੈ। ਆਲਸੀ ਮਨ ਖੁੱਲ੍ਹੀਆਂ ਅੱਖਾਂ ਨਾਲ ਸੁਪਨੇ ਤਾਂ ਦੇਖ ਸਕਦਾ ਹੈ ਪਰ ਉਨ੍ਹਾਂ ਨੂੰ ਪੂਰੇ ਕਰਨ ਦੀ ਦਿਸ਼ਾ ਵਿਚ ਹੌਸਲੇ ਵਾਸਤੇ ਪ੍ਰੇਰਿਤ ਨਹੀਂ ਕਰ ਪਾਉਂਦਾ। ਇੱਛਾਵਾਂ ਨੂੰ ਮਨ ਵਿਚ ਜ਼ਰੂਰ ਜਗ੍ਹਾ ਦਿਓ ਪਰ ਇਹ ਜ਼ਰੂਰ ਧਿਆਨ ਰੱਖੋ ਕਿ ਤੁਹਾਡੀਆਂ ਇੱਛਾਵਾਂ ਕੁੱਲ ਮਿਲਾ ਕੇ ਕਲਿਆਣਕਾਰੀ ਹੋਣ। ਕਿਸੇ ਦਾ ਮਾੜਾ ਕਰਨ ਵਾਲੀਆਂ ਨਾ ਹੋਣ। ਸਵੈ-ਹਿੱਤਕਾਰੀ ਤੇ ਪਰ-ਹਿੱਤਕਾਰੀ ਇੱਛਾਵਾਂ ਦਾ ਪੂਰਾ ਹੋਣਾ ਹੀ ਸਭ ਤੋਂ ਚੰਗੀ ਗੱਲ ਹੁੰਦੀ ਹੈ। ਨਹੀਂ ਤਾਂ ਇੱਛਾਵਾਂ ਅਧੂਰੀਆਂ ਰਹਿ ਜਾਣੀਆਂ ਹੀ ਵਾਜਬ ਹੋਣਗੀਆਂ। ਇੱਛਾ ਅਤੇ ਮਾੜੀ ਇੱਛਾ ਦੇ ਫ਼ਰਕ ਨੂੰ ਸਮਝ ਕੇ ਸਹੀ ਚੋਣ ਕਰਨ 'ਤੇ ਬ੍ਰਹਿਮੰਡ ਦੀਆਂ ਸ਼ਕਤੀਆਂ ਵੀ ਸਹਾਇਕ ਬਣ ਜਾਂਦੀਆਂ ਹਨ। ਇਸ ਤਰ੍ਹਾਂ ਜਦ ਉਹ ਪੂਰੀਆਂ ਹੁੰਦੀਆਂ ਹਨ ਤਾਂ ਵਿਅਕਤੀ ਨੂੰ ਮੁਕੰਮਲ ਸੰਤੁਸ਼ਟੀ ਅਤੇ ਸੁੱਖ ਦਾ ਅਸੀਮ ਆਨੰਦ ਪ੍ਰਾਪਤ ਹੁੰਦਾ ਹੈ। ਅਜਿਹਾ ਵਿਅਕਤੀ ਆਪਣੇ ਸੰਪਰਕ ਵਿਚ ਆਉਣ ਵਾਲੇ ਵਿਅਕਤੀਆਂ ਵਿਚ ਵੀ ਹਾਂ-ਪੱਖੀ ਊਰਜਾ ਦਾ ਸੰਚਾਰ ਕਰਦਾ ਹੈ।

# ਵਿਕਸਤ ਦੇਸ਼ਾਂ 'ਚ ਸਭ ਕੁਝ ਵਿਕਸਤ ਨਹੀਂ, ਸਬਕ ਸਿੱਖੇ ਭਾਰਤ



ਸ਼ਿਵਕਾਂਤ ਸ਼ਰਮਾ

ਆਪਣੇ ਸੁਨਹਿਰੇ ਦੌਰ ਵਿਚ ਭਾਰਤ ਇਕ ਉੱਦਮੀਅਤਾ ਮੁਖੀ ਅਤੇ ਕਾਰੋਬਾਰੀ ਮੁਲਕ ਰਿਹਾ ਹੈ। ਸਮਰਾਟ ਚੰਦਰਗੁਪਤ ਮੌਰੀਆ ਦੀ ਰਾਜ ਸਭਾ ਵਿਚ ਆਏ ਯੂਨਾਨੀ ਸਮਰਾਟ ਸੈਲਯੂਕਸ ਦੇ ਰਾਜਦੂਤ ਮੇਗਸਥਨੀਜ਼ ਨੇ ਆਪਣੀ ਪੁਸਤਕ 'ਇੰਡੀਕਾ' ਵਿਚ ਭਾਰਤ ਸਮਾਜ ਦੇ ਸੱਤ ਵਰਗਾਂ ਦਾ ਜ਼ਿਕਰ ਕੀਤਾ ਹੈ। ਇਨ੍ਹਾਂ 'ਚ ਜ਼ਿਆਦਾਤਰ ਲੋਕ ਬੁੱਧੀਜੀਵੀ, ਕਿਸਾਨ, ਕਾਰੋਬਾਰੀ, ਸ਼ਿਲਪਕਾਰ ਅਤੇ ਸੈਨਿਕ ਵਰਗਾਂ ਦੇ ਸਨ।

ਬਹੁਤ ਘੱਟ ਲੋਕ ਸੇਵਕ ਸਨ ਅਤੇ ਨੌਕਰੀ ਕਰਦੇ ਸਨ। ਨੌਕਰੀ ਨੂੰ ਨਿਰਭਰਤਾ ਜਾਂ ਕਿਸੇ ਦੀ ਗੁਲਾਮੀ ਕਰਨ ਵਾਲਾ ਕੰਮ ਹੋਣ ਦੀ ਵਜ੍ਹਾ ਕਾਰਨ ਘਟੀਆ ਸਮਝਿਆ ਜਾਂਦਾ ਸੀ। ਆਰਥਿਕ ਸਲਾਹਕਾਰ ਏਂਗਸ ਮੈਡੀਸਨ ਨੇ ਵੀ ਵਿਸ਼ਵ ਅਰਥਚਾਰੇ ਦੇ ਇਤਿਹਾਸ ਵਿਚ ਇਸ ਦੀ ਪੁਸ਼ਟੀ ਕੀਤੀ ਹੈ ਪਰ ਸਦੀਆਂ ਦੀ ਗੁਲਾਮੀ ਤੋਂ ਬਾਅਦ ਆਜ਼ਾਦ ਹੋਏ ਭਾਰਤ ਵਿਚ ਹਾਲਾਤ ਪੂਰੀ ਤਰ੍ਹਾਂ ਬਦਲ ਗਏ ਹਨ। ਅੱਜ ਲੋਕਾਂ ਨੂੰ ਤਨਖ਼ਾਹ ਦੀ ਸੁਰੱਖਿਆ ਵਾਲੀ ਨੌਕਰੀ ਦੀ ਗੁਲਾਮੀ ਆਰਥਿਕ ਅਸੁਰੱਖਿਆ ਵਾਲੇ ਕਾਰੋਬਾਰੀ ਉੱਦਮ ਨਾਲੋਂ ਬਿਹਤਰ ਲੱਗਣ ਲੱਗੀ ਹੈ।

ਖ਼ਾਸ ਤੌਰ 'ਤੇ ਸਰਕਾਰੀ ਨੌਕਰੀ ਜਿਸ ਨੂੰ ਕੰਮ ਦੀ ਸੁਰੱਖਿਆ ਅਤੇ ਪੈਨਸ਼ਨ ਦੀ ਵਜ੍ਹਾ ਨਾਲ ਸਭ ਤੋਂ ਉੱਤਮ ਮੰਨਿਆ ਜਾਂਦਾ ਹੈ। ਕਾਰੋਬਾਰੀ ਉੱਦਮ ਨੂੰ ਆਰਥਿਕ ਅਸੁਰੱਖਿਆ ਦੇ ਨਾਲ-ਨਾਲ ਮੁਨਾਫ਼ਾਖੋਰੀ ਦੇ ਕੰਮ ਦੇ ਰੂਪ ਵਿਚ ਦੇਖਿਆ ਜਾਂਦਾ ਹੈ। ਇਸ ਦੀ ਵੱਡੀ ਵਜ੍ਹਾ ਸਾਡੀ ਬਸਤੀਵਾਦੀ ਕਾਲ ਦੀ ਸਿੱਖਿਆ ਪ੍ਰਣਾਲੀ ਹੈ ਜੋ ਉੱਦਮ, ਸਿਰਜਣਸ਼ੀਲਤਾ ਅਤੇ ਨਵੇਂ ਕੌਸ਼ਲ ਅਤੇ ਤਜਰਬੇ ਦੇਣ ਦੀ ਜਗ੍ਹਾ ਰੱਟਾ ਲਗਾਉਣ ਵਾਲੀ ਪੜ੍ਹਾਈ 'ਤੇ ਕੇਂਦਰਿਤ ਹੈ। ਇਸ ਨਾਲ ਪੜ੍ਹੇ-ਲਿਖੇ ਗ੍ਰੈਜੂਏਟ ਉੱਦਮ,



ਕਿਰਤ ਅਤੇ ਖੋਜ ਤੋਂ ਬੇਮੁੱਖ ਹੋ ਕੇ ਦਫ਼ਤਰੀ ਜਾਂ ਮਸ਼ੀਨੀ ਕੰਮ ਕਰਨ ਯੋਗ ਬਣਦੇ ਹਨ। ਉਨ੍ਹਾਂ ਦੀ ਉਪਯੋਗਿਤਾ ਖ਼ਤਮ ਹੁੰਦੀ ਜਾ ਰਹੀ ਹੈ ਕਿਉਂਕਿ ਮਸਨੂਈ ਅਕਲਮੰਦੀ (ਏਆਈ) ਦੇ ਵਿਕਾਸ ਕਾਰਨ ਮਸ਼ੀਨਾਂ ਕਈ ਕੰਮਾਂ ਨੂੰ ਜ਼ਿਆਦਾ ਕੁਸ਼ਲਤਾ ਅਤੇ ਗਤੀ ਨਾਲ ਕਰ ਸਕਦੀਆਂ ਹਨ। ਇਸੇ ਲਈ ਗਾਂਧੀ ਜੀ ਨੇ ਆਪਣੀ 'ਨਵੀਂ ਤਾਲੀਮ' ਵਿਚ ਸਿੱਖਿਆ ਨੂੰ ਕਿਰਤ ਨਾਲ ਜੋੜਨ ਦੀ ਗੱਲ ਆਖੀ ਸੀ।

ਸਿੱਖਿਆ ਸ਼ਾਸਤਰੀ ਅਨਿਲ ਸਦਗੋਪਾਲ ਦੀ ਪ੍ਰਧਾਨਗੀ ਵਿਚ ਬਣੀ ਕਮੇਟੀ ਦੀ ਰਿਪੋਰਟ ਵਿਚ ਕਿਹਾ ਗਿਆ ਸੀ ਕਿ ਸਿੱਖਿਆ ਨੂੰ ਕੰਮ ਦੇ ਨਾਲ ਜੋੜਨਾ ਬੱਚਿਆਂ ਨੂੰ ਸਮਾਜ ਨਾਲ ਜੋੜਨ ਵਰਗਾ ਹੈ। ਇਸ ਨਾਲ ਉਨ੍ਹਾਂ ਵਿਚ ਕਿਰਤ ਪ੍ਰਤੀ ਸ਼ਰਧਾ ਪੈਦਾ ਹੁੰਦੀ ਹੈ ਅਤੇ ਕੰਮ ਆਉਣ ਵਾਲਾ ਗਿਆਨ ਵੀ ਮਿਲਦਾ ਹੈ। ਕਿਰਤ ਅਤੇ ਬੌਧਿਕਤਾ ਦੇ ਇਸ ਸੰਤੁਲਨ ਨੂੰ ਪ੍ਰਯੋਗਿਕ ਰੂਪ ਦੇਣ ਲਈ ਰਾਂਚੀ ਦੇ ਕੋਲ ਨੇਤਰਹਾਟ ਵਿਚ ਇਕ ਪ੍ਰਯੋਗਿਕ ਕਾਲਜ ਖੋਲ੍ਹਿਆ ਵੀ ਗਿਆ ਪਰ ਉਸ ਦੀ ਕਾਮਯਾਬੀ ਦੇ ਬਾਵਜੂਦ ਉਸ ਨੂੰ ਦੇਸ਼ ਭਰ ਵਿਚ ਨਹੀਂ ਫੈਲਾਇਆ ਗਿਆ। ਨਤੀਜਾ ਸਭ ਦੇ ਸਾਹਮਣੇ ਹੈ। ਇਸ 'ਤੇ ਬਹਿਸ ਹੋ ਸਕਦੀ ਹੈ ਕਿ ਦੇਸ਼ ਵਿਚ 21-30 ਦੇ ਵਿਚਾਲੇ ਕਿਸੇ ਉਮਰ ਵਰਗ ਦੇ ਪੜ੍ਹੇ-ਲਿਖੇ ਲੋਕਾਂ ਵਿਚ ਬੇਰੁਜ਼ਗਾਰੀ ਦੀ ਦਰ ਸਭ ਤੋਂ ਉੱਚੀ ਰਹਿੰਦੀ ਹੈ ਪਰ ਅਸਲੀਅਤ ਇਹ ਹੈ ਕਿ ਉੱਤਰ ਪ੍ਰਦੇਸ਼ ਵਿਚ ਸਿਪਾਹੀਆਂ ਦੀਆਂ ਲਗਪਗ 60 ਹਜ਼ਾਰ ਨੌਕਰੀਆਂ ਲਈ 50 ਲੱਖ ਤੋਂ ਵੱਧ ਗ੍ਰੈਜੂਏਟਾਂ ਨੇ ਅਰਜ਼ੀਆਂ ਦਿੱਤੀਆਂ ਅਤੇ ਪ੍ਰੀਖਿਆ ਵਿਚ ਜਾਣ ਲਈ ਰੇਲਗੱਡੀਆਂ ਵਿਚ ਜਗ੍ਹਾ ਤੱਕ ਨਹੀਂ ਮਿਲੀ।

ਇਹ ਵੀ ਕਿਸੇ ਤੋਂ ਲੁਕਿਆ ਨਹੀਂ ਕਿ ਮੁੱਠੀ ਭਰ ਨਾਗਰਿਕ ਸੇਵਾਵਾਂ ਲਈ ਕਿਵੇਂ ਲੱਖਾਂ ਗ੍ਰੈਜੂਏਟ ਕੋਟਾ ਅਤੇ ਪੁਣੇ ਵਰਗੇ ਸ਼ਹਿਰਾਂ ਦੇ ਕੋਚਿੰਗ ਇੰਸਟੀਚਿਊਟਾਂ ਵਿਚ ਜਾ ਕੇ ਕਈ ਸਾਲਾਂ ਤੱਕ ਤਿਆਰੀ ਕਰਦੇ ਹਨ। ਇਹ ਸਭ ਇਸੇ ਲਈ ਹੋ ਰਿਹਾ ਹੈ ਕਿਉਂਕਿ ਭਾਰਤ ਵਿਚ ਹਰ ਸਾਲ ਔਸਤਨ 15 ਲੱਖ ਇੰਜੀਨੀਅਰਾਂ ਸਮੇਤ ਲਗਪਗ ਇਕ ਕਰੋੜ ਵਿਦਿਆਰਥੀ ਗ੍ਰੈਜੂਏਟ ਬਣਦੇ ਹਨ। ਯੋਗਤਾ ਸਰਵੇਖਣਾਂ ਮੁਤਾਬਕ ਇਨ੍ਹਾਂ 'ਚੋਂ ਸਿਰਫ਼ 25 ਪ੍ਰਤੀਸ਼ਤ ਐੱਮਬੀਏ ਗ੍ਰੈਜੂਏਟ, 20 ਪ੍ਰਤੀਸ਼ਤ ਇੰਜੀਨੀਅਰ ਅਤੇ ਮਹਿਜ਼ 10 ਫ਼ੀਸਦ ਆਮ ਗ੍ਰੈਜੂਏਟ ਹੀ ਕੰਮ ਦੇ ਯੋਗ ਹੁੰਦੇ ਹਨ। ਬਾਕੀਆਂ ਨੂੰ ਜਾਂ ਤਾਂ ਨਵੇਂ ਸਿਰੇ ਤੋਂ ਸਿਖਲਾਈ ਦੇਣੀ ਪੈਂਦੀ ਹੈ ਜਾਂ ਅਜਿਹਾ ਕੰਮ ਦੇਣਾ ਪੈਂਦਾ ਹੈ ਜਿਸ ਲਈ ਉਹ ਮਾਨਸਿਕ ਤੌਰ 'ਤੇ ਤਿਆਰ ਨਹੀਂ ਹੁੰਦੇ। ਕੰਮ-ਧੰਦਿਆਂ ਨੂੰ ਲੈ ਕੇ ਸਮਾਜਿਕ ਸੋਚ ਇੰਨੀ ਨਾਂਹ-ਪੱਖੀ ਹੈ ਕਿ ਜੇ ਕੋਈ ਨੇਤਾ ਰੁਜ਼ਗਾਰ ਲਈ ਉਨ੍ਹਾਂ ਦੀ ਮਿਸਾਲ ਵੀ ਦੇ ਦੇਵੇ ਤਾਂ ਹਾਸੇ-ਮਜ਼ਾਕ ਦਾ ਪਾਤਰ ਬਣਾ ਦਿੱਤਾ ਜਾਂਦਾ ਹੈ।

ਕਾਰੋਬਾਰੀ ਉੱਦਮ ਅਤੇ ਕੰਮ-ਧੰਦਿਆਂ ਲਈ ਬਾਜ਼ਾਰ ਵਿਚ ਮੁਕਾਬਲੇਬਾਜ਼ੀ ਵੀ ਸਖ਼ਤ ਹੁੰਦੀ ਜਾ ਰਹੀ ਹੈ। ਛੋਟੀ ਖੇਤੀ ਦੀ ਸਮੱਸਿਆ ਕਾਰਨ 10 ਕਰੋੜ ਤੋਂ ਵੱਧ ਕਿਸਾਨ ਦੂਜੇ ਕੰਮ-ਧੰਦਿਆਂ ਦੀ ਤਲਾਸ਼ ਵਿਚ ਹਨ। ਦਸਤਕਾਰੀ ਅਤੇ ਕਾਰੀਗਰੀ ਵਰਗੇ ਕੰਮ-ਧੰਦਿਆਂ ਦੀ ਪੁਸ਼ਤੈਨੀ ਪਰੰਪਰਾ ਜਾਂ ਤਾਂ ਟੁੱਟ ਚੁੱਕੀ ਹੈ ਜਾਂ ਮਸ਼ੀਨਾਂ ਦੇ ਮਾਲ ਦੇ ਸਾਹਮਣੇ ਟਿਕ ਨਹੀਂ ਪਾਉਂਦੀ ਹੈ। ਇਨ੍ਹਾਂ ਸਾਰਿਆਂ ਨੂੰ ਰੁਜ਼ਗਾਰ ਲਈ ਸਿਖਲਾਈ, ਪੂੰਜੀ ਅਤੇ ਬਾਜ਼ਾਰ ਦੀ ਜ਼ਰੂਰਤ ਹੈ। ਇਸੇ ਲਈ ਬੇਰੁਜ਼ਗਾਰੀ ਦਾ ਮੁੱਦਾ ਹਰ ਚੋਣ ਵਿਚ ਚਰਚਾ ਦਾ ਵਿਸ਼ਾ ਬਣਦਾ ਹੈ। ਇਸ ਵਾਰ ਦੀਆਂ ਆਮ ਚੋਣਾਂ ਵਿਚ ਵੀ ਕਾਂਗਰਸ ਨੇ 30 ਲੱਖ ਸਰਕਾਰੀ ਨੌਕਰੀਆਂ, ਹਰ ਗ੍ਰੈਜੂਏਟ ਅਤੇ ਡਿਪਲੋਮਾ ਧਾਰਕ ਨੂੰ ਇਕ ਲੱਖ ਰੁਪਏ ਪ੍ਰਤੀ ਸਾਲ ਦਾ ਭੱਤਾ ਅਤੇ ਸਿਖਲਾਈ ਤੇ ਨੌਜਵਾਨਾਂ ਨੂੰ ਜ਼ਿਲ੍ਹਾ ਪੱਧਰ 'ਤੇ ਸਟਾਰਟਅੱਪ ਫੰਡ ਦੇਣ ਦੇ ਐਲਾਨ ਨੂੰ ਯੁਵਾ ਨਿਆਂ ਗਾਰੰਟੀ ਦਾ ਨਾਂ ਦਿੱਤਾ ਹੈ। ਭਾਜਪਾ ਸਮੇਤ ਹੋਰ ਪਾਰਟੀਆਂ ਵੀ ਆਉਣ ਵਾਲੇ ਦਿਨਾਂ ਵਿਚ ਅਜਿਹੇ ਹੀ ਐਲਾਨ ਕਰਨਗੀਆਂ ਪਰ ਸਿੱਖਿਆ ਪ੍ਰਣਾਲੀ ਨੂੰ ਕਾਰੋਬਾਰੀ ਉੱਦਮ ਅਤੇ ਖੋਜ-ਮੁਖੀ ਬਣਾ ਕੇ ਸਮੱਸਿਆ ਦੇ ਮੂਲ ਹੱਲ ਦੀ ਗੱਲ ਸ਼ਾਇਦ ਹੀ ਕੋਈ ਕਰੇ।

ਸਭ ਤੋਂ ਦਿਲਚਸਪ ਗੱਲ ਇਹ ਹੈ ਕਿ ਭਾਰਤ ਵਿਚ ਰੁਜ਼ਗਾਰ ਦਾ ਮਤਲਬ ਨੌਕਰੀ ਹੀ ਮੰਨਿਆ ਜਾਂਦਾ ਹੈ। ਜਦ ਵੀ ਕੋਈ ਪਾਰਟੀ ਰੁਜ਼ਗਾਰ ਦੀ ਗੱਲ ਕਰਦੀ ਹੈ ਤਾਂ ਸਰਕਾਰੀ ਨੌਕਰੀਆਂ ਵਧਾਉਣ ਜਾਂ ਭਰਨ ਦੀ ਗੱਲ ਹੀ ਕਰਦੀ ਹੈ। ਉਦਯੋਗ-ਧੰਦੇ, ਕਾਰੋਬਾਰ ਤੇ ਕੰਮ-ਧੰਦੇ ਵਧਾ ਕੇ ਰੁਜ਼ਗਾਰ ਦੀ ਸਿਰਜਣਾ ਦੀ ਗੱਲ ਘੱਟ ਹੁੰਦੀ ਹੈ। ਯੂਰਪ, ਅਮਰੀਕਾ ਅਤੇ ਜਾਪਾਨ ਵਿਚ ਅਜਿਹਾ ਨਹੀਂ ਹੁੰਦਾ। ਉੱਥੇ ਪਾਰਟੀਆਂ ਸਰਕਾਰੀ ਨੌਕਰੀਆਂ ਵਧਾਉਣ ਦੀ ਜਗ੍ਹਾ ਉਨ੍ਹਾਂ ਨੂੰ ਘਟਾ ਕੇ ਖ਼ਰਚ ਬਚਾਉਣ ਅਤੇ ਬਚੇ ਹੋਏ ਪੈਸਿਆਂ ਨਾਲ ਉਦਯੋਗ ਤੇ ਕਾਰੋਬਾਰ ਨੂੰ ਹੁਲਾਰਾ ਦੇ ਕੇ ਰੁਜ਼ਗਾਰ ਪੈਦਾ ਕਰਨ ਦੀ ਗੱਲ ਕਰਦੀਆਂ ਹਨ।

ਸਰਕਾਰੀ ਨੌਕਰੀਆਂ ਨੂੰ ਰੁਜ਼ਗਾਰ ਨਹੀਂ ਬਲਕਿ ਰੁਜ਼ਗਾਰ ਟੈਕਸ ਦੇ ਰੂਪ ਵਿਚ ਦੇਖਿਆ ਜਾਂਦਾ ਹੈ ਕਿਉਂਕਿ ਉਨ੍ਹਾਂ ਦਾ ਵੇਤਨ ਟੈਕਸ ਦੇ ਪੈਸਿਆਂ ਤੋਂ ਦਿੱਤਾ ਜਾਂਦਾ ਹੈ। ਨੌਕਰੀਆਂ ਨਾਲ ਅੱਜ ਤੱਕ ਕੋਈ ਵੀ ਦੇਸ਼ ਉੱਨਤ ਨਹੀਂ ਹੋਇਆ। ਉੱਨਤੀ ਉਦਯੋਗ-ਧੰਦਿਆਂ ਨਾਲ ਹੀ ਹੁੰਦੀ ਹੈ। ਇਸ ਲਈ ਵਿਕਸਤ ਦੇਸ਼ਾਂ ਵਿਚ ਪਾਰਟੀਆਂ ਸਰਕਾਰੀ ਖ਼ਰਚੇ ਘਟਾਉਣ ਅਤੇ ਉਦਯੋਗਾਂ-ਕਾਰੋਬਾਰਾਂ ਦਾ ਪਸਾਰਾ ਕਰ ਕੇ ਆਮਦਨੀ ਵਧਾਉਣ ਦੀ ਗੱਲ ਕਰਦੀਆਂ ਹਨ। ਅਸਲੀ ਰੁਜ਼ਗਾਰ ਸਿਰਜਣਾ ਉਦਯੋਗ ਤੇ ਕਾਰੋਬਾਰ ਹੀ ਕਰ ਸਕਦੇ ਹਨ। ਉਹ ਰੁਜ਼ਗਾਰ ਵੀ ਦਿੰਦੇ ਹਨ ਅਤੇ ਟੈਕਸ ਵੀ। ਕਾਂਗਰਸ ਦੇ 30 ਲੱਖ ਸਰਕਾਰੀ ਨੌਕਰੀਆਂ ਦੇਣ ਦੇ ਐਲਾਨ ਨੂੰ ਹੀ ਲੈ ਲਓ। ਇਸ ਸਮੇਂ ਕੇਂਦਰ ਸਰਕਾਰ ਦੇ ਕਰਮਚਾਰੀਆਂ ਦੀ ਗਿਣਤੀ ਲਗਪਗ 33 ਲੱਖ ਹੈ ਜਿਨ੍ਹਾਂ ਦੇ ਵੇਤਨ 'ਤੇ 3.25 ਲੱਖ ਕਰੋੜ ਰੁਪਏ ਖ਼ਰਚ ਹੁੰਦੇ ਹਨ। ਜੇ ਇਨ੍ਹਾਂ 'ਚ 30 ਲੱਖ ਹੋਰ ਜੋੜ ਦਿੱਤੇ ਗਏ ਤਾਂ ਤਨਖ਼ਾਹ 'ਤੇ ਹੋਣ ਵਾਲਾ ਖ਼ਰਚਾ ਤਿੰਨ ਲੱਖ ਕਰੋੜ ਹੋਰ ਵਧ ਜਾਵੇਗਾ।

ਇਸ ਕਾਰਨ ਪੂਰਾ ਅਰਥਚਾਰਾ ਢਹਿ-ਢੇਰੀ ਹੋ ਜਾਵੇਗਾ ਜਿਸ ਕਾਰਨ ਮੁਲਕ ਕਈ ਦਹਾਕਿਆਂ ਤੱਕ ਪੈਰੀਂ ਨਹੀਂ ਹੋ ਸਕੇਗਾ। ਇਸੇ ਪੈਸੇ ਨੂੰ ਜੇਕਰ ਉਦਯੋਗ-ਧੰਦਿਆਂ ਨੂੰ ਹੁਲਾਰਾ ਦੇਣ 'ਤੇ ਖ਼ਰਚ ਕੀਤਾ ਜਾਵੇ ਤਾਂ ਰੁਜ਼ਗਾਰ ਵੀ ਵਧ ਸਕਦੇ ਹਨ ਅਤੇ ਟੈਕਸ ਦੀ ਆਮਦ ਵੀ। ਇਹ ਸਥਿਤੀ ਆਰਥਿਕ ਪੱਖੋਂ ਸੰਜੀਵਨੀ ਸਿੱਧ ਹੋਵੇਗੀ।

ਅਜਿਹਾ ਇਸ ਲਈ ਕਿਉਂਕਿ ਸਰਕਾਰ ਦੇ ਖ਼ਜ਼ਾਨੇ ਵਿਚ ਪੈਸਾ ਤੇਜ਼ੀ ਨਾਲ ਆਵੇਗਾ ਤੇ ਰੁਜ਼ਗਾਰ ਵਧਣ ਨਾਲ ਅਰਥਚਾਰਾ ਦੀ ਸਿਹਤ ਵਿਚ ਤੇਜ਼ੀ ਨਾਲ ਸੁਧਾਰ ਹੋਵੇਗਾ। ਲੋਕਾਂ ਨੂੰ ਬਿਨਾਂ ਕੰਮ ਕੀਤੇ ਭੱਤੇ ਤੇ ਮੁਫ਼ਤ ਬਿਜਲੀ ਦੇਣਾ ਅਤੇ ਸਰਕਾਰੀ ਨੌਕਰੀਆਂ ਭਰਦੇ ਜਾਣਾ ਸਮਾਜਿਕ ਨਿਆਂ ਨਹੀਂ ਬਲਕਿ ਉਸ ਦੇ ਨਾਂ 'ਤੇ ਕੀਤਾ ਜਾਣਾ ਵਾਲਾ ਗ਼ੈਰ-ਉਤਪਾਦਕ ਖ਼ਰਚਾ ਹੈ।

ਸਰਕਾਰ ਦੀ ਜ਼ਿੰਮੇਵਾਰੀ ਕਰਦਾਤਾ ਦੀ ਪਾਈ-ਪਾਈ ਨੂੰ ਉਤਪਾਦਕ ਕੰਮਾਂ ਵਿਚ ਲਗਾਉਣਾ ਹੈ ਜਿਸ ਨਾਲ ਅਰਥਚਾਰੇ ਦਾ ਵਿਕਾਸ ਹੋਵੇ। ਵੋਟਾਂ ਲਈ ਗ਼ੈਰ-ਉਤਪਾਦਕ ਫ਼ਜ਼ੂਲਖ਼ਰਚੀ ਕਰਨਾ ਨਹੀਂ। ਵੋਟਰਾਂ ਨੂੰ ਇਹ ਗੱਲ ਸਮਝ ਕੇ ਅਤੇ ਦੂਰਅੰਦੇਸ਼ੀ ਸੋਚਣੀ ਵਾਲੇ ਬਣ ਕੇ ਆਰਥਿਕ ਤੌਰ 'ਤੇ ਜ਼ਿੰਮੇਵਾਰ ਪ੍ਰਤੀਨਿਧਾਂ ਨੂੰ ਚੋਣਾਂ ਵਿਚ ਤਰਜੀਹ ਦੇਣੀ ਹੋਵੇਗੀ।

# ਵਾਦੀ 'ਚੋਂ ਅਫਸਪਾ ਤੇ ਫ਼ੌਜ ਵਾਪਸੀ ਦੀ ਯੋਜਨਾ

ਮੁਖ਼ਤਾਰ ਗਿੱਲ

ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ 'ਜੇ ਕੇ ਮੀਡੀਆ ਸਮੂਹ' ਨਾਲ ਇਕ ਇੰਟਰਵਿਊ ਦੌਰਾਨ ਕਿਹਾ ਹੈ, 'ਕੇਂਦਰ ਸਰਕਾਰ ਜੰਮੂ-ਕਸ਼ਮੀਰ ਤੋਂ ਹਥਿਆਰਬੰਦ ਬਲਾਂ ਨੂੰ ਵਿਸ਼ੇਸ਼ ਤਾਕਤਾਂ ਦਿੰਦਾ ਐਕਟ (ਅਫਸਪਾ) ਹਟਾਉਣ, ਡਿਊਟੀ 'ਚੋਂ ਫ਼ੌਜ ਵਾਪਸ ਸੱਦਣ ਤੇ ਅਮਨ-ਕਾਨੂੰਨ ਦੀ ਸਥਿਤੀ ਜੰਮੂ-ਕਸ਼ਮੀਰ ਪੁਲਿਸ ਦੇ ਹੱਥ ਦੇਣ ਦੀ ਯੋਜਨਾ ਕੇਂਦਰ ਦੇ ਵਿਚਾਰ ਅਧੀਨ ਹੈ।' ਜੰਮੂ-ਕਸ਼ਮੀਰ ਦੇ ਸਾਬਕਾ ਰਾਜਪਾਲ ਐੱਨਐੱਨ ਵੋਹਰਾ ਨੇ ਸੂਬੇ 'ਚੋਂ ਅਫਸਪਾ ਹਟਾਉਣ ਤੇ ਸੁਰੱਖਿਆ ਬਲ ਵਾਪਸ ਬੁਲਾਉਣ ਦੇ ਗ੍ਰਹਿ ਮੰਤਰੀ ਦੇ ਬਿਆਨ ਦੀ ਸ਼ਲਾਘਾ ਕਰਦਿਆਂ ਕਿਹਾ, 'ਜੰਮੂ-ਕਸ਼ਮੀਰ ਪੁਲਿਸ ਤੋਂ ਅਮਨ-ਕਾਨੂੰਨ ਦੀ ਬਹਾਲੀ ਦਾ ਬੁਨਿਆਦੀ ਕੰਮ ਲਿਆ ਜਾਵੇ।'

ਪੀਪਲਜ਼ ਡੈਮੋਕ੍ਰੈਟਿਕ ਪਾਰਟੀ ਦੀ ਮੁਖੀ ਅਤੇ ਸਾਬਕਾ ਮੁੱਖ ਮੰਤਰੀ ਮਹਿਬੂਬਾ ਮੁਫ਼ਤੀ ਨੇ ਜੰਮੂ-ਕਸ਼ਮੀਰ 'ਚੋਂ 'ਅਫਸਪਾ ਹਟਾਉਣ ਬਾਰੇ ਤਜਵੀਜ਼ ਕੇਂਦਰ ਸਰਕਾਰ ਦੇ ਵਿਚਾਰਧੀਨ ਹੋਣ ਸਬੰਧੀ ਕੇਂਦਰੀ ਗ੍ਰਹਿ ਮੰਤਰੀ ਦੇ ਬਿਆਨ ਦਾ



ਸਵਾਗਤ ਕਰਦਿਆਂ ਕਿਹਾ, ਦੇਰ-ਆਇਦ-ਦਰੁਸਤ-ਆਇਦ। ਨੈਸ਼ਨਲ ਕਾਨਫਰੰਸ ਦੇ ਆਗੂ ਉਮਰ ਅਬਦੁੱਲਾ ਨੇ ਕਿਹਾ, 'ਆਗਾਮੀ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਅਫਸਪਾ ਹਟਾਉਣ ਦਾ ਵਾਅਦਾ ਕੀਤਾ ਹੈ। ਗ੍ਰਹਿ ਮੰਤਰੀ ਨੇ ਹੋਰ ਕਿਹਾ ਕਿ ਜੰਮੂ-ਕਸ਼ਮੀਰ ਵਿਚ ਵਿਧਾਨ ਸਭਾ ਚੋਣਾਂ ਸਤੰਬਰ ਤੋਂ ਪਹਿਲਾਂ ਕਰਵਾਈਆਂ ਜਾ ਸਕਦੀਆਂ ਹਨ। ਇਸ ਦੌਰਾਨ ਕਾਨੂੰਨ-ਵਿਵਸਥਾ ਦੀ ਪੂਰੀ ਜ਼ਿੰਮੇਵਾਰੀ ਸੂਬਾ ਪੁਲਿਸ ਦੇ ਹਵਾਲੇ ਕਰਨ ਦਾ ਵਚਨ ਦੁਹਰਾਇਆ ਹੈ। ਇਸ ਤੋਂ ਪਹਿਲਾਂ ਚੋਣ ਕਮਿਸ਼ਨਰ ਨੇ ਵੀ ਕਿਹਾ ਸੀ ਕਿ ਜੰਮੂ-ਕਸ਼ਮੀਰ ਵਿਚ ਅਸੈਂਬਲੀ ਚੋਣਾਂ ਲੋਕ ਸਭਾ ਚੋਣਾਂ ਤੋਂ ਬਾਅਦ ਹੀ ਕਰਵਾਈਆਂ ਜਾ ਸਕਦੀਆਂ ਹਨ ਕਿਉਂਕਿ ਕੇਂਦਰ ਸ਼ਾਸਿਤ ਖੇਤਰ 'ਚ ਹਰ ਉਮੀਦਵਾਰ ਨੂੰ ਸੁਰੱਖਿਆ ਮੁਹੱਈਆ ਕਰਵਾਉਣੀ ਪੈਣੀ ਹੈ ਅਤੇ ਇਹ ਕੰਮ ਮੌਜੂਦਾ ਸਮੇਂ ਸੰਭਵ ਨਹੀਂ ਕਿਉਂਕਿ ਪੂਰੇ ਦੇਸ਼ ਵਿਚ ਲੋਕ ਸਭਾ ਚੋਣਾਂ ਹੋ ਰਹੀਆਂ ਹਨ। ਦੇਸ਼ ਦੇ ਹੋਰਨਾਂ ਹਿੱਸਿਆਂ ਵਾਂਗ ਜੰਮੂ-ਕਸ਼ਮੀਰ ਵਿਚ ਵੀ ਲੋਕ ਸਭਾ ਚੋਣਾਂ ਦਾ ਉਤਸ਼ਾਹ ਨਜ਼ਰ ਆ ਰਿਹਾ ਹੈ। ਸਾਰੀਆਂ ਸਿਆਸੀ ਪਾਰਟੀਆਂ ਦੀਆਂ ਬੈਠਕਾਂ, ਨੁੱਕੜ ਮੀਟਿੰਗਾਂ ਅਤੇ ਚੋਣ ਰੈਲੀਆਂ ਦਾ ਸਿਲਸਿਲਾ ਆਰੰਭ ਹੋ ਗਿਆ ਹੈ। ਕਸ਼ਮੀਰ ਵਾਦੀ ਦੇ ਲੋਕ ਵੀ ਲੋਕਤੰਤਰ ਦੇ ਇਸ ਜਸ਼ਨ ਵਿਚ ਖੁੱਲ੍ਹ ਕੇ ਭਾਈਵਾਲ ਬਣਨ ਲਈ ਤਿਆਰ ਹੋ ਰਹੇ ਹਨ। ਕਸ਼ਮੀਰ ਦੇ ਇਤਿਹਾਸ ਵਿਚ ਪਿਛਲੀਆਂ ਤਿੰਨ-ਚਾਰ ਵਾਰ ਦੀਆਂ ਚੋਣਾਂ ਦੇ ਮੁਕਾਬਲੇ ਇਹ ਪਹਿਲੀ ਚੋਣ ਹੋਵੇਗੀ ਜਦੋਂ ਵੋਟਰ ਭਾਰੀ ਉਤਸ਼ਾਹ ਵਿਚ ਨਜ਼ਰ ਆ ਰਹੇ ਹਨ। ਇਸ ਤੋਂ ਪਹਿਲੀਆਂ ਲੋਕ ਸਭਾ ਜਾਂ ਵਿਧਾਨ ਸਭਾ ਚੋਣਾਂ ਮੌਕੇ ਹੜਤਾਲਾਂ, ਬੰਦ ਤੇ ਚੋਣਾਂ ਦਾ ਬਾਈਕਾਟ ਅਕਸਰ ਹੋ ਜਾਂਦਾ ਸੀ ਪਰ ਅੱਜ ਸਥਿਤੀ ਵਿਚ ਸੁਧਾਰ, ਅਫਸਪਾ ਹਟਾਉਣ ਅਤੇ ਬੰਦੂਕ ਤੇ ਪੱਥਰਬਾਜ਼ੀ ਦੀਆਂ ਘਟਨਾਵਾਂ ਵਿਚ ਕਮੀ ਆਉਣ ਕਰਕੇ ਲੋਕ ਚੋਣਾਂ ਲਈ ਉਤਸ਼ਾਹਤ ਹਨ।

ਜੰਮੂ- ਕਸ਼ਮੀਰ ਨੂੰ ਵਿਸ਼ੇਸ਼ ਸੰਵਿਧਾਨਕ ਅਧਿਕਾਰ ਦੇਣ ਵਾਲੀ ਧਾਰਾ 370 (35 ਏ) ਅਗਸਤ 2019 ਵਿਚ ਮਨਸੂਖ਼ ਕਰ ਕੇ ਸੂਬੇ ਨੂੰ ਦੋ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿਚ ਤਬਦੀਲ ਕਰ ਦਿੱਤਾ ਗਿਆ ਸੀ ਜਿਸ ਖ਼ਿਲਾਫ਼ ਕਈ ਪਟੀਸ਼ਨਾਂ ਸੁਪਰੀਮ ਕੋਰਟ ਵਿਚ ਦਾਖ਼ਲ ਕੀਤੀਆਂ ਗਈਆਂ ਸਨ ਜਿਨ੍ਹਾਂ 'ਤੇ ਸੁਣਵਾਈ ਟਲਦੀ ਰਹੀ ਸੀ। ਅਖ਼ੀਰ ਵਰਤਮਾਨ ਮੁੱਖ ਜੱਜ ਡੀਵਾਈ ਚੰਦਰਚੂੜ ਦੀ ਅਗਵਾਈ ਹੇਠ ਬਣੇ 5 ਮੈਂਬਰੀ ਸੰਵਿਧਾਨਕ ਬੈਂਚ ਨੇ 2 ਅਕਤੂਬਰ 2023 ਤੋਂ ਇਨ੍ਹਾਂ 'ਤੇ ਲਗਾਤਾਰ ਸੁਣਵਾਈ ਕੀਤੀ। ਮੁੱਖ ਜੱਜ ਨੇ ਕਿਹਾ ਕਿ ਜਮਹੂਰੀ ਅਮਲ ਬਹਾਲ ਕਰਨਾ ਜ਼ਰੂਰੀ ਹੈ ਅਤੇ ਸੂਬੇ ਦਾ ਦਰਜਾ ਬਹਾਲ ਕਰਨ ਲਈ ਸਮਾਂ ਸੀਮਾ ਤੈਅ ਹੋਵੇ। ਸਿਆਸੀ ਮਾਹਿਰਾਂ ਮੁਤਾਬਕ ਸੂਬੇ ਦਾ ਦਰਜਾ ਸਿਰਫ਼ ਸੰਸਦ ਹੀ ਦੇ ਸਕਦੀ ਹੈ। ਬਿਨਾਂ ਸ਼ੱਕ ਜੰਮੂ-ਕਸ਼ਮੀਰ ਕੋਲ ਭਾਵੇਂ ਕਦੇ ਵੀ ਸੰਪੂਰਨ ਪ੍ਰਭੂਸੱਤਾ ਨਹੀਂ ਰਹੀ ਪਰ ਉਸ ਕੋਲ ਦੂਜੇ ਸੂਬਿਆਂ ਦੇ ਮੁਕਾਬਲੇ ਵੱਧ ਅਧਿਕਾਰ ਸਨ ਅਤੇ ਉਸ ਦਾ ਵੱਖਰਾ ਸੰਵਿਧਾਨ ਸੀ ਜਿਸ ਅਧੀਨ ਉਸ ਕੋਲ ਕਾਨੂੰਨ ਬਣਾਉਣ ਦੇ ਅਧਿਕਾਰ ਸਨ ਤੇ ਪਾਰਲੀਮੈਂਟ ਵੱਲੋਂ ਪਾਸ ਕੀਤਾ ਕੋਈ ਵੀ ਕਾਨੂੰਨ ਉੱਥੇ ਉਦੋਂ ਹੀ ਲਾਗੂ ਹੁੰਦਾ ਸੀ ਜਦੋਂ ਉੱਥੋਂ ਦੀ ਵਿਧਾਨ ਸਭਾ ਉਸ ਨੂੰ ਪਾਸ ਕਰ ਦਿੰਦੀ ਸੀ।

ਸਰਕਾਰ ਦਾ ਮੰਨਣਾ ਹੈ ਕਿ ਹੁਣ ਕਸ਼ਮੀਰ ਵਾਦੀ ਵਿਚ ਅੱਤਵਾਦ 'ਤੇ ਕਾਫ਼ੀ ਹੱਦ ਤੱਕ ਕਾਬੂ ਪਾਇਆ ਜਾ ਚੁੱਕਾ ਹੈ। ਧਰਤੀ ਦੀ ਇਸ 'ਜੰਨਤ' ਦੀਆਂ ਹੁਸੀਨ ਵਾਦੀਆਂ ਦੀ ਖ਼ੂਬਸੂਰਤੀ ਮਾਣਨ ਲਈ ਵੱਡੀ ਗਿਣਤੀ ਵਿਚ ਸੈਲਾਨੀ ਪਹੁੰਚ ਰਹੇ ਹਨ। ਸੰਨ 2023 ਵਿਚ 2 ਕਰੋੜ 11 ਲੱਖ ਸੈਲਾਨੀ ਆਏ। ਹੁਰੀਅਤ ਕਾਨਫਰੰਸ ਦੇ ਮੁਖੀ ਗਿਲਾਨੀ ਦੇ ਫੌਤ ਹੋ ਜਾਣ ਕਰ ਕੇ ਇਹ ਵੱਖਵਾਦੀ ਜਥੇਬੰਦੀ ਕਮਜ਼ੋਰ ਹੋਈ ਹੈ। ਸ਼ਬੀਰ ਸ਼ਾਹ ਸਮੇਤ ਕਈ ਵੱਡੇ ਆਗੂ ਜੇਲ੍ਹਾਂ ਵਿਚ ਬੰਦ ਹਨ। ਦਹਿਸ਼ਤੀ ਜਥੇਬੰਦੀ 'ਜਮਾਤ-ਏ-ਇਸਲਾਮੀ' ਉੱਤੇ ਪਾਬੰਦੀ ਜਾਰੀ ਹੈ। ਉਸ ਦੀ ਬਾਰਾਮੁਲਾ, ਕੁਪਵਾੜਾ, ਗਾਂਦਰਬਲ ਤੇ ਬਾਂਡੀਪੋਰਾ ਵਿਚਲੀ ਕਰੋੜਾਂ ਦੀ ਜਾਇਦਾਦ ਸੂਬਾਈ ਜਾਂਚ ਏਜੰਸੀ ਨੇ ਸੀਲ ਕੀਤੀ ਸੀ। ਵੱਖਵਾਦੀ ਨੇਤਾਵਾਂ ਦੇ ਘਰਾਂ 'ਤੇ ਛਾਪਿਆਂ ਦਾ ਸਿਲਸਿਲਾ ਜਾਰੀ ਹੈ ਅਤੇ ਉਨ੍ਹਾਂ ਦੀ ਪ੍ਰਾਪਰਟੀ ਜ਼ਬਤ ਕੀਤੀ ਜਾ ਰਹੀ ਹੈ। ਵੀਹ ਮਈ 2023 ਨੂੰ ਜੇਕੇਐੱਲਐੱਫ ਦੇ ਮੁਖੀ ਯਾਸੀਨ ਮਾਲਿਕ ਨੂੰ ਫਾਂਸੀ ਦੀ ਸਜ਼ਾ ਦਿਵਾਉਣ ਲਈ ਐੱਨਆਈਏ ਹਾਈ ਕੋਰਟ ਪਹੁੰਚੀ ਸੀ। ਯਾਦ ਰਹੇ ਕਿ ਹੇਠਲੀ ਅਦਾਲਤ ਨੇ ਟੈਰਰ ਫੰਡਿੰਗ ਦੇ ਮਾਮਲੇ 'ਚ ਮਲਿਕ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਸੀ। ਅੱਤਵਾਦੀ ਸੰਗਠਨਾਂ ਨੂੰ ਮਾਲੀ ਮਦਦ ਦੇਣ ਵਾਲਿਆਂ ਦੀਆਂ ਜਾਇਦਾਦਾਂ ਕੁਰਕ ਕੀਤੀਆਂ ਜਾ ਚੁੱਕੀਆਂ ਹਨ ਅਤੇ ਵੱਖਵਾਦੀ ਅਨਸਰਾਂ ਨੂੰ ਜੇਲ੍ਹਾਂ ਵਿਚ ਬੰਦ ਕੀਤਾ ਜਾ ਚੁੱਕਾ ਹੈ।

ਉਨ੍ਹਾਂ ਦੇ ਬੈਂਕ ਖਾਤੇ ਬੰਦ ਕਰ ਦਿੱਤੇ ਗਏ ਹਨ। ਕਈ ਅੱਤਵਾਦੀ ਜਥੇਬੰਦੀਆਂ 'ਤੇ ਪਾਬੰਦੀਆਂ ਲਗਾਈਆਂ ਗਈਆਂ ਹਨ ਜਿਸ ਦੇ ਫਲਸਰੂਪ ਉਨ੍ਹਾਂ ਦੀ ਗਤੀਵਿਧੀਆਂ ਤਕਰੀਬਨ ਸਮਾਪਤ ਹੋ ਚੁੱਕੀਆਂ ਹਨ। ਹੁਣ ਸੂਬੇ ਦੀ ਪੁਲਿਸ ਵੀ ਸੁਰੱਖਿਆ ਵਿਵਸਥਾ ਸੰਭਾਲਣ ਦੇ ਮਾਮਲੇ ਵਿਚ ਆਤਮ-ਨਿਰਭਰ ਹੋ ਚੁੱਕੀ ਹੈ। ਹਾਲਾਂਕਿ ਉੱਥੇ

(ਬਾਕੀ ਅਗਲੇ ਸਫੇ 'ਤੇ)

# ਪ੍ਰੋਫੈਸਰ ਰਾਜਪਾਲ ਸਿੰਘ ਯਾਦਗਾਰੀ ਵਿਰਾਸਤ ਮੇਲਾ ਅਮਿੱਟ ਯਾਦਾਂ ਛੱਡਦਾ ਹੋਇਆ ਸੰਪੰਨ -ਪਾਲੀ ਧਨੌਲਾ ਯੂਐਸਏ
















ਧਨੌਲਾ ਮੰਡੀ (ਸੰਜੀਵ ਗਰਗ ਕਾਲੀ) ਪ੍ਰੋਫੈਸਰ ਰਾਜਪਾਲ ਸਿੰਘ ਯਾਦਗਾਰੀ ਵਿਰਸਾਤ ਮੇਲਾ ਜੋ ਸਹੀਦ ਉੱਧਮ ਸਿੰਘ ਕਾਲਜ ਸੁਨਾਮ ਵਿਖੇ ਆਪਣੀਆਂ ਅਮਿੱਟ ਯਾਦਾਂ ਛੱਡਦਾ ਹੋਇਆ ਧੂਮ ਧਾਮ ਨਾਲ ਸਮਾਪਤ ਹੋ ਗਿਆ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਮੇਲੇ ਦੇ ਮੁੱਖ ਪ੍ਰਬੰਧਕ ਇੰਟਰਨੈਸਨਲ ਭੰਗੜਾ ਕਲਾਕਾਰ ਦਵਿੰਦਰ ਸਿੰਘ ਪਾਲੀ ਧਨੌਲਾ ਯੂਐਸਏ ਨੇ ਦੱਸਿਆ ਕਿ ਪ੍ਰੋਫੈਸਰ ਰਾਜਪਾਲ ਸਿੰਘ ਜੀ ਦੀ ਯਾਦ ਨੂੰ ਸਪਰਪਿਤ ਇਹ ਦੂਸਰਾ ਯਾਦਗਾਰੀ ਮੇਲਾ ਹੈ ਜੋ ਉਹਨਾਂ ਦੀ ਧਰਮ ਪਤਨੀ ਮੈਡਮ ਕੁਲਦੀਪ ਕੌਰ ਟਿਵਾਣਾ ਦੀ ਅਗਵਾਈ 'ਚ ਪੁਰਾਣੇ ਵਿਦਿਆਰਥੀਆਂ ਦੇ ਸਹਿਯੋਗ ਨਾਲ ਕਰਵਾਇਆ ਗਿਆ। ਇਸ ਮੌਕੇ ਤੇ ਸਾਬਕਾ ਵਾਈਸ ਚਾਂਸਲਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਸ. ਭੂਰਾ ਸਿੰਘ ਘੁੰਮਣ ਤੇ ਪ੍ਰੋਫੈਸਰ ਰਾਜਪਾਲ ਸਿੰਘ ਦੇ ਪੁਰਾਣੇ ਸਟੂਡੈਂਟ ਸਾਬਕਾ ਜੇਲ ਸੁਪਰਡੈਂਟ ਸ. ਜੋਗਾ ਸਿੰਘ ਸੇਖੋਂ, ਪੰਮੀ ਬਾਈ, ਮੇਜਰ ਸਿੰਘ ਚੱਠਾ, ਜੱਸੀ ਲੌਂਗੋਵਾਲੀਆਂ, ਜਸਵਿੰਦਰ ਸੁਨਾਮੀ, ਜਰਨੈਲ ਕਨੂੰ, ਪ੍ਰਮਿੰਦਰ ਪੰਮੀ, ਪਿੰਕੀ ਚਿੰਦ, ਸੁਖਵਿੰਦਰ ਸੁੱਖੀ, ਬੰਟੀ ਢਿੱਲੋਂ, ਪ੍ਰੋ. ਕੁਲਦੀਪ ਸਿੰਘ ਬਾਹੀਆ, ਸ੍ਰੀ ਰੁਪਿੰਦਰ ਭਾਰਦ-ਵਾਜ ਸਾਬਕਾ ਐਸਪੀ, ਨਰੇਸ ਕੁਮਾਰ, ਜਸਵਿੰਦਰ ਟਿਵਾਣਾ, ਅਮਰਿੰਦਰ ਸੰਧੂ ਸੇਠੀ, ਬਲਕਰਨ ਬਰਾੜ, ਅਮਰਿੰਦਰ ਪੰਨੂ,ਲਾਡੀ ਚਹਿਲ, ਗੋਲਡੀ ਧਨੌਲਾ, ਪ੍ਰੋ. ਰਾਜਬੀਰ ਕੌਰ, ਪ੍ਰੋ.ਮਨਪ੍ਰੀਤ ਹਾਂਡਾ, ਪ੍ਰਿੰਸੀਪਲ ਹਰਿੰਦਰ ਸਿੰਘ ਸੁਨਾਮ ਆਦਿ ਤੋਂ ਇਲਾਵਾ ਹੋ ਵੀ ਸਖਸੀਅਤਾਂ ਨੇ ਹਾਜਰੀ ਲਵਾਈ। ਇਸ ਮੇਲੇ ਦਾ ਆਗਾਜ ਸਮਾ ਰੌਸਨ ਕਰਨ ਉਪਰੰਤ ਕਾਲਜ ਦੇ ਬੱਚਿਆ ਨੇ ਧਾਰਮਿਕ ਸਬਦ ਨਾਲ ਕੀਤਾ। ਉਪਰੰਤ ਸੱਭਿਆਚਾਰਕ ਵੰਨਗੀਆਂ ਭੰਗੜਾ, ਗਿੱਧਾ, ਲੁੱਡੀ, ਸੰਮੀ, ਝੂੰਮਰ, ਮਲਵਈ ਗਿੱਧਾ ਅਤੇ ਲੋਕ ਗੀਤਾਂ ਦੇ ਮੁਕਾਬਲੇ ਕਰਵਾਏ ਗਏ। ਵਿਸੇਸ ਤੌਰ ਤੇ ਅਮਰੀਕਾ ਤੋਂ ਆਏ ਉ ੱਘੀ ਸਖਸੀਅਤ ਜਸਵੰਤ ਸਿੰਘ ਸਰਾਂ ਦਾ ਵਿਸੇਸ ਸਨਮਾਨ ਕੀਤਾ ਗਿਆ। ਇਸ ਤੋਂ ਇਲਾਵਾ ਪੁਰਾਣੇ ਕਲਾਕਾਰਾਂ ਨੂੰ ਮੁੱਖ ਰੱਖਦਿਆਂ ਉਸਤਾਦ ਜਨਕ ਰਾਜ ਇੰਟਰਨੈਸਨਲ ਢੋਲੀ, ਮਾਸਟਰ ਹਰਭਜਨ ਸਿੰਘ ਥਿੰਦ ਭੰਗੜਾ ਅਤੇ ਨਾਕਾਲ ਫਕੀਰ ਮੁਹੰਮਦ ਘਨੌਰ ਜੀ ਨੂੰ ਲਾਈਫ ਆਫ ਚੀਫ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਤੇ ਪ੍ਰੋ ਰਾਜਪਾਲ ਸਿੰਘ ਦੀ ਨਿੱਘੀ ਯਾਦ ਨੂੰ ਸਮਰਪਿਤ " ਸੋਵੀਨਾਰ '' ਰਿਲੀਜ ਕੀਤਾ ਗਿਆ। ਇਸ ਮੇਲੇ 'ਚ ਪੰਮੀ ਬਾਈ, ਸੁੱਖੀ ਬਰਾੜ, ਉਜਾਗਰ ਅੰਟਾਲ, ਸੰਦੀਪ ਬਰਾੜ, ਸੰਦੀਪ ਬਰਾੜ, ਤੇ ਸੁਰਿੰਦਰ ਖਾਨ ਨੇ ਆਪਣੀ ਗਾਇਕੀ ਦੇ ਜੋਹਰ ਦਿਖਾਏ। ਮੇਲੇ ਦੌਰਾਨ ਮੰਚ ਸੰਭਾਲਣ ਦੀ ਜਿੰਮੇਵਾਰੀ ਬਾਖੂਬੀ ਨਿਭਾਈ।

ਅਖੀਰ 'ਚ ਮੈਡਮ ਕੁਲਦੀਪ ਕੌਰ ਟਿਵਾਣਾ ਤੇ ਜੋਗਾ ਸਿੰਘ ਸੇਖੋਂ ਤੇ ਪ੍ਰਬੰਧਕਾਂ ਵੱਲੋਂ ਆਈਆਂ ਸਖਸੀਅਤਾਂ ਤੇ ਕਲਾਕਾਰਾਂ ਦਾ ਮਾਨ ਸਨਮਾਨ ਕੀਤਾ ਗਿਆ ਤੇ ਮੇਲੇ ਦੇ ਮੁੱਖ ਪ੍ਰਬੰਧਕ ਦਵਿੰਦਰ ਸਿੰਘ ਧਨੌਲਾ ਯੂਐਸਏ ਵੱਲੋਂ ਮੇਲੇ 'ਚ ਸਹਿਯੋਗ ਦੇਣ ਵਾਲਿਆਂ, ਕਲਾਕਾਰਾਂ ਤੇ ਪਤਵੰਤੇ ਵਿਅਕਤੀਆ ਦਾ ਤਹਿ ਦਿਲੋਂ ਧੰਨਵਾਦ ਕੀਤਾ।

# ਵਾਦੀ 'ਚੋਂ ਅਫਸਪਾ ਤੇ ਫ਼ੌਜ ਵਾਪਸੀ ਦੀ ਯੋਜਨਾ

(ਸਫਾ 15 ਦੀ ਬਾਕੀ)

ਅਫਸਪਾ ਹਟਾਏ ਜਾਣ ਦੀ ਮੰਗ ਜੰਮੂ-ਕਸ਼ਮੀਰ ਦੀਆਂ ਤਕਰੀਬਨ ਸਾਰੀਆਂ ਹੀ ਵਿਰੋਧੀ ਸਿਆਸੀ ਪਾਰਟੀਆਂ ਲੰਮੇ ਅਰਸੇ ਤੋਂ ਕਰਦੀਆਂ ਆ ਰਹੀਆਂ ਹਨ। ਪ੍ਰੰਤੂ ਵਿਸ਼ੇਸ਼ ਰਾਜ ਦਾ ਦਰਜਾ ਸਮਾਪਤ ਹੋਣ ਤੋਂ ਬਾਅਦ ਕਸ਼ਮੀਰ ਵਾਦੀ ਵਿਚ ਵੱਖਵਾਦੀ ਤਾਕਤਾਂ ਫਿਰ ਸਰਗਰਮ ਹੋ ਗਈਆਂ ਸਨ। ਉਸ ਦੇ ਮੱਦੇਨਜ਼ਰ ਵੱਡੀ ਗਿਣਤੀ ਵਿਚ ਫ਼ੌਜ ਨੂੰ ਲਾਉਣਾ ਪਿਆ ਅਤੇ ਅਫਸਪਾ ਲਗਾਈ ਰੱਖਣਾ ਜ਼ਰੂਰੀ ਹੋ ਗਿਆ ਸੀ। ਕਸ਼ਮੀਰ ਵਿਚ ਲੋਕ ਸਭਾ ਚੋਣਾਂ ਲਈ ਜਿੱਥੇ ਸੁਖਾਵਾਂ ਮਾਹੌਲ ਹੈ ਉੱਥੇ ਹੀ ਅਸੈਂਬਲੀ ਚੋਣਾਂ ਦੀ ਮੰਗ ਜ਼ੋਰ ਫੜ ਰਹੀ ਹੈ। ਇਸ ਲਈ ਕੇਂਦਰ ਸਰਕਾਰ ਮੰਨ ਰਹੀ ਹੈ ਕਿ ਕਸ਼ਮੀਰ ਵਾਦੀ ਵਿਚ ਦਹਿਸ਼ਤਵਾਦ ਕਮਜ਼ੋਰ ਹੋਇਆ ਹੈ ਅਤੇ ਅਫਸਪਾ ਹਟਾਏ ਜਾਣ ਦਾ ਫ਼ੈਸਲਾ ਇਕ ਵੱਡਾ ਕਦਮ ਸਾਬਿਤ ਹੋਵੇਗਾ। ਦਰਅਸਲ, ਅਫਸਪਾ ਤਹਿਤ ਹਥਿਆਰਬੰਦ ਬਲਾਂ ਨੂੰ ਸ਼ੱਕ ਦੇ ਆਧਾਰ 'ਤੇ ਕਿਸੇ ਦੀ ਵੀ ਗ੍ਰਿਫ਼ਤਾਰੀ, ਬਿਨਾਂ ਕਿਸੇ ਮਨਜ਼ੂਰੀ ਦੇ ਤਲਾਸ਼ੀ ਲੈਣ ਤੇ ਗੋਲ਼ੀ ਚਲਾਉਣ ਦੇ ਅਧਿਕਾਰ ਮਿਲੇ ਸਨ। ਉਂਜ ਵੀ ਨਾਗਰਿਕ ਟਿਕਾਣਿਆਂ ਉੱਤੇ ਫ਼ੌਜ ਦੀ ਤਾਇਨਾਤੀ ਜਮਹੂਰੀ ਕਦਰਾਂ-ਕੀਮਤਾਂ ਦੇ ਲਿਹਾਜ਼ ਨਾਲ ਮੁਨਾਸਿਬ ਨਹੀਂ ਮੰਨੀ ਜਾਂਦੀ ਜੋ ਰਾਜ ਦੇ ਅਧਿਕਾਰਾਂ ਦੀ ਖ਼ਿਲਾਫ਼ਵਰਜ਼ੀ ਹੈ। ਇਸ ਵਕਤ ਜੰਮੂ-ਕਸ਼ਮੀਰ ਵਿਚ ਕੋਈ ਚੁਣੀ ਹੋਈ ਸਰਕਾਰ ਨਹੀਂ ਹੈ ਪਰ ਨਾਗਰਿਕ ਅਧਿਕਾਰਾਂ ਦੇ ਲਿਹਾਜ਼ ਨਾਲ ਹਥਿਆਰਬੰਦ ਬਲਾਂ ਦੀ ਤਾਇਨਾਤੀ ਅਤੇ ਉਨ੍ਹਾਂ ਨੂੰ ਅਫਸਪਾ ਦਾ ਅਧਿਕਾਰ ਦਿੱਤਾ ਜਾਣਾ ਉਚਿਤ ਨਹੀਂ ਮੰਨਿਆ ਜਾ ਸਕਦਾ।

ਉਂਜ ਵੀ ਫ਼ੌਜ ਨੂੰ ਨਾਗਰਿਕ ਖੇਤਰਾਂ ਦੀ ਸੁਰੱਖਿਆ ਦੀ ਟਰੇਨਿੰਗ ਨਹੀਂ ਦਿੱਤੀ ਜਾਂਦੀ। ਫ਼ੌਜ ਨੂੰ ਕਾਨੂੰਨ ਸਬੰਧੀ ਮਾਮਲਿਆਂ ਦੀ ਸਮਝ ਵੀ ਨਹੀਂ ਹੁੰਦੀ। ਪੁਲਿਸ 'ਤੇ ਨਾ ਸਿਰਫ਼ ਨਾਗਰਿਕ ਸੁਰੱਖਿਆ ਬਲਕਿ ਅਨੇਕ ਸਥਾਨਕ ਵਿਵਾਦਾਂ ਨੂੰ ਨਿਪਟਾਉਣ ਦੀ ਵੀ ਜ਼ਿੰਮੇਵਾਰੀ ਹੁੰਦੀ ਹੈ ਜਿਹੜੀ ਹਥਿਆਰਬੰਦ ਬਲਾਂ ਦੀ ਮੌਜੂਦਗੀ ਨਾਲ ਅੜਿੱਕਾ ਬਣਦੀ ਹੈ। ਕਸ਼ਮੀਰ ਵਾਦੀ ਵਿਚ ਫ਼ੌਜ ਦੀ ਤਾਇਨਾਤੀ ਨੂੰ ਲੈ ਕੇ ਸਥਾਨਕ ਨਾਗਰਿਕਾਂ ਵਿਚ ਨਾਰਾਜ਼ਗੀ ਤੇ ਰੋਸ ਪ੍ਰਤੱਖ ਵਿਖਾਈ ਦਿੰਦਾ ਹੈ ਜਿਸ ਦੀ ਵਜ੍ਹਾ ਨਾਲ ਸਰਕਾਰ ਤੇ ਕਸ਼ਮੀਰੀ ਅਵਾਮ ਵਿਚਲੀ ਦੂਰੀ ਵਧਦੀ ਹੈ। ਜੇਕਰ ਨਾਗਰਿਕ ਟਿਕਾਣਿਆਂ ਤੋਂ ਫ਼ੌਜ ਹਟਾ ਲਈ ਜਾਂਦੀ ਹੈ ਤਾਂ ਸਰਕਾਰ ਦੀਆਂ ਵਿਕਾਸ ਯੋਜਨਾਵਾਂ ਦੀ ਪਹੁੰਚ ਸਾਫ਼ ਨਜ਼ਰ ਆਵੇਗੀ ਤੇ ਨਾਗਰਿਕਾਂ ਦਾ ਸਰਕਾਰ 'ਤੇ ਭਰੋਸਾ ਬਣੇਗਾ।

ਇਸ ਵੇਲੇ ਜੰਮੂ-ਕਸ਼ਮੀਰ 'ਚ ਸਭ ਤੋਂ ਜ਼ਰੂਰੀ ਹੈ ਸਰਕਾਰ ਤੇ ਨਾਗਰਿਕਾਂ ਵਿਚਾਲੇ ਵਿਸ਼ਵਾਸ ਦੀ ਬਹਾਲੀ ਜਿਸ ਨਾਲ ਸਥਾਨਕ ਨੌ-ਜਵਾਨਾਂ ਦੀ ਭਟਕਣਾ ਦੂਰ ਹੋਵੇਗੀ ਤੇ ਉਹ ਮੁੱਖਧਾਰਾ 'ਚ ਸ਼ਾਮਲ ਹੋ ਜਾਣਗੇ। ਅਫਸਪਾ ਕਾਰਨ ਸਥਾਨਕ ਨੌਜਵਾਨਾਂ ਤੇ ਆਮ ਲੋਕਾਂ 'ਚ ਬੇਗਾਨਗੀ ਤੇ ਬੇਭਰੋਸਗੀ ਹੈ। ਉਸ ਨੂੰ ਹਟਾਏ ਜਾਣ ਨਾਲ ਅਜੋਕੇ ਹਾਲਾਤ 'ਚ ਹੋਰ ਸੁਧਾਰ ਦੀ ਸੰਭਾਵਨਾ ਹੈ। ਲੋਕ ਸਭਾ ਚੋਣਾਂ ਤੋਂ ਬਾਅਦ ਵਿਧਾਨ ਸਭਾ ਚੋਣਾਂ ਤੇ ਸੂਬੇ ਦਾ ਦਰਜਾ ਬਹਾਲ ਕੀਤਾ ਜਾਵੇ।

# ਅਮਰੀਕਾ 'ਚ ਮਹੀਨੇ ਤੋਂ ਲਾਪਤਾ 25 ਸਾਲਾ ਭਾਰਤੀ ਵਿਦਿਆਰਥੀ ਦੀ ਲਾਸ਼ ਮਿਲੀ

ਨਿਊਯਾਰਕ- ਅਮਰੀਕਾ ਵਿੱਚ ਪਿਛਲੇ ਮਹੀਨੇ ਤੋਂ ਲਾਪਤਾ 25 ਸਾਲਾ ਭਾਰਤੀ ਵਿਦਿਆਰਥੀ ਦੀ ਅਮਰੀਕੀ ਸ਼ਹਿਰ ਕਲੀਵਲੈਂਡ ਵਿੱਚ ਲਾਸ਼ ਮਿਲੀ ਹੈ। ਇਸ ਦੇਸ਼ ਵਿੱਚ ਭਾਰਤੀ ਮੂਲ ਦੇ ਵਿਦਿਆਰਥੀਆਂ ਦੀਆਂ ਇਸ ਸਾਲ ਕਈ ਮੌਤਾਂ ਹੋ ਚੁੱਕੀਆਂ ਹਨ। ਹਫ਼ਤੇ ਦੇ ਅੰਦਰ ਕਿਸੇ ਭਾਰਤੀ ਵਿਦਿਆਰਥੀ ਦੀ ਮੌਤ ਦਾ ਇਹ ਦੂਜਾ ਮਾਮਲਾ ਹੈ। ਹੈਦਰਾਬਾਦ ਦੇ ਨਚਾਰਮ ਦਾ ਰਹਿਣ ਵਾਲਾ ਮੁਹੰਮਦ ਅਬਦੁਲ ਅਰਾ-ਫਾਤ ਪਿਛਲੇ ਸਾਲ ਮਈ ਵਿੱਚ ਕਲੀਵਲੈਂਡ ਯੂਨੀਵਰਸਿਟੀ ਤੋਂ ਆਈਟੀ (ਸੂਚਨਾ ਤਕਨਾਲੋਜੀ) ਵਿੱਚ ਪੋਸਟ ਗ੍ਰੈਜੂਏਸ਼ਨ ਕਰਨ ਲਈ ਅਮਰੀਕਾ ਆਇਆ ਸੀ। ਨਿਊਯਾਰਕ ਵਿਚ ਭਾਰਤ ਦੇ ਕੌਂਸਲੇਟ ਜਨਰਲ ਨੇ ਐਕਸ 'ਤੇ ਪੋਸਟ ਵਿਚ ਕਿਹਾ, 'ਇਹ ਜਾਣ ਕੇ ਦੁਖੀ ਹੈ ਕਿ ਮੁਹੰਮਦ ਅਬਦੁਲ ਅਰਾਫਾਤ, ਜਿਸ ਲਈ ਤਲਾਸ਼ੀ ਮੁਹਿੰਮ ਚੱਲ ਰਹੀ ਸੀ, ਦੀ ਲਾਸ਼ ਕਲੀਵਲੈਂਡ, ਓਹੀਓ ਵਿਚ ਮਿਲੀ ਹੈ।'

# ਆਪ ਦੇ ਵਿਧਾਇਕ ਦੇ ਪਿਤਾ ਫਿਰੋਜ਼ਪੁਰ ਤੋਂ ਬਸਪਾ ਉਮੀਦਵਾਰ

ਚੰਡੀਗੜ੍ਹ- ਬਹੁਜਨ ਸਮਾਜ ਪਾਰਟੀ ਪੰਜਾਬ (ਭੰਫ, ਫੁਨਜਅਬ) ਵਲੋਂ ਲੋਕ ਸਭਾ ਫਿਰੋਜ਼ਪੁਰ ਤੋਂ ਉਮੀਦਵਾਰ ਸੁਰਿੰਦਰ ਕੰਬੋਜ ਹੋਣਗੇ। ਕੇਂਦਰੀ ਕੋਆਰਡੀਨੇਟਰ ਬੈਣੀਵਾਲ ਨੇ ਕਿਹਾ ਕਿ ਜਲਦ ਹੀ ਪੰਜਾਬ ਦੀਆਂ ਸਾਰੀਆਂ ਸੀਟਾਂ 'ਤੇ ਉਮੀਦਵਾਰ ਐਲਾਨ ਦਿੱਤੇ ਜਾਣਗੇ। ਸਾਰੇ ਉਮੀਦਵਾਰਾਂ ਦੇ ਪੈਨਲ 'ਤੇ ਅੰਤਿਮ ਫੈਸਲਾ ਭੈਣ ਕੁਮਾਰੀ ਮਾਇਆਵਤੀ ਵੱਲੋਂ ਲਿਆ ਜਾ ਰਿਹਾ ਹੈ। ਬਸਪਾ ਸੂਬਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨੇ ਦੱਸਿਆ ਕਿ ਰਾਜਨੀਤੀਕ ਪਿਛੋਕੜ ਨਾਲ ਸਬੰਧਿਤ ਸੁਰਿੰਦਰ ਕੰਬੋਜ ਖ਼ੁਦ ਸਮਾਜਿਕ ਤੇ ਰਾਜਨੀਤਕ ਖੇਤਰ ਨਾਲ ਜੁੜੇ ਹੋਏ ਹਨ। ਕੰਬੋਜ ਦਾ ਬੇਟਾ ਜਗਦੀਪ ਗੋਲਡੀ ਕੰਬੋਜ ਜਲਾਲਾਬਾਦ ਵਿਧਾਨ ਸਭਾ ਹਲਕੇ ਤੋਂ ਆਮ ਆਦਮੀ ਪਾਰਟੀ ਦਾ ਮੌਜੂਦਾ ਵਿਧਾਇਕ ਹੈ। ਪੰਜਾਬ ਇੰਚਾਰਜ ਅਜੀਤ ਸਿੰਘ ਭੈਣੀ ਤੇ ਵਿਧਾਇਕ ਡਾ. ਨਛੱਤਰ ਪਾਲ ਨੇ ਕਿਹਾ ਕਿ ਪੰਜਾਬ ਸਰਕਾਰ ਤੋਂ ਵਿਧਾਇਕ ਦੇ ਪਿਤਾ ਦਾ ਮੋਹ ਭੰਗ ਹੋ ਚੁੱਕਾ ਹੈ।

# ਉਹ ਮੁੱਦੇ ਜੋ ਪੰਜਾਬ ਵਿਚ ਲੋਕ ਸਭਾ ਚੋਣਾਂ ਨੂੰ ਪ੍ਰਭਾਵਿਤ ਕਰਨਗੇ



ਪੰਜਾਬ ਵਿੱਚ 2024 ਦੀਆਂ ਲੋਕ ਸਭਾ ਚੋਣਾਂ ਲਈ ਵੋਟਿੰਗ ਆਖਰੀ ਗੇੜ ਵਿੱਚ 1 ਜੂਨ ਨੂੰ ਹੋਣੀ ਹੈ। ਕੇਂਦਰ ਸਰਕਾਰ ਦੇ ਤਿੰਨ ਖੇਤੀ ਕਾਨੂੰਨਾਂ ਖਿਲਾਫ਼ ਮੋਹਰੀ ਚਿਹਰਾ ਬਣੇ ਇਸ ਸੂਬੇ ਦੇ ਆਪਣੇ ਮੁੱਦੇ ਹਨ ਜਿਨ੍ਹਾਂ ਦੇ ਹੱਲ ਅਜੇ ਤੱਕ ਨਹੀਂ ਹੋਏ ਹਨ। ਲੋਕ ਸਭਾ ਚੋਣਾਂ ਦੇ ਐਲਾਨ ਤੱਕ ਪੰਜਾਬ ਵਿੱਚ ਕਿਸੇ ਵੀ ਪਾਰਟੀ ਨੇ ਕੋਈ ਅਜਿਹਾ ਏਜੰਡਾ ਨਹੀਂ ਐਲਾਨਿਆ ਜਿਸ ਉੱਤੇ ਉਹ ਸੂਬੇ ਵਿੱਚ ਚੋਣਾਂ ਲੜ ਸਕੇ। 2019 ਦੀਆਂ ਲੋਕ ਸਭਾ ਚੋਣਾਂ ਦੀ ਜੇਕਰ ਗੱਲ ਕਰੀਏ ਤਾਂ ਪੰਜਾਬ ਵਿੱਚ ਨਸ਼ਾ, ਕਿਸਾਨੀ ਸੰਕਟ ਤੇ ਬੇਅਦਬੀ ਵਰਗੇ ਮੁੱਦਿਆਂ ਉੱਤੇ ਚੋਣਾਂ ਲੜੀਆਂ ਗਈਆਂ ਸਨ। 2024 ਦੀਆਂ ਲੋਕ ਸਭਾ ਚੋਣਾਂ ਬਾਰੇ ਖ਼ਾਸ ਗੱਲ ਇਹ ਹੈ ਕਿ ਪੰਜਾਬ ਦੀਆਂ ਮੁੱਖ ਸਿਆਸੀ ਪਾਰਟੀਆਂ ਇਕੱਲੇ ਚੋਣਾਂ ਲੜ ਰਹੀਆਂ ਹਨ। ਕਿਸੇ ਵੀ ਪਾਰਟੀ ਦਾ ਗਠਜੋੜ ਦੂਜੀ ਪਾਰਟੀ ਨਾਲ ਨਹੀਂ ਹੋ ਸਕਿਆ ਹੈ। ਅਕਾਲੀ-ਭਾਜਪਾ ਵਿਚਾਲੇ ਗਠਜੋੜ ਦੀਆਂ ਕੋਸ਼ਿਸ਼ਾਂ ਹੋਈਆਂ ਪਰ ਹੁਣ ਦੋਵਾਂ ਪਾਰਟੀਆਂ ਨੇ ਇਕੱਲੇ ਚੋਣ ਲੜਨ ਦਾ ਐਲਾਨ ਕਰ ਦਿੱਤਾ ਹੈ। ਆਮ ਆਦਮੀ ਪਾਰਟੀ ਤੇ ਕਾਂਗਰਸ ਭਾਵੇਂ ਕੌਮੀ ਪੱਧਰ ਉੱਤੇ 'ਇੰਡੀਆ ਗਠਜੋੜ' ਦਾ ਹਿੱਸਾ ਹਨ ਪਰ ਦੋਵੇਂ ਪਾਰਟੀਆਂ ਨੇ ਪੰਜਾਬ ਵਿੱਚ ਵੱਖ ਹੋ ਕੇ ਜਾਂ ਕਹੀਏ ਇੱਕ ਦੂਜੇ ਦੇ ਖਿਲਾਫ਼ ਚੋਣ ਲੜਨ ਦਾ ਐਲਾਨ ਕੀਤਾ ਹੈ।

### ਕੀ ਪੰਜਾਬ ਵਿੱਚ ਕੌਮੀ ਮੁੱਦੇ ਅਸਰ ਪਾਉਣਗੇ



ਇਨ੍ਹਾਂ ਸਿਆਸੀ ਸਮੀਕਰਨਾਂ ਵਿਚਾਲੇ ਅਜਿਹੇ ਕਈ ਮੁੱਦੇ ਹਨ ਜਿਨ੍ਹਾਂ ਉੱਤੇ ਅਗਾਮੀ ਲੋਕ ਸਭਾ ਚੋਣਾਂ ਲੜੀਆਂ ਜਾਣਗੀਆਂ। ਲੋਕ ਸਭਾ ਚੋਣਾਂ ਭਾਰਤ ਵਰਗੇ ਵੱਡੇ ਲੋਕਤੰਤਰ ਵਿੱਚ ਇੱਕ ਤਿਉਹਾਰ ਵਾਂਗ ਹੁੰਦੀਆਂ ਹਨ। ਲੋਕ ਸਭਾ ਚੋਣਾਂ ਲਈ ਸਿਆਸੀ ਪਾਰਟੀਆਂ ਮੁੱਖ ਤੌਰ ਉੱਤੇ ਆਪਣੇ ਚੋਣ ਮੈਨੀਫੈਸਟੋ ਵਿੱਚ ਉਨ੍ਹਾਂ ਮੁੱਦਿਆਂ ਦਾ ਜ਼ਿਕਰ ਕਰਦੀਆਂ ਹਨ ਜਿਨ੍ਹਾਂ ਦਾ ਕੌਮੀ ਪੱਧਰ ਉੱਤੇ ਅਸਰ ਹੁੰਦਾ ਹੈ। ਖੇਤਰੀ ਪਾਰਟੀਆਂ ਜ਼ਰੂਰ ਉੱਥੋਂ ਦੇ ਮੁੱਦਿਆਂ ਨੂੰ ਚੁੱਕਣ ਦਾ ਦਾਅਵਾ ਕਰਦੀਆਂ ਹਨ ਜਿਸ ਸੂਬੇ ਜਾਂ ਖੇਤਰ ਵਿੱਚ ਉਹ ਐਕਟਿਵ ਹੁੰਦੀਆਂ ਹਨ। ਜੇ ਅਸੀਂ ਪੰਜਾਬ ਦੀ ਗੱਲ ਕਰੀਏ ਤਾਂ ਕੀ ਪੰਜਾਬ ਵਿੱਚ ਰਾਸ਼ਟਰੀ ਮੁੱਦੇ ਜ਼ੋਰ ਫੜ੍ਹ ਸਕਦੇ ਹਨ ਜਾਂ ਪੰਜਾਬ ਦੇ ਆਪਣੇ ਮੁੱਦਿਆਂ ਉੱਤੇ ਹੀ ਚੋਣਾਂ ਲੜੀਆਂ ਜਾਣਗੀਆਂ। ਸਿਆਸੀ ਮਾਮਲਿਆਂ ਦੇ ਮਾਹਿਰ ਡਾ। ਪ੍ਰਮੋਦ ਮੰਨਦੇ ਹਨ ਕਿ ਪੰਜਾਬ ਵਿੱਚ ਕੌਮੀ ਮੁੱਦਿਆਂ ਦਾ ਕੋਈ ਅਸਰ ਲੋਕ ਸਭਾ ਚੋਣਾਂ ਵਿੱਚ ਨਜ਼ਰ ਨਹੀਂ ਆ ਰਿਹਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਅਗਾਮੀ ਚੋਣਾਂ ਵਿੱਚ ਪੰਜਾਬ ਦੇ ਆਪਣੇ ਮੁੱਦੇ ਹੀ ਜ਼ੋਰ ਫੜ੍ਹਨਗੇ ਤੇ ਲੋਕਾਂ ਦੇ ਵੋਟ ਪਾਉਣ ਦੇ ਫੈਸਲੇ ਉੱਤੇ ਅਸਰ ਪਾਉਣਗੇ। ਡਾ। ਪ੍ਰਮੋਦ ਕਹਿੰਦੇ ਹਨ, "ਕੌਮੀ ਪੱਧਰ ਉੱਤੇ ਉੱਠ ਰਿਹਾ ਸੀਏਏ ਦਾ ਮੁੱਦਾ ਪੰਜਾਬ ਵਿੱਚ ਕੋਈ ਵੱਡਾ ਮੁੱਦਾ ਨਹੀਂ ਹੈ। ਰਾਮ ਮੰਦਰ ਦੀ ਪ੍ਰਾਣ ਪ੍ਰਤਿਸ਼ਠਾ ਵੀ ਪੰਜਾਬ ਵਿੱਚ ਇੱਕ ਛੋਟੇ ਜਿਹੇ ਹਿੱਸੇ ਨੂੰ ਹੀ ਪ੍ਰਭਾਵਿਤ ਕਰ ਸਕਦੀ ਹੈ। ਪੇਂਡੂ ਖੇਤਰਾਂ ਵਿੱਚ ਇਸ ਬਾਰੇ ਲੋਕ ਚੰਗਾ ਮਹਿਸੂਸ ਤਾਂ ਕਰ ਸਕਦੇ ਹਨ ਪਰ ਇਸ ਮੁੱਦੇ ਲਈ ਕੋਈ ਵੱਡੀ ਲਹਿਰ ਬਣੇ ਇਹ ਸੰਭਵ ਨਹੀਂ ਹੈ।" ਤਾਂ ਪੰਜਾਬ ਦੇ ਮੁੱਦੇ ਕਿਹੜੇ ਹਨ ਜੋ ਅਗਾਮੀ ਲੋਕ ਸਭਾ ਚੋਣਾਂ ਵਿੱਚ ਹਾਵੀ ਰਹਿ ਸਕਦੇ ਹਨ। ਇਸ ਬਾਰੇ ਅਸੀਂ ਵੱਖ-ਵੱਖ ਮਾਹਿਰਾਂ ਨਾਲ ਗੱਲਬਾਤ ਕੀਤੀ। ਸੂਬੇ ਦੇ ਸਿਆਸੀ ਹਾਲਾਤ ਤੇ ਮਾਹਿਰਾਂ ਦੀ ਰਾਇ ਦੇ ਅਧਾਰ ਉੱਤੇ ਇਸ ਰਿਪੋਰਟ ਵਿੱਚ ਗੱਲ ਕਰਾਂਗੇ।

### ਕਿਸਾਨੀ – ਇੱਕ ਵੱਡਾ ਮੁੱਦਾ

ਪੰਜਾਬ ਨੂੰ ਖੇਤੀ ਪ੍ਰਧਾਨ ਸੂਬਾ ਕਿਹਾ ਜਾਂਦਾ ਹੈ। 13 ਲੋਕ ਸਭਾ ਸੀਟਾਂ ਵਾਲਾ ਇਹ ਸੂਬਾ ਪੂਰੇ ਦੇਸ਼ ਦੇ ਖੇਤੀ ਉਤਪਾਦਨ ਵਿੱਚ ਇੱਕ ਵੱਡਾ ਹਿੱਸਾ ਪਾਉਂਦਾ ਹੈ। ਖੇਤੀ ਤੇ ਅਰਥਚਾਰੇ ਦੇ ਮਾਹਿਰ ਰਣਜੀਤ ਸਿੰਘ ਘੁੰਮਣ ਮੁਤਾਬਕ ਪੂਰੇ ਦੇਸ਼ ਦੇ ਕਣਕ ਉਤਪਾਦਨ ਵਿੱਚ ਪੰਜਾਬ ਦੀ 35 ਫੀਸਦੀ ਹਿੱਸੇਦਾਰੀ ਹੈ। ਇਸ ਦੇ ਨਾਲ ਹੀ ਝੋਨੇ ਦੇ ਉਤਪਾਦਨ ਵਿੱਚ ਪੰਜਾਬ ਦਾ 25 ਫੀਸਦ ਦਾ ਹਿੱਸਾ ਹੈ। ਜਦੋਂ 2020 ਵਿੱਚ ਕੇਂਦਰ ਸਰਕਾਰ ਦੇ ਤਿੰਨ ਖੇਤੀ ਕਾਨੂੰਨਾਂ ਖਿਲਾਫ਼ ਪ੍ਰਦਰਸ਼ਨ ਸ਼ੁਰੂ ਹੋਇਆ ਤਾਂ ਪੰਜਾਬ ਦੇ ਕਿਸਾਨਾਂ ਦੀ ਉਸ ਵਿੱਚ ਵੱਡੀ ਸ਼ਮੂਲੀਅਤ ਸੀ। ਉਹ ਅੰਦੋਲਨ ਸਫਲ ਵੀ ਹੋਇਆ ਤੇ ਤਿੰਨ ਖੇਤੀ ਕਾਨੂੰਨ ਕੇਂਦਰ ਸਰਕਾਰ ਨੂੰ ਵਾਪਸ ਵੀ ਲੈਣੇ ਪਏ ਸਨ। ਕਾਨੂੰਨ ਤਾਂ ਵਾਪਸ ਲਏ ਗਏ ਪਰ ਕਿਸਾਨਾਂ ਮੁਤਾਬਕ ਉਸ ਵੇਲੇ ਕੀਤੇ ਕਈ ਵਾਅਦੇ ਸਰਕਾਰ ਵੱਲੋਂ ਪੂਰੇ ਨਹੀਂ ਕੀਤੇ ਗਏ। ਮਾਹਿਰਾਂ ਮੁਤਾਬਕ ਅਗਾਮੀ ਲੋਕ ਸਭਾ ਚੋਣਾਂ ਵਿੱਚ ਕਿਸਾਨੀ ਅਜੇ ਵੀ ਇੱਕ ਵੱਡਾ ਮੁੱਦਾ ਹੈ।

ਆਰ ਐੱਸ ਘੁੰਮਣ ਕਹਿੰਦੇ ਹਨ, "ਸਾਰੀਆਂ ਪਾਰਟੀਆਂ ਕਹਿੰਦੀਆਂ ਹਨ ਕਿ ਪੰਜਾਬ ਇੱਕ ਖੇਤੀ ਪ੍ਰਧਾਨ ਸੂਬਾ ਹੈ। ਪਰ ਉਨ੍ਹਾਂ ਨੇ ਖੇਤੀ ਲਈ ਕੁਝ ਖਾਸ ਨਹੀਂ ਕੀਤਾ ਹੈ। ਪੰਜਾਬ ਅਜੇ ਵੀ ਦੇਸ਼ ਦੇ ਅਨਾਜ ਭੰਡਾਰ ਵਿੱਚ ਇੱਕ ਵੱਡਾ ਹਿੱਸਾ ਪਾਉਂਦਾ ਹੈ।" ਆਰ ਐੱਸ ਘੁੰਮਣ ਮੰਨਦੇ ਹਨ ਕਿ ਅਸਲ ਵਿੱਚ ਪੰਜਾਬ ਦੇ ਕਿਸਾਨਾਂ ਦੇ ਲਈ ਇੱਕ ਖੇਤੀ ਨੀਤੀ ਦੀ ਲੋੜ ਹੈ। ਉਹ ਕਹਿੰਦੇ ਹਨ, "ਜੇ ਲੋਕ ਸਭਾ ਵਿੱਚ ਕਿਸਾਨੀ ਨੂੰ ਮੁੱਦਾ ਬਣਾਇਆ ਜਾਂਦਾ ਹੈ ਤਾਂ ਕਿਸਾਨ ਸਰਕਾਰ ਬਣਨ ਤੋਂ ਬਾਅਦ ਪਾਰਟੀਆਂ ਤੋਂ ਜਵਾਬ ਮੰਗ ਸਕਦੇ ਹਨ। ਜੇ ਪਾਰਟੀਆਂ ਵੋਟ ਮੰਗਣ ਆਉਂਦੀਆਂ ਹਨ ਤਾਂ ਕਿਸਾਨਾਂ ਨੂੰ ਵੀ ਪਾਰਟੀਆਂ ਨੂੰ ਪੁੱਛਣਾ ਚਾਹੀਦਾ ਹੈ ਕਿ ਉਹ ਕਿਸਾਨਾਂ ਲਈ ਕਿਹੜੀ ਨੀਤੀ ਬਣਾਉਣ ਦੀ ਵਾਅਦਾ ਕਰ ਰਹੇ ਹਨ।"

ਸਮਾਜਿਕ ਕਾਰਕੁਨ ਡਾਕਟਰ ਪਿਆਰੇ ਲਾਲ ਗਰਗ ਮੰਨਦੇ ਹਨ ਕਿ ਕਿਸਾਨੀ ਪੰਜਾਬ ਵਿੱਚ ਇੱਕ ਅਹਿਮ ਮੁੱਦਾ ਰਹੇਗੀ। ਉਹ ਕਹਿੰਦੇ ਹਨ, "ਕਿਸਾਨਾਂ ਨੇ ਭਾਜਪਾ ਖਿਲਾਫ ਮੋਰਚਾ ਖੋਲ੍ਹਿਆ ਹੈ। ਕਿਸਾਨਾਂ ਨੇ ਐਲਾਨ ਕੀਤਾ ਹੈ ਕਿ ਭਾਜਪਾ ਨੂੰ ਪੰਜਾਬ ਦੇ ਪਿੰਡਾਂ ਵਿੱਚ ਨਹੀਂ ਵੜ੍ਹਨ ਦਿੱਤਾ ਜਾਵੇਗਾ। ਦੂਜੇ ਪਾਸੇ ਸ਼ੰਭੂ ਬਾਰਡਰ ਉੱਤੇ ਜਿਵੇਂ ਕਿਸਾਨਾਂ ਨੂੰ ਰੋਕਿਆ ਗਿਆ ਹੈ ਉਹ ਵੀ ਵੋਟ ਪਾਉਣ ਵੇਲੇ ਕਿਸਾਨਾਂ ਦੇ ਦਿਮਾਗ ਵਿੱਚ ਰਹੇਗਾ।" "ਕਿਸਾਨਾਂ ਦੇ ਮੁਜ਼ਾਹਰੇ ਵਿਚਾਲੇ ਸ਼ੰਭੂ ਬਾਰਡਰ ਉੱਤੇ ਸ਼ੁਭਕਰਨ ਸਿੰਘ ਦੀ ਮੌਤ ਵੀ ਇੱਕ ਵੱਡਾ ਮੁੱਦਾ ਰਹੇਗੀ। ਭਾਵੇਂ ਦੋ ਮੁੱਖ ਗਰੁੱਪ ਹੀ ਸ਼ੰਭੂ ਬਾਰਡਰ ਉੱਤੇ ਪ੍ਰਦਰਸ਼ਨ ਕਰ ਰਹੇ ਹਨ ਪਰ ਫਿਰ ਵੀ ਕਿਸਾਨਾਂ ਦੇ ਮਨ ਵਿੱਚ ਇਸ ਗੱਲ ਦਾ ਰੋਸ ਹੈ ਕਿ ਉਨ੍ਹਾਂ ਨੂੰ ਦਿੱਲੀ ਜਾਣ ਤੋਂ ਰੋਕਿਆ ਗਿਆ ਤੇ ਜਿਸ ਤਰੀਕੇ ਦਾ ਰਵੱਈਆ ਸਰਕਾਰ ਵੱਲੋਂ ਕਿਸਾਨਾਂ ਲਈ ਅਪਣਾਇਆ ਗਿਆ, ਉਸ ਦਾ ਗੁੱਸਾ ਵੀ ਕਿਸਾਨਾਂ ਵਿੱਚ ਹੈ।"

ਕਿਸਾਨਾਂ ਦੇ ਦੂਜੀਆਂ ਪਾਰਟੀਆਂ ਬਾਰੇ ਰੁਖ਼ 'ਤੇ ਪਿਆਰੇ ਲਾਲ ਗਰਗ ਕਹਿੰਦੇ ਹਨ, "ਕਿਸਾਨਾਂ ਵੱਲੋਂ ਆਮ ਆਦਮੀ ਪਾਰਟੀ ਨੂੰ ਸਵਾਲ ਤਾਂ ਹੋਣਗੇ। ਇਹ ਵੀ ਗੱਲ ਸੱਚ ਹੈ ਕਿ ਜੇ ਕਿਸਾਨ ਆਮ ਆਦਮੀ ਪਾਰਟੀ ਤੋਂ ਖੁਸ਼ ਨਹੀਂ ਹਨ ਤਾਂ ਉਹ ਨਰਾਜ਼ ਵੀ ਨਹੀਂ ਹਨ। ਕਾਂਗਰਸ ਨੇ ਵੀ ਤਿੰਨ ਖੇਤੀ ਕਾਨੂੰਨਾਂ ਖਿਲਾਫ ਕਿਸਾਨਾਂ ਨੂੰ ਸਮਰਥਨ ਦਿੱਤਾ ਸੀ ਇਸ ਲਈ ਉਨ੍ਹਾਂ ਪ੍ਰਤੀ ਕਿਸਾਨਾਂ ਦੀ ਕੋਈ ਖ਼ਾਸ ਨਰਾਜ਼ਗੀ ਨਜ਼ਰ ਨਹੀਂ ਆ ਰਹੀ ਹੈ।" ਅਕਾਲੀ ਦਲ ਬਾਰੇ ਪਿਆਰੇ ਲਾਲ ਗਰਗ ਕਹਿੰਦੇ ਹਨ, "ਕਿਸਾਨਾਂ ਦਾ ਅਕਾਲੀ ਦਲ ਪ੍ਰਤੀ ਰੋਸ ਘਟਿਆ ਹੈ। ਭਾਜਪਾ ਨਾਲ ਗਠਜੋੜ ਨਾ ਹੋਣਾ ਵੀ ਅਕਾਲੀ ਦਲ ਦੇ ਹੱਕ ਵਿੱਚ ਜਾ ਸਕਦਾ ਹੈ। ਮੁੱਖ ਤੌਰ ਉੱਤੇ ਕਿਸਾਨਾਂ ਦਾ ਵਿਰੋਧ ਭਾਜਪਾ ਪ੍ਰਤੀ ਹੋਵੇਗਾ।" ਪ੍ਰੋਫ਼ੈਸਰ ਘੁੰਮਣ ਅਨੁਸਾਰ ਪੰਜਾਬ ਦੇ ਕਿਸਾਨਾਂ ਦੀਆਂ ਸਮੱਸਿਆਵਾਂ ਅਜੇ ਤੱਕ ਉਸੇ ਤਰ੍ਹਾਂ ਹੀ ਕਾਇਮ ਹਨ ਤੇ ਕਿਸਾਨੀ ਦੇ ਹਾਲਾਤ ਵੀ ਚਿੰਤਾਜਨਕ ਹਨ। ਉਹ ਕਹਿੰਦੇ ਹਨ, "ਖੇਤੀ ਵਿੱਚ ਰੁਜ਼ਗਾਰ ਤੇ ਰੁਜ਼ਗਾਰ ਦੇ ਮੌਕੇ ਕਾਫੀ ਘੱਟ ਗਏ ਹਨ ਤੇ ਇਹ ਵੀ ਸਿੱਧਾ ਆਮਦਨ ਨਾਲ ਜੁੜਿਆ ਹੋਇਆ ਹੈ। ਇਸ ਦੇ ਨਾਲ ਹੀ ਪੰਜਾਬ ਵਿੱਚ ਕੇਵਲ ਦੋ ਫਸਲਾਂ ਉੱਤੇ ਹੀ ਐੱਮਐੱਸਪੀ ਮਿਲ ਰਹੀ ਹੈ ਜਿਸ ਕਾਰਨ ਪੰਜਾਬ ਦੀ ਖੇਤੀ ਦੋ ਫਸਲਾਂ ਤੱਕ ਸੀਮਿਟ ਕੇ ਰਹਿ ਗਈ ਹੈ। ਇਸ ਵੇਲੇ ਪੰਜਾਬ ਨੂੰ ਫਸਲੀ ਵਿਭਿੰਨਤਾ ਦੀ ਬਹੁਤ ਜ਼ਿਆਦਾ ਜ਼ਰੂਰਤ ਹੈ।" "ਭਾਰਤ ਸਰਕਾਰ ਦੀ ਰਿਪੋਰਟ ਮੁਤਾਬਕ ਪੰਜਾਬ ਦੇ ਕਿਸਾਨਾਂ ਉੱਤੇ ਪੂਰੇ ਦੇਸ਼ ਦੇ ਮੁਕਾਬਲੇ ਵੱਧ ਕਰਜ਼ਾ ਹੈ। ਪੰਜਾਬ ਦੇ ਪ੍ਰਤੀ ਕਿਸਾਨ ਪਰਿਵਾਰ ਉੱਤੇ 2 ਲੱਖ 95 ਹਜ਼ਾਰ ਰੁਪਏ ਦਾ ਕਰਜ਼ਾ ਹੈ।" "ਪੰਜਾਬ ਦੇ ਖੇਤੀ ਸੰਕਟ ਦਾ ਅੰਦਾਜ਼ਾ ਇਸੇ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਸਾਲ 2000 ਤੋਂ 2024 ਤੱਕ 20 ਤੋਂ 22 ਹਜ਼ਾਰ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਨੇ ਪੰਜਾਬ ਵਿੱਚ ਖੁਦਕੁਸ਼ੀ ਕੀਤੀ ਹੈ।"

### ਨਸ਼ਾ ਹਾਲੇ ਵੀ ਕਿੰਨਾ ਵੱਡਾ ਮੁੱਦਾ?

ਪਿਛਲੀਆਂ ਕਈ ਲੋਕ ਸਭਾ ਤੇ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਨਸ਼ਾ ਹਮੇਸ਼ਾ ਹੀ ਇੱਕ ਮੁੱਦਾ ਰਿਹਾ ਹੈ। ਇਸ ਵਾਰ ਦੀਆਂ ਚੋਣਾਂ ਵਿੱਚ ਵੀ ਨਸ਼ਾ ਪੰਜਾਬ ਦਾ ਮੁੱਖ ਮੁੱਦਾ ਰਹੇਗਾ। ਪਿਆਰੇ ਲਾਲ ਗਰਗ ਕਹਿੰਦੇ ਹਨ ਕਿ ਪੰਜਾਬ ਵਿੱਚ ਨਸ਼ਾ ਇੱਕ ਵੱਡਾ ਮੁੱਦਾ ਹੈ। ਉਨ੍ਹਾਂ ਕਿਹਾ, "ਨਸ਼ਾ ਉਂਝ ਤਾਂ ਪੂਰੇ ਦੇਸ਼ ਦਾ ਮੁੱਦਾ ਹੈ ਪਰ ਪੰਜਾਬ ਵਿੱਚ ਇਹ ਮੁੱਦਾ ਇਸ ਲਈ ਵੱਡਾ ਹੈ ਕਿਉਂਕਿ ਇੱਥੇ ਨਸ਼ੇ ਕਾਰਨ ਮੌਤਾਂ ਵੱਧ ਹੋ ਰਹੀਆਂ ਹਨ।" ਪੰਜਾਬ ਪੁਲਿਸ ਦੇ ਡੇਟਾ ਮੁਤਾਬਕ ਸਾਲ 2020-2021 ਵਿੱਚ ਡਰੱਗ ਓਵਰਡੋਜ਼ ਨਾਲ 36 ਮੌਤਾਂ ਹੋਈਆਂ ਸਨ। ਸਾਲ 2021-2022 ਵਿੱਚ 71 ਮੌਤਾਂ ਹੋਈਆਂ ਜਦਕਿ ਸਾਲ 2022-2023 ਵਿੱਚ 159 ਮੌਤਾਂ ਹੋਈਆਂ ਹਨ।

ਪਿਆਰੇ ਲਾਲ ਗਰਗ ਮੁਤਾਬਕ, "ਮਾਰਚ ਵਿੱਚ ਸੰਗਰੂਰ ਵਿੱਚ ਨਕਲੀ ਸ਼ਰਾਬ ਕਾਰਨ 21 ਮੌਤਾਂ ਹੋਈਆਂ। ਸੰਗਰੂਰ ਸੀਟ ਉੱਤੇ ਨਸ਼ਾ ਇੱਕ ਮੁੱਦਾ ਬਣ ਸਕਦਾ ਹੈ। ਆਮ ਆਦਮੀ ਪਾਰਟੀ ਤੋਂ ਪੁੱਛਿਆ ਜਾਵੇਗਾ ਕਿ ਜਿਸ ਖੇਤਰ ਵਿੱਚੋਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਆਏ ਹੋਣ, ਖਜ਼ਾਨਾ ਮੰਤਰੀ ਹਰਪਾਲ ਸਿੰਘ ਚੀਮਾ ਤੇ ਕੈਬਨਿਟ ਮੰਤਰੀ ਮੀਤ ਹੇਅਰ ਵੀ ਉਸ ਹਲਕੇ ਤੋਂ ਸਬੰਧ ਰੱਖਦੇ ਹੋਣ, ਉਸ ਖੇਤਰ ਵਿੱਚ ਕਿਵੇਂ ਨਕਲੀ ਸ਼ਰਾਬ ਵਿਕਦੀ ਰਹੀ।" "ਹਾਲਾਂਕਿ ਇਹ ਵੀ ਸੱਚ ਹੈ ਕਿ ਨਕਲੀ ਸ਼ਰਾਬ ਨਾਲ ਮੌਤਾਂ ਪਿਛਲੀਆਂ ਸਰਕਾਰਾਂ ਵੇਲੇ ਵੀ ਹੁੰਦੀਆਂ ਰਹੀਆਂ ਹਨ। 2020 ਵਿੱਚ ਕਾਂਗਰਸ ਦੀ ਸਰਕਾਰ ਵੇਲੇ ਤਰਨਤਾਰਨ ਤੇ ਹੋਰ ਲਗਦਿਆਂ ਇਲਾਕਿਆਂ ਵਿੱਚ 100 ਤੋਂ ਵੱਧ ਮੌਤਾਂ ਨਕਲੀ ਸ਼ਰਾਬ ਨਾਲ ਹੋਈਆਂ ਸਨ।" ਪਿਆਰੇ ਲਾਲ ਗਰਗ ਮੰਨਦੇ ਹਨ ਕਿ ਨਸ਼ੇ ਦੇ ਮੁੱਦ ਉੱਤੇ ਪੰਜਾਬ ਦੀ ਜਨਤਾ ਦੇ ਸਾਰੀਆਂ ਮੁੱਖ ਪਾਰਟੀਆਂ ਦੀ ਕਾਰਗੁਜ਼ਾਰੀ ਵੇਖ ਲਈ ਹੈ। ਭਾਵੇਂ ਨਸ਼ਾ ਮੁੱਦਾ ਤਾਂ ਰਹੇਗਾ ਪਰ ਪਿਛਲੀਆਂ ਚੋਣਾਂ ਵਰਗਾ ਅਸਰ ਸ਼ਾਇਦ ਨਾ ਨਜ਼ਰ ਆਏ।

ਪਿਆਰੇ ਲਾਲ ਗਰਗ ਨੇ ਕਿਹਾ, "ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਸੀ ਕਿ ਉਹ ਚਾਰ ਹਫ਼ਤਿਆਂ ਵਿੱਚ ਨਸ਼ੇ ਨੂੰ ਖਤਮ ਕਰਨ ਦੇਣਗੇ ਪਰ ਨਸ਼ੇ ਦੀ ਸਮੱਸਿਆ ਉਂਝ ਹੀ ਬਣੀ ਰਹੀ। ਆਮ ਆਦਮੀ ਪਾਰਟੀ ਨੇ ਵੀ ਕਿਹਾ ਸੀ ਕਿ ਉਹ ਨਸ਼ੇ ਨੂੰ ਖ਼ਤਮ ਕਰਨ ਦੇਣਗੇ ਪਰ ਅਜੇ ਤੱਕ ਕੋਈ ਖ਼ਾਸ ਕੰਮ ਹੁੰਦਾ ਨਜ਼ਰ ਨਹੀਂ ਆਇਆ।" ਡਾ. ਪ੍ਰਮੋਦ ਮੁਤਾਬਕ ਨਸ਼ੇ ਦੇ ਮੁੱਦੇ ਬਾਰੇ ਜੇ ਕੋਈ ਪਾਰਟੀ ਇਹ ਕਹਿ ਕਿ ਉਹ ਚਾਰ ਹਫਤਿਆਂ ਜਾਂ ਕੁਝ ਮਹੀਨਿਆਂ ਵਿੱਚ ਨਸ਼ਾ ਖਤਮ ਕਰ ਦੇਵਾਂਗੇ ਤਾਂ ਉਹ ਗਲਤ ਬਿਆਨੀ ਕਰ ਰਹੇ ਹਨ। ਉਨ੍ਹਾਂ ਮੁਤਾਬਕ ਨਸ਼ੇ ਰਾਤੋ-ਰਾਤ ਖ਼ਤਮ ਹੋਣ ਵਾਲੀ ਸਮੱਸਿਆ ਨਹੀਂ ਹੈ। ਇਸ ਦੇ ਲਈ ਡਿਮਾਂਡ ਦੇ ਸਪਲਾਈ ਦੀ ਚੇਨ ਨੂੰ ਤੋੜਨ ਵੱਲ ਕੰਮ ਕਰਨ ਦੀ ਲੋੜ ਹੈ। ਹਾਈ ਕੋਰਟ ਵਿੱਚ ਪੰਜਾਬ ਸਰਕਾਰ ਵੱਲੋਂ ਦਾਇਰ ਐਫੀਡੇਵਿਟ ਅਨੁਸਾਰ ਮਾਰਚ 2022 ਤੋਂ 13 ਫਰਵਰੀ 2024 ਤੱਕ ਨਸ਼ੇ ਖਿਲਾਫ ਕਾਰਵਾਈ ਵਿੱਚ ਕੁੱਲ 23,482 ਐੱਫਆਈਆਰ ਦਰਜ ਕੀਤੀਆਂ ਗਈਆਂ ਹਨ। ਇਸ ਦੇ ਨਾਲ ਹੀ 32,006 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਇਸ ਦੇ ਨਾਲ ਹੀ ਕਰੀਬ 142 ਕਰੋੜ ਦੀ ਨਸ਼ਾ ਤਸਕਰਾਂ ਦੀ ਜਾਇਦਾਦਾਂ ਨੂੰ ਜ਼ਬਤ ਕੀਤਾ ਗਿਆ ਹੈ।

### ਬੇਅਦਬੀ ਤੇ ਬੰਦੀ ਸਿੱਖਾਂ ਵਰਗੇ ਪੰਥਕ ਮੁੱਦੇ

ਸ਼੍ਰੋਮਣੀ ਗੁਰਦੁਆਰਾ ਮੈਨੇਜਮੈਂਟ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਨੇ ਬੀਤੇ ਮਹੀਨਿਆਂ ਵਿੱਚ ਬੰਦੀ ਸਿੱਖਾਂ ਦੀ ਰਿਹਾਈ ਦਾ ਮੁੱਦਾ ਜ਼ੋਰ-ਸ਼ੋਰ ਨਾਲ ਚੁੱਕਿਆ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਵਿੱਚ ਸ਼੍ਰੋਮਣੀ ਕਮੇਟੀ ਨੇ ਦਸਤਖ਼ਤ ਮੁਹਿੰਮ ਵੀ ਚਲਾਈ ਸੀ। ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਵਿੱਚ ਕਾਲੇ ਕੱਪੜੇ ਤੇ ਜੰਜੀਰਾਂ ਨਾਲ ਰੋਸ ਮਾਰਚ ਵੀ ਕੱਢੇ ਸੀ। ਸੰਸਦ ਮੈਂਬਰ ਰਹਿੰਦਿਆਂ ਸੁਖਬੀਰ ਬਾਦਲ ਤੇ ਹਰਸਿਮਰਤ ਕੌਰ ਬਾਦਲ ਪਾਰਲੀਮੈਂਟ ਦੇ ਬਾਹਰ ਬੰਦੀ ਸਿੱਖਾਂ ਦੀ ਰਿਹਾਈ ਦੀ ਮੰਗ ਦੇ ਪੋਸਟਰ ਲੈ ਕੇ ਖੜ੍ਹੇ ਹੁੰਦੇ ਦੇਖੇ ਗਏ ਸਨ। ਕੀ ਇਨ੍ਹਾਂ ਚੋਣਾਂ ਵਿੱਚ ਬੰਦੀ ਸਿੱਖਾਂ ਦੀ ਰਿਹਾਈ ਦਾ ਮੁੱਦਾ ਰਹੇਗਾ, ਇਸ ਬਾਰੇ ਸੀਨੀਅਰ ਪੱਤਰਕਾਰ ਸਰਬਜੀਤ ਸਿੰਘ ਧਾਲੀਵਾਲ ਕਹਿੰਦੇ ਹਨ, "ਅਕਾਲੀ ਦਲ ਬੰਦੀ ਸਿੱਖਾਂ ਦੀ ਰਿਹਾਈ ਦਾ ਮੁੱਦਾ ਵੱਡੇ ਪੱਧਰ ਉੱਤੇ ਚੁੱਕੇਗਾ। ਉਨ੍ਹਾਂ ਦੇ ਲਈ ਇਹ ਇੱਕ ਵੱਡਾ ਮੁੱਦਾ ਹੈ।" 2022 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਵੀ ਵੱਡਾ ਮੁੱਦਾ ਰਿਹਾ ਸੀ।

2015 ਵਿੱਚ ਬਰਗਾੜੀ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀ ਘਟਨਾ ਵਾਪਰੀ ਸੀ। ਇਸ ਦੇ ਨਾਲ ਹੀ ਬਹਿਬਲ ਕਲਾਂ ਵਿੱਚ ਬੇਅਦਬੀ ਦੇ ਵਿਰੋਧ ਵਿੱਚ ਲੱਗੇ ਧਰਨੇ ਦੌਰਾਨ ਗੋਲੀ ਚੱਲੀ ਸੀ। ਇਹ ਦੋਵੇਂ ਘਟਨਾਵਾਂ ਅਕਾਲੀ ਭਾਜਪਾ ਸਰਕਾਰ ਵੇਲੇ ਹੋਈਆਂ ਸਨ। ਕਾਂਗਰਸ ਤੇ ਆਮ ਆਦਮੀ ਪਾਰਟੀ ਨੇ ਭਾਵੇਂ ਪਿਛਲੀਆਂ ਚੋਣਾਂ ਵਿੱਚ ਬੇਅਦਬੀ ਨੂੰ ਮੁੱਦਾ ਬਣਾਇਆ ਸੀ। ਪਰ ਉਨ੍ਹਾਂ ਦੀਆਂ ਸਰਕਾਰਾਂ ਵੇਲੇ ਬੇਅਦਬੀ ਦੇ ਮੁੱਦੇ ਉੱਤੇ ਕੋਈ ਕਾਰਵਾਈ ਨਹੀਂ ਹੋਈ। ਮੌਜੂਦਾ ਸਰਕਾਰ ਦੇ ਵਿਧਾਇਕ ਕੁੰਵਰ ਵਿਜੇ ਪ੍ਰਤਾਪ ਸਿੰਘ ਵੀ ਬੇਅਦਬੀ ਦੇ ਮਸਲੇ ਉੱਤੇ ਆਪਣੀ ਪਾਰਟੀ ਦੀ ਕਾਰਗੁਜ਼ਾਰੀ ਉੱਤੇ ਸਵਾਲ ਖੜ੍ਹੇ ਕਰ ਚੁੱਕੇ ਹਨ। ਇਨ੍ਹਾਂ ਹਾਲਾਤ ਵਿੱਚ ਇਸ ਲਈ ਇਹ ਨਹੀਂ ਲਗਦਾ ਕਿ ਬੇਅਦਬੀ ਲੋਕ ਸਭਾ ਚੋਣਾਂ ਵਿੱਚ ਮੁੱਦਾ ਬਣੇਗੀ। ਡਾ. ਪ੍ਰਮੋਦ ਮੰਨਦੇ ਹਨ ਕਿ ਪੰਥਕ ਮੁੱਦਿਆਂ ਬਾਰੇ ਪੰਜਾਬ ਦੀ ਸਿਆਸਤ ਵਿੱਚ ਚਰਚਾ ਤਾਂ ਹੁੰਦੀ ਹੈ ਪਰ ਇਹ ਚਰਚਾ ਵੋਟ ਦੇਣ ਦੇ ਫੈਸਲੇ ਨੂੰ ਪ੍ਰਭਾਵਿਤ ਨਹੀਂ ਕਰਦੀ ਹੈ। ਸੀਨੀਅਰ ਪੱਤਰਕਾਰ ਜਸਪਾਲ ਸਿੱਧੂ ਮੰਨਦੇ ਹਨ ਕਿ ਪੰਜਾਬ ਵਿੱਚ ਪੰਥਕ ਮੁੱਦਿਆਂ ਤੋਂ ਵੱਧ ਸੂਬਿਆਂ ਦੇ ਵੱਧ ਅਧਿਕਾਰਾਂ ਦਾ ਮੁੱਦਾ ਚਰਚਾ ਵਿੱਚ ਆ ਸਕਦਾ ਹੈ।

### ਮੁਫ਼ਤ ਸਕੀਮਾਂ ਤੇ ਸਹੂਲਤਾਂ

ਕੀ ਮੁਫ਼ਤ ਸਹੂਲਤਾਂ ਇਨ੍ਹਾਂ ਚੋਣਾਂ ਵਿੱਚ ਮੁੱਦਾ ਬਣਨਗੀਆਂ। ਆਮ ਆਦਮੀ ਪਾਰਟੀ ਵੱਲੋਂ ਮੁਫ਼ਤ ਘਰ-ਘਰ ਰਾਸ਼ਨ ਦੀ ਸਕੀਮ ਚਲਾਈ ਜਾ ਰਹੀ ਹੈ। ਇਸ ਦੇ ਨਾਲ ਹੀ ਮੁਫ਼ਤ ਬਿਜਲੀ ਦੀ ਸਹੂਲਤ ਵੀ ਪਾਰਟੀ ਦੀ ਸਰਕਾਰ ਵੱਲੋਂ ਦਿੱਤੀ ਗਈ ਹੈ। ਆਮ ਆਦਮੀ ਪਾਰਟੀ ਇਨ੍ਹਾਂ ਸਕੀਮਾਂ ਦਾ ਪ੍ਰਚਾਰ ਵੀ ਵੱਧ-ਚੜ੍ਹ ਕੇ ਕਰ ਰਹੀ ਹੈ। ਪਾਰਟੀ ਵੱਲੋਂ ਜਦੋਂ ਵੋਟਰਾਂ ਤੱਕ ਪਹੁੰਚ ਕੀਤੀ ਜਾਵੇਗੀ ਤਾਂ ਇਨ੍ਹਾਂ ਮੁਫਤ ਸਹੂਲਤਾਂ ਨੂੰ ਮੁੱਦਾ ਬਣਾਇਆ ਜਾ ਸਕਦਾ ਹੈ। ਭਾਜਪਾ ਵੀ ਕੇਂਦਰ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਸਕੀਮਾਂ ਨੂੰ ਇਨ੍ਹਾਂ ਚੋਣਾਂ ਵਿੱਚ ਮੁੱਦਾ ਬਣਾ ਕੇ ਪੇਸ਼ ਕਰ ਸਕਦੀ ਹੈ। ਉਂਝ ਤਾਂ ਪਿਛਲੀਆਂ ਸਰਕਾਰਾਂ ਵੱਲੋਂ ਵੀ ਅਜਿਹੀਆਂ ਮੁਫ਼ਤ ਸਹੂਲਤਾਂ ਦਿੱਤੀਆਂ ਗਈਆਂ ਸਨ। ਅਕਾਲੀ ਦਲ-ਭਾਜਪਾ ਸਰਕਾਰ ਵੱਲੋਂ ਆਟਾ-ਦਾਲ ਸਕੀਮ ਲਿਆਈ ਗਈ ਸੀ। ਕਾਂਗਰਸ ਸਰਕਾਰ ਨੇ ਵੀ ਐੱਸੀ, ਬੀਸੀ ਭਾਈਚਾਰੇ, ਅਜ਼ਾਦੀ ਦੇ ਘੁਲਾਟੀਏ ਪਰਿਵਾਰਾਂ ਤੇ ਗਰੀਬੀ ਰੇਖਾ ਤੋਂ ਥੱਲੇ ਦੇ ਪਰਿਵਾਰਾਂ ਲਈ 300 ਯੂਨੀਟ ਮੁਫ਼ਤ ਬਿਜਲੀ ਦਿੱਤੀ ਸੀ।

ਇਸ ਵੇਲੇ ਪੰਜਾਬ ਦੀ ਸੱਤਾ ਵਿੱਚ ਕਾਬਿਜ਼ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਕੀ ਉਨ੍ਹਾਂ ਵੱਲੋਂ ਦਿੱਤੀਆਂ ਜਾ ਰਹੀਆਂ ਮੁਫ਼ਤ ਸਹੂਲਤਾਂ ਦਾ ਫਾਇਦਾ ਮਿਲੇਗਾ। ਇਸ ਬਾਰੇ ਪਿਆਰੇ ਲਾਲ ਗਰਗ ਕਹਿੰਦੇ ਹਨ, "ਘਰ-ਘਰ ਮੁਫ਼ਤ ਰਾਸ਼ਨ ਦੀ ਸਕੀਮ ਕਾਮਯਾਬ ਸਾਬਿਤ ਨਹੀਂ ਹੋ ਰਹੀ ਹੈ। ਲੋਕ ਇਸ ਤੋਂ ਜਿੰਨਾ ਖੁਸ਼ ਹੁੰਦੇ ਹਨ, ਓਨਾ ਹੀ ਨਰਾਜ਼ ਹਨ। ਇਸ ਸਕੀਮ ਦੇ ਨਾਲ ਡੀਪੂ ਹੋਲਡਰ ਵੀ ਪ੍ਰੇਸ਼ਾਨ ਹਨ ਕਿਉਂਕਿ ਉਨ੍ਹਾਂ ਨੂੰ ਡਰ ਹੈ ਕਿ ਇਸ ਨਾਲ ਉਨ੍ਹਾਂ ਦਾ ਰੁਜ਼ਗਾਰ ਜਾ ਰਿਹਾ ਹੈ।" ਪਿਆਰੇ ਲਾਲ ਗਰਗ ਕਹਿੰਦੇ ਹਨ ਕਿ ਮੁਫ਼ਤ ਬਿਜਲੀ ਦੀ ਸਕੀਮ ਆਮ ਆਦਮੀ ਪਾਰਟੀ ਨੂੰ ਫਾਇਦਾ ਪਹੁੰਚਾ ਸਕਦੀ ਹੈ। ਡਾ. ਪ੍ਰਮੋਦ ਮੁਤਾਬਕ ਮੁਫ਼ਤ ਸਹੂਲਤਾਂ ਦਾ ਮੁੱਦਾ ਇਸ ਵੇਲੇ ਭਾਰਤ ਦੇ ਹਰ ਸੂਬੇ ਵਿੱਚ ਚਰਚਾ ਵਿੱਚ ਰਹੇਗਾ। ਉਨ੍ਹਾਂ ਕਿਹਾ, "ਭਾਰਤ ਵਿੱਚ ਵੈਲਫੇਅਰ ਸਟੇਟ ਬਣਨ ਲਈ ਜ਼ਿਆਦਾਤਰ ਮੁਫ਼ਤ ਸਹੂਲਤਾਂ ਦਾ ਰਸਤਾ ਅਪਣਾਇਆ ਜਾਂਦਾ ਹੈ। ਇਸ ਲਈ ਇਹ ਕੁਝ ਹੱਦ ਤੱਕ ਮੁੱਦਾ ਰਹੇਗਾ।"

"ਪਰ ਮੁਫ਼ਤ ਸਹੂਲਤਾਂ ਕੇਵਲ ਆਮ ਆਦਮੀ ਪਾਰਟੀ ਨੇ ਹੀ ਨਹੀਂ ਦਿੱਤੀਆਂ। ਅਕਾਲੀ ਭਾਜਪਾ ਸਰਕਾਰ ਵੇਲੇ ਵੀ ਕਿਸਾਨਾਂ ਨੂੰ ਮੁਫਤ ਬਿਜਲੀ ਦੀ ਸਹੂਲਤ ਦਿੱਤੀ ਗਈ ਸੀ।" ਡਾ. ਪ੍ਰਮੋਦ ਮੰਨਦੇ ਹਨ ਕਿ ਲੋਕਾਂ ਨੂੰ ਜੋ ਸਹੂਲਤਾਂ ਮਿਲ ਜਾਂਦੀਆਂ ਹਨ ਉਨ੍ਹਾਂ ਨੂੰ ਉਹ ਵੋਟ ਦੇਣ ਵੇਲੇ ਧਿਆਨ ਨਹੀਂ ਰੱਖਦੇ। ਸਗੋਂ ਉਹ ਆਪਣਾ ਵੋਟ ਦਾ ਫੈਸਲਾ ਉਨ੍ਹਾਂ ਸਹੂਲਤਾਂ ਦੇ ਵਾਅਦਿਆਂ ਦੇ ਅਧਾਰ ਉੱਤੇ ਕਰ ਸਕਦੇ ਹਨ ਜੋ ਸਿਆਸੀ ਪਾਰਟੀਆਂ ਇਸ ਵਾਰ ਕਰਨਗੀਆਂ।

### ਕਾਨੂੰਨ ਵਿਵਸਥਾ

ਆਮ ਆਦਮੀ ਪਾਰਟੀ ਨੇ ਮਾਰਚ 2022 ਵਿੱਚ ਪੰਜਾਬ ਦੀ ਸੱਤਾ ਸਾਂਭੀ ਸੀ। ਮਾਰਚ 2022 ਵਿੱਚ ਮਸ਼ਹੂਰ ਕਬੱਡੀ ਖਿਡਾਰੀ ਸੰਦੀਪ ਸਿੰਘ ਨੰਗਲ ਅੰਬੀਆਂ ਦਾ ਕਤਲ ਹੋ ਗਿਆ ਸੀ। ਇਸ ਮਗਰੋਂ 29 ਮਈ 2022 ਨੂੰ ਮਸ਼ਹੂਰ ਪੰਜਾਬੀ ਸਿੰਗਰ ਸਿੱਧੂ ਮੂਸੇਵਾਲਾ ਦਾ ਕਤਲ ਹੋ ਗਿਆ ਸੀ। ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਆਉਣ ਮਗਰੋਂ ਕਾਨੂੰਨ ਵਿਵਸਥਾ ਨੂੰ ਵਿਰੋਧੀ ਪਾਰਟੀਆਂ ਨੇ ਮੁੱਦਾ ਬਣਾਇਆ ਹੈ। ਇਸ ਤੋਂ ਇਲਾਵਾ ਵਪਾਰੀਆਂ ਨੂੰ ਮਿਲੀਆਂ ਧਮਕੀਆਂ, ਕਥਿਤ ਗੈਂਗਸਟਰ ਲਾਰੈਂਸ ਬਿਸ਼ਨੋਈ ਦੇ ਜੇਲ੍ਹ ਵਿੱਚੋਂ ਇੰਟਰਵਿਊ ਦੇਣ ਤੇ ਬੰਟੀ ਬੈਂਸ ਵਰਗੀਆਂ ਹਸਤੀਆਂ ਉੱਤੇ ਹਮਲੇ ਨੇ ਬੀਤੇ ਵਕਤ ਵਿੱਚ ਕਾਨੂੰਨ ਵਿਵਸਥਾ ਦਾ ਮੁੱਦਾ ਵੀ ਪੰਜਾਬ ਵਿੱਚ ਉਭਾਰਿਆ ਹੈ। ਜਨਵਰੀ 2024 ਵਿੱਚ ਕਾਂਗਰਸ ਵੱਲੋਂ ਮੁਹਾਲੀ ਵਿੱਚ ਪੰਜਾਬ ਦੀ ਕਾਨੂੰਨ ਵਿਵਸਥਾ ਨੂੰ ਲੈ ਕੇ ਧਰਨਾ ਪ੍ਰਦਰਸ਼ਨ ਕੀਤਾ ਸੀ। ਵਿਧਾਨ ਸਭਾ ਵਿੱਚ ਵੀ ਵਿਰੋਧੀ ਧਿਰ ਨੇ ਕਾਨੂੰਨ ਵਿਵਸਥਾ ਉੱਤੇ ਸਵਾਲ ਚੁੱਕੇ ਹਨ। ਸੀਨੀਅਰ ਪੱਤਰਕਾਰ ਸਰਬਜੀਤ ਸਿੰਘ ਧਾਲੀਵਾਲ ਮੰਨਦੇ ਹਨ ਕਿ ਪੰਜਾਬ ਵਿੱਚ ਕਾਨੂੰਨ ਵਿਵਸਥਾ ਨੂੰ ਇੱਕ ਮੁੱਦਾ ਬਣਾਇਆ ਜਾ ਸਕਦਾ ਹੈ।

ਉਨ੍ਹਾਂ ਕਿਹਾ, "ਪੰਜਾਬ ਵਿੱਚ ਕਾਨੂੰਨ ਵਿਵਸਥਾ ਇੱਕ ਬਹੁਤ ਵੱਡਾ ਮੁੱਦਾ ਹੈ। ਲੋਕਾਂ ਨੂੰ ਧਮਕੀਆਂ ਵੀ ਆ ਰਹੀਆਂ ਹਨ। ਲੋਕ ਭਾਵੇਂ ਇਸ ਬਾਰੇ ਜ਼ਿਆਦਾ ਨਹੀਂ ਬੋਲਦੇ ਪਰ ਇਸ ਬਾਰੇ ਕਿਤੇ ਨਾ ਕਿਤੇ ਮੁੱਦਾ ਹੈ। ਭਾਵੇਂ ਪੰਜਾਬ ਸਰਕਾਰ ਕਾਨੂੰਨ ਵਿਵਸਥਾ ਨੂੰ ਲੈ ਕੇ ਕਾਰਵਾਈ ਕਰਨ ਦੇ ਦਾਅਵੇ ਕਰਦੀ ਹੈ ਪਰ ਫਿਰ ਵੀ ਕੋਈ ਨਾ ਕੋਈ ਅਜਿਹੀ ਘਟਨਾ ਵਾਪਰ ਜਾਂਦੀ ਹੈ ਜਿਸ ਕਾਰਨ ਕਾਨੂੰਨ ਵਿਵਸਥਾ ਉੱਤੇ ਸਵਾਲ ਚੁੱਕੇ ਜਾਂਦੇ ਹਨ।"

# ਵਿਸਾਖੀ ਸਿਧਾਂਤਕ ਤੇ ਇਤਿਹਾਸਕ ਮਹੱਤਤਾ ਵਾਲਾ ਗੌਰਵਮਈ ਤਿਉਹਾਰ



ਗੁਰਤੇਜ ਸਿੰਘ ਠੀਕਰੀਵਾਲਾ (ਡਾ.)

ਸਿੱਖ ਧਰਮ ਵਿੱਚ ਵਿਸਾਖੀ ਸਿਧਾਂਤਕ ਤੇ ਇਤਿਹਾਸਕ ਮਹੱਤਤਾ ਵਾਲਾ ਗੌਰਵਮਈ ਤਿਉਹਾਰ ਹੈ। ਸਿੱਖ ਧਰਮ ਵਿੱਚ ਇਸ ਦਾ ਸਥਾਨ ਮੌਸਮੀ ਤੇ ਭਾਰਤੀ ਤਿਉਹਾਰ ਵਜੋਂ ਨਾ ਹੋ ਕੇ ਖ਼ਾਲਸਾ ਪੰਥ ਦੀ ਸਿਰਜਣਾ ਦੇ ਦਿਵਸ ਵਜੋਂ ਮਹੱਤਵਪੂਰਨ ਹੈ। ਵਿਸਾਖੀ ਦੇ ਤਿਉਹਾਰ ਨੂੰ ਗੁਰਦਰਸ਼ਨ ਲਈ ਇਕੱਤਰ ਹੋਣ ਦੀ ਰਵਾਇਤ ਭਾਵ ਵਿਸਾਖੀ ਦਾ ਮੇਲਾ ਸਭ ਤੋਂ ਪਹਿਲਾਂ ਡੱਲਾ ਨਿਵਾਸੀ ਭਾਈ ਪਾਰੋ ਪਰਮਹੰਸ ਨੇ ਗੁਰੂ ਅਮਰਦਾਸ ਦੀ ਆਗਿਆ ਨਾਲ ਮਨਾਇਆ ਸੀ।

1699 ਦੀ ਵਿਸਾਖੀ ਨੇ ਇਸ ਤਿਉਹਾਰ ਨੂੰ ਸਿਖਰਲਾ ਰੂਪ ਪ੍ਰਦਾਨ ਕੀਤਾ। ਇਸ ਦਿਨ ਦਸਮ ਗੁਰੂ ਗੋਬਿੰਦ ਸਿੰਘ ਨੇ ਗੁਰੂ ਨਾਨਕ ਦੇਵ ਦੁਆਰਾ ਸਥਾਪਿਤ ਨਿਰਮਲ ਪੰਥ ਨੂੰ 'ਖ਼ਾਲਸਾ ਪੰਥ' ਦਾ ਅੰਤਿਮ ਤੇ ਮੁਕੰਮਲ ਸਰੂਪ ਦੇ ਕੇ ਜਿੱਥੇ ਸਿਖ ਧਰਮ ਵਿੱਚ 'ਗੁਰੂ ਗ੍ਰੰਥ ਤੇ ਪੰਥ' ਦਾ ਅਨੂਠਾ ਸਿਧਾਂਤ ਸਿਰਜਿਆ, ਖ਼ਾਲਸਾਈ ਪਛਾਣ ਤੇ ਸਰੂਪ ਨਿਸ਼ਚਿਤ ਕੀਤਾ, ਸੰਤ-ਸਿਪਾਹੀ ਦੇ ਸੁਮੇਲ 'ਤੇ ਆਧਾਰਿਤ ਧਰਮ ਤੇ ਰਾਜਨੀਤੀ ਨੂੰ ਇਕੱਠਿਆਂ ਕੀਤਾ, ਉੱਥੇ ਹੀ ਮਨੁੱਖੀ ਏਕਤਾ ਦੇ ਲਾਸਾਨੀ ਆਦਰਸ਼ ਨੂੰ ਐਲਾਨੀਆ ਤੌਰ 'ਤੇ ਰੂਪਮਾਨ ਕੀਤਾ। ਖ਼ਾਲਸਾ ਪੰਥ ਦੀ ਸਾਜਨਾ ਗੁਰੂ ਨਾਨਕ ਦੇਵ ਜੀ ਦੁਆਰਾ ਭੇਦ-ਭਾਵ, ਊਚ-ਨੀਚ ਦੀ ਕੰਧ ਤੋੜਨ ਹਿਤ ਸਥਾਪਿਤ ਸਿੱਖ ਸਿਧਾਂਤ ਦੀ ਸਿਖ਼ਰ ਸੀ। ਇਸ ਮੌਕੇ ਇੱਕੋ ਪੰਗਤ ਵਿੱਚ ਵੰਡ ਛਕਣ' ਤੋਂ ਵੀ ਅੱਗੇ 'ਇੱਕੋ ਬਾਟੇ' (ਬਰਤਨ) ਵਿੱਚ ਖੰਡੇ ਦੀ ਪਾਹੁਲ ਛਕਾਈ ਗਈ। ਦੁਨੀਆਂ ਵਿੱਚ ਅਜਿਹੀ ਮਿਸਾਲ ਹੋਰ ਕਿਧਰੇ ਨਹੀਂ ਮਿਲਦੀ। ਪ੍ਰੋ. ਪੂਰਨ ਸਿੰਘ ਅਨੁਸਾਰ ਗੁਰੂ ਸਾਹਿਬ ਨੇ ਪੰਜਾਂ ਪਿਆਰਿਆਂ ਨੂੰ ਇੱਕੋ ਲੋਹੇ ਦੇ ਬਾਟੇ ਵਿੱਚੋਂ ਅੰਮ੍ਰਿਤ ਛਕਣ ਲਈ ਕਿਹਾ ਤਾਂ ਜੋ ਡੂੰਘੇ ਘੁੱਟਾਂ ਰਾਹੀਂ ਉਹ ਭਰਾਤਰੀਅਤ ਦਾ ਪ੍ਰੇਮ ਪੀ ਸਕਣ।

ਵਿਸਾਖੀ ਵਾਲੇ ਦਿਨ ਆਨੰਦਪੁਰ ਸਾਹਿਬ ਵਿੱਚ ਖ਼ਾਲਸਾ ਸਿਰਜਣਾ ਇਤਿਹਾਸ ਦੀ ਲਾਮਿਸਾਲ ਘਟਨਾ ਹੈ। ਧਾਰਮਿਕ ਜਗਤ ਵਿੱਚ ਪਹਿਲੀ ਵਾਰ 'ਆਪੇ ਗੁਰ ਚੇਲਾ' ਦੇ ਸਿਧਾਂਤ 'ਤੇ ਅਮਲ ਦਾ ਵਰਤਾਰਾ, ਗੁਰੂ ਸਾਹਿਬ ਦੁਆਰਾ ਪੰਜਾਂ ਪਿਆਰਿਆਂ ਨੂੰ ਖੰਡੇ ਦੀ ਪਾਹੁਲ ਛਕਾ ਕੇ ਫਿਰ ਆਪ ਉਨ੍ਹਾਂ ਕੋਲੋਂ ਖੰਡੇ ਦੀ ਪਾਹੁਲ ਪ੍ਰਾਪਤ ਕਰਨ ਨਾਲ ਵਰਤਿਆ।

ਅਜੋਕੇ ਦੌਰ ਵਿੱਚ ਵਿਸ਼ਵੀਕਰਨ ਦੀ ਧਾਰਨਾ ਦਾ ਪ੍ਰਮੁੱਖ ਵਾਸਤਾ ਇਹ ਹੈ ਕਿ ਵਿਭਿੰਨ ਧਰਮਾਂ, ਜਾਤਾਂ, ਸੱਭਿਆਚਾਰਾਂ, ਰਾਸ਼ਟਰਾਂ ਤੇ ਸਮਾਜਾਂ ਦੀ ਪਕੜ ਢਿੱਲੀ ਕਰ ਕੇ ਵਿਸ਼ਵ ਦੇ ਏਕੀਕਰਨ ਦੀ ਪ੍ਰਕਿਰਿਆ ਨੂੰ ਉਤਸ਼ਾਹਿਤ ਕੀਤਾ ਜਾਵੇ। ਏਕੀਕਰਨ ਦੀ ਇਸ ਪ੍ਰਕਿਰਿਆ ਦੇ ਮੂਲ ਆਧਾਰ ਤਾਰਕਿਕ, ਵਿਗਿਆਨਕ ਜ਼ਿਆਦਾ ਤੇ ਧਾਰਮਿਕ ਘੱਟ ਹਨ। ਇਸ ਪ੍ਰਸੰਗ ਵਿੱਚ ਦੋ ਗੱਲਾਂ ਮਹੱਤਵਪੂਰਨ ਹਨ। ਇੱਕ ਤਾਂ ਇਹ ਕਿ ਘੱਟ ਗਿਣਤੀ ਦੇ ਧਰਮਾਂ, ਜਾਤਾਂ ਤੇ ਵਿਕਾਸਸ਼ੀਲ ਰਾਸ਼ਟਰਾਂ ਦਾ ਵਿਸ਼ਵੀਕਰਨ ਦੀ ਧਾਰਨਾ ਤੇ ਇਸ ਦੇ ਸਰੂਪ ਨੂੰ ਨਿਰਧਾਰਿਤ ਤੇ ਪ੍ਰਭਾਵਿਤ ਕਰਨ ਵਿੱਚ ਕੋਈ ਵਿਸ਼ੇਸ਼ ਯੋਗਦਾਨ ਨਹੀਂ। ਇੱਥੇ ਵੀ 'ਤਕੜੇ ਦਾ ਸੱਤੀ ਵੀਹੀਂ ਸੌ' ਦੀ ਕਹਾਵਤ ਢੁਕਦੀ ਹੈ। ਦੂਜੀ ਗੱਲ ਇਹ ਕਿ ਸਮੁੱਚੇ ਵਿਸ਼ਵ ਨੂੰ ਇੱਕ ਇਕਾਈ ਦੇ ਰੂਪ ਵਿੱਚ ਵਿਵਸਥਿਤ ਕਰਨ ਦੇ ਇਨ੍ਹਾਂ ਤਾਰਕਿਕ ਯਤਨਾਂ ਵਿੱਚੋਂ ਧਾਰਮਿਕ ਤੇ ਸੱਭਿਆਚਾਰਕ ਵਖਰੇਵਿਆਂ ਤੇ ਪਛਾਣਾਂ ਦੀ ਅਣਦੇਖੀ ਹੋਣ ਦੀ ਸੰਭਾਵਨਾ ਲਗਾਤਾਰ ਬਣੀ ਰਹਿੰਦੀ ਹੈ।

ਕੁਦਰਤ ਦਾ ਨਿਯਮ ਏਕਤਾ ਹੈ, ਇਕਮਿਕਤਾ ਨਹੀਂ, ਇਕਸੁਰਤਾ ਹੈ, ਇਕਸਾਰਤਾ ਨਹੀਂ। ਇਸ ਨਿਯਮ ਅਨੁਸਾਰ ਸਿੱਖ ਧਰਮ ਬਹੁਮੁਖੀ ਕੇਂਦਰਵਾਦ ਦਾ ਧਾਰਨੀ ਹੈ। ਇਸ ਦਾ ਉਦੇਸ਼ ਏਕਤਾ ਹੈ ਨਾ ਕਿ ਇਕਮਿਕਤਾ, ਇਹ ਸਾਂਝੀਵਾਲਤਾ ਤੇ ਵਿਸ਼ਵ ਭਾਈਚਾਰੇ ਦਾ ਸੁਨੇਹਾ ਦਿੰਦਾ ਹੈ, ਨਾ ਕਿ ਸਾਂਝ ਖ਼ਤਮ ਕਰ ਕੇ ਸੁਆਰਥਮਈ ਏਕੀਕਰਨ ਦਾ ਮੁੱਦਈ ਹੈ। ਗੁਰੂ ਸਾਹਿਬਾਨ ਅਨੁਸਾਰ ਧਰਮਾਂ, ਸੱਭਿਆਚਾਰਾਂ, ਸੱਭਿਆਤਾਵਾਂ ਤੇ ਰਾਸ਼ਟਰਾਂ ਦੀ ਵਿਲੱਖਣ ਪਛਾਣ ਸਹਿਹੋਂਦ ਤੇ ਵਿਸ਼ਵ ਭਾਈਚਾਰੇ ਲਈ ਕੋਈ ਰੁਕਾਵਟ ਨਹੀਂ ਹੈ। ਸੱਚਾ ਮੁਸਲਮਾਨ, ਸੱਚਾ ਹਿੰਦੂ ਤੇ ਧੁਰ ਆਪੇ ਨਾਲ ਜੁੜਿਆ ਯੋਗੀ ਗੁਰੂ ਸਾਹਿਬ ਲਈ ਉਨ੍ਹਾਂ ਦੀ ਬਾਹਰੀ ਰਹਿਤ ਦੇ ਵਖਰੇਵੇਂ ਸਹਿਤ ਵੀ ਪ੍ਰਵਾਨ ਹਨ। ਇਹ ਮਨੌਤ ਧਾਰਮਿਕ ਸਹਿਹੋਂਦ ਤੇ ਮਨੁੱਖੀ ਭਾਈਚਾਰੇ ਲਈ ਬੇਹੱਦ ਮਹੱਤਵ ਰੱਖਦੀ ਹੈ।

ਖ਼ਾਲਸਾ ਪੰਥ ਦੇ ਰਹਿਬਰਾਂ ਦੁਆਰਾ ਜਾਰੀ 'ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ' ਦਾ ਨਾਅਰਾ ਅਜੋਕੀ ਵਿਸ਼ਵ ਏਕੀਕਰਨ ਦੀ ਧਾਰਨਾ ਦੇ ਪ੍ਰਸੰਗ ਵਿੱਚ ਵਧੇਰੇ ਧਿਆਨ ਦੀ ਮੰਗ ਕਰਦਾ ਹੈ। ਗੁਰੂ ਸਾਹਿਬਾਨ ਦੁਆਰਾ ਸੁਝਾਏ ਗਏ ਏਕਤਾ ਦੇ ਇਸ ਸੰਦੇਸ਼ ਪਿੱਛੇ ਧਾਰਮਿਕ ਤੇ ਰਾਜਨੀਤਕ ਸੱਤਾ ਦੁਆਰਾ ਲਤਾੜੇ ਤੇ ਪਛਾੜੇ ਲੋਕਾਂ ਨੂੰ ਸਮਾਨਤਾ ਦਿਵਾਉਣ ਦੀ ਭਾਵਨਾ ਵਿਦਮਾਨ ਹੈ। ਵਰਤਮਾਨ ਸਮੇਂ ਘੱਟ ਗਿਣਤੀ ਧਰਮਾਂ, ਸਮਾਜਾਂ ਤੇ ਵਰਗਾਂ ਨੂੰ ਇਸ ਸ਼੍ਰੇਣੀ ਵਿੱਚ ਰੱਖ ਸਕਦੇ ਹਾਂ। ਧਰਮ-ਦਰਸ਼ਨ ਦੇ ਖੇਤਰ ਵਿੱਚ ਸਿੱਖ ਧਰਮ ਦੀ ਵਿਲੱਖਣ ਵਿਸ਼ੇਸ਼ਤਾ 'ਰੱਬ ਦੀ ਏਕਤਾ' ਦੇ ਸੰਕਲਪ ਦੀ ਹੈ।

ਇੱਥੇ ਵਿਸ਼ਾ 'ਏਕ ਓਂਕਾਰ ਦਰਸ਼ਨ' ਦੇ ਧਾਰਨੀ ਖ਼ਾਲਸਾ ਪੰਥ ਦੀ ਮਾਨਵੀ ਏਕਤਾ ਦੇ ਆਦਰਸ਼ ਸਬੰਧੀ ਅਦਾ ਕੀਤੀ ਭੂਮਿਕਾ ਬਾਰੇ ਹੈ। ਪਹਿਲਾਂ ਇਹ ਵਿਚਾਰ ਜ਼ਰੂਰੀ ਹੈ ਕਿ ਏਕਤਾ ਤੇ ਇਕਸੁਰਤਾ, ਇਕਮਿਕਤਾ ਤੇ ਇਕਸਾਰਤਾ ਦੇ ਉਲਟ ਕੁਦਰਤ ਦਾ ਨਿਯਮ ਹੈ। ਪੂਰਵ ਸਿੱਖ ਧਰਮ ਮਨੁੱਖੀ ਸੱਭਿਆਚਾਰ ਵਿੱਚ ਇਸ ਨਿਯਮ ਬਾਰੇ ਖੁੱਲ੍ਹ ਕੇ ਸਿਧਾਂਤਕ ਚਰਚਾ ਨਹੀਂ ਹੋਈ ਤੇ ਨਾ ਹੀ ਇਸ ਨੂੰ ਰੂਪਮਾਨ ਕਰਦਾ ਕੋਈ ਵਿਹਾਰਕ ਪੈਂਤੜਾ ਅਪਣਾਇਆ ਗਿਆ, ਸਗੋਂ ਬਹੁ-ਪੱਖੀ ਇਕਮਿਕਤਾ ਤੇ ਮਜ਼੍ਹਬੀ ਇਕਸਾਰਤਾ ਕਰਨ ਦੇ ਕੁਝ ਦੋਸ਼ਪੂਰਨ ਯਤਨ ਜ਼ਰੂਰ ਹੋਏ। ਸਿੱਟੇ ਵਜੋਂ ਵਿਭਿੰਨ ਸਮਾਜਾਂ ਦੀ ਸਮਾਜਿਕ ਏਕਤਾ ਤੇ ਰਾਜਸੀ ਇਕਸਾਰਤਾ ਦਾ ਕੋਈ ਠੋਸ ਬਾਨਣੂੰ ਸੁਲਝਾਉਂਦਾ ਵਿਚਾਰ ਨਾਕਾਫ਼ੀ ਰਿਹਾ। ਗੁਰੂ ਨਾਨਕ ਦੇਵ ਦੇ ਆਗਮਨ ਵੇਲੇ ਸਿਖਰ ਨੂੰ ਪੁੱਜੀ ਸਮਾਜਿਕ, ਧਾਰਮਿਕ ਅਸਮਾਨਤਾ ਤੇ ਤਤਕਾਲੀ ਸ਼ਾਸਕਾਂ ਵੱਲੋਂ ਭਾਰਤੀ ਲੋਕਾਂ ਨਾਲ ਧੱਕੇਸ਼ਾਹੀ ਦਾ ਮੁਕੰਮਲ ਦੌਰ ਚੱਲ ਰਿਹਾ ਸੀ।

ਗੁਰੂ ਸਾਹਿਬਾਨ ਧਾਰਮਿਕ ਅਨੇਕਤਾ ਤੇ ਬਹੁਕੇਂਦ੍ਰਿਤ ਸਮਾਜ ਦੇ ਪੱਕੇ ਸਮਰਥਕ ਸਨ। ਮਹਾਂਕਵੀ ਭਾਈ ਸੰਤੋਖ ਸਿੰਘ ਨੇ ਧਾਰਮਿਕ ਏਕੀਕਰਨ ਦੇ ਪ੍ਰਸੰਗ ਵਿੱਚ ਗੁਰੂ ਗੋਬਿੰਦ ਸਿੰਘ ਦੇ ਯੋਗਦਾਨ ਦਾ ਜ਼ਿਕਰ ਕਰਦਿਆਂ ਲਿਖਿਆ ਹੈ ਕਿ ਉਨ੍ਹਾਂ ਦੀ ਗ਼ੈਰਹਾਜ਼ਰੀ ਵਿੱਚ ਧਾਰਮਿਕ ਅਨੇਕਤਾ ਖ਼ਤਮ ਹੋ ਜਾਣੀ ਸੀ। ਇਸ ਪ੍ਰਸੰਗ ਵਿੱਚ ਗੁਰੂ ਸਾਹਿਬਾਨ ਦੀ ਵਿਚਾਰਧਾਰਾ ਦਾ ਦੂਜਾ ਪਹਿਲੂ ਸਮਾਜਿਕ ਏਕਤਾ ਤੇ ਭਾਇ-ਚਾਰਾ ਸਥਾਪਿਤ ਕਰਨਾ ਸੀ।

ਗੁਰੂ ਸਾਹਿਬਾਨ ਸਾਹਮਣੇ ਸਮਾਜਿਕ ਤੇ ਮਨੁੱਖੀ ਏਕਤਾ ਦੇ ਆਦਰਸ਼ ਦੀ ਸਥਾਪਤੀ ਹਿੱਤ ਵਰਣ ਆਸ਼ਰਮ 'ਤੇ ਆਧਾਰਿਤ ਜਾਤੀ-ਪਾਤੀ ਪ੍ਰਬੰਧ ਨੂੰ ਵੰਗਾਰਨਾ ਤੇ ਖਦੇੜਨਾ ਪ੍ਰਮੁੱਖ ਕਾਰਜ ਸੀ। ਖ਼ਾਲਸੇ ਦੀ ਸਾਜਨਾ ਜਾਤੀਵਾਦੀ ਸਮਾਜ ਨਾਲੋਂ ਮੁਕੰਮਲ ਤੋੜ-ਵਿਛੋੜਾ ਸਾਬਤ ਹੋਈ। ਜਾਤ-ਪਾਤ ਵਿੱਚ ਵਿਸ਼ਵਾਸ ਨਾ ਰੱਖਣ ਦਾ ਨਿਯਮ ਖ਼ਾਲਸਾਈ ਵਿਧਾਨ ਦਾ ਪ੍ਰਮੁੱਖ ਹਿੱਸਾ ਬਣਿਆ।

ਗੁਰੂ ਨਾਨਕ ਦੇਵ ਜੀ ਨੇ ਮਨੁੱਖੀ ਏਕਤਾ ਦੇ ਇਸ ਕਾਰਜ ਲਈ ਲੰਗਰ ਪ੍ਰਥਾ ਦਾ ਆਰੰਭ ਕਰ ਕੇ ਸਿੱਖ ਧਰਮ ਦੇ ਬੁਨਿਆਦੀ ਅਸੂਲ 'ਵੰਡ ਛਕੋ' ਨੂੰ ਅਮਲੀ ਜਾਮਾ ਪਹਿਨਾਇਆ। ਗੁਰੂ ਅਮਰਦਾਸ ਨੇ ਇਸੇ ਅਸੂਲ ਤਹਿਤ ਮਨੁੱਖੀ ਨਾ ਬਰਾਬਰੀ ਤੋੜਨ ਦਾ ਹੋਕਾ ਦੇ ਕੇ 'ਸੰਗਤ ਤੇ ਪੰਗਤ' ਦੀ ਸੁਮੇਲਤਾ ਪ੍ਰਦਾਨ ਕਰਦਿਆਂ ਆਪਣੇ ਹਰ ਦਰਸ਼ਨ ਅਭਿਲਾਸ਼ੀ ਨੂੰ 'ਪਹਿਲਾਂ ਪੰਗਤ ਪਾਛੈ ਸੰਗਤ' ਕਰਨ ਦਾ ਹੁਕਮ ਜਾਰੀ ਕੀਤਾ। ਭੇਦ-ਭਾਵ ਤੇ ਊਚ-ਨੀਚ ਦੀ ਕੰਧ ਤੋੜਨ ਦਾ ਇਹ ਅਭਿਆਸ ਖ਼ਾਲਸਾ ਪੰਥ ਦੀ ਸਾਜਨਾ ਵੇਲੇ ਸਿਖਰ 'ਤੇ ਪੁੱਜ ਗਿਆ ਜਦੋਂ 'ਇੱਕੋ ਪੰਗਤ ਵਿੱਚ ਵੰਡ ਛਕਣ' ਤੋਂ ਵੀ ਅੱਗੇ 'ਇੱਕੋ ਬਾਟੇ' (ਬਰਤਨ) ਵਿੱਚ ਖੰਡੇ ਦੀ ਪਾਹੁਲ ਛਕਾਈ ਗਈ।

ਖ਼ਾਲਸਾ ਪੰਥ ਦੇ ਮਨੁੱਖੀ ਏਕਤਾ ਵਾਲੇ ਅਮਲ ਦੇ ਖ਼ਾਲਸਾਈ ਬੋਲਿਆਂ, ਨਾਅਰਿਆਂ ਵਿੱਚੋਂ ਵੀ ਦਰਸ਼ਨ ਹੁੰਦੇ ਹਨ। 'ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ' ਦੇ ਸਮੇਂ ਤੇ ਸਥਾਨ ਤੋਂ ਪਰ੍ਹੇ ਬ੍ਰਹਿਮੰਡੀ ਬੋਲੇ ਦਾ ਮਤਲਬ ਹੈ ਖ਼ਾਲਸਾ ਵਾਹਿਗੁਰੂ ਦਾ ਹੈ ਤੇ ਫ਼ਤਹਿ ਵੀ ਵਾਹਿਗੁਰੂ ਦੀ ਹੈ। ਜਦੋਂ ਗੁਰੂ ਗੋਬਿੰਦ ਸਿੰਘ ਨੇ ਪੰਥ ਦੀ ਅਗਵਾਈ ਖ਼ਾਲਸੇ ਨੂੰ ਸੌਂਪੀ ਤਾਂ ਆਪਣੇ ਭਾਸ਼ਣ ਦੇ ਅਖ਼ੀਰ ਵਿੱਚ ਇਹ ਸ਼ਬਦ ਵਰਤੇ ਸਨ, ਜੋ ਖ਼ਾਲਸੇ ਦਾ ਨਾਅਰਾ ਬਣ ਗਏ।

ਵਿਹਾਰਕ ਦ੍ਰਿਸ਼ਟੀ ਤੋਂ ਰੋਜ਼ਾਨਾ ਦੇ ਜੀਵਨ ਵਿੱਚ ਵਰਤਿਆ ਜਾਂਦਾ ਇਹ ਬੋਲਾ ਖ਼ਾਲਸੇ ਦੇ ਮਨੁੱਖੀ ਏਕਤਾ ਦੇ ਆਦਰਸ਼ ਨੂੰ ਮਾਨਸਿਕ ਤੌਰ 'ਤੇ ਡੂੰਘਾ ਉਕਾਰਦਾ ਹੈ। ਖ਼ਾਲਸਾ ਪੰਥ ਦੀ ਸਾਜਨਾ ਦੀ ਲਾਸਾਨੀ ਘਟਨਾ ਕਾਰਨ ਵਿਸਾਖੀ ਦੇ ਤਿਉਹਾਰ ਦੀ ਪ੍ਰਾਸੰਗਿਕਤਾ ਬਹੁਭਾਂਤੀ ਤੇ ਬਹੁਪਾਸਾਰੀ ਹੈ। ਇਹ ਮਨੁੱਖੀ ਸਮਾਨਤਾ ਤੇ ਸੁਤੰਤਰਤਾ ਦੇ ਬ੍ਰਹਿਮੰਡੀ ਸਰੋਕਾਰਾਂ ਨੂੰ ਧਰਤੀ 'ਤੇ ਅਮਲ ਵਿੱਚ ਲਿਆਉਣ ਦਾ ਸ਼ੁੱਭ ਦਿਹਾੜਾ ਹੈ।

# ਵਿਸਾਖੀ ਪੰਜਾਬੀਆਂ ਦੇ ਲੋਕ ਜੀਵਨ ਨਾਲ ਜੁੜਿਆ ਨੇੜਵਾਂ ਸੱਚ ਤੇ ਪਛਾਣ



ਹਰੇਕ ਦੇਸ਼ ਦੇ ਤਿਉਹਾਰ ਤੇ ਮੇਲੇ ਉਸ ਦੀ ਸੱਭਿਆਚਾਰਕ ਪਛਾਣ ਦੇ ਪ੍ਰਤੀਕ ਹੁੰਦੇ ਹਨ। ਵਿਸਾਖੀ ਪੰਜਾਬੀਆਂ ਵਾਸਤੇ ਉਨ੍ਹਾਂ ਦੇ ਲੋਕ ਜੀਵਨ ਨਾਲ ਜੁੜਿਆ ਨੇੜਵਾਂ ਸੱਚ ਤੇ ਪਛਾਣ ਹੈ। ਇਹ ਸਦੀਆਂ ਪੁਰਾਣੀ ਰੀਤ ਹੈ, ਸਾਂਝ ਭਰੇ ਜੀਵਨ ਦੀ ਝਲਕ, ਮੋਹ-ਮੁਹੱਬਤ ਦਾ ਪ੍ਰਤੀਕ ਤੇ ਪੰਜਾਬੀਆਂ ਦੀ ਜੀਵਨ-ਜਾਚ ਦਾ ਮੁਹਾਂਦਰਾ ਵੀ ਹੈ। ਇਹ ਸਾਨੂੰ ਆਪਣੇ ਅੰਦਰ ਝਾਤੀ ਮਾਰਨ ਵਾਲੀ ਨਵੀਂ ਜੀਵਨ ਜਾਚ ਬਖ਼ਸ਼ਦਾ ਅਜਿਹਾ ਸੱਚ ਹੈ, ਜਿਸ ਨਾਲ ਮਨੁੱਖੀ ਜ਼ਿੰਦਗੀ ਮੁੱਲਵਾਨ ਵੀ ਹੁੰਦੀ ਹੈ ਤੇ ਮੋਹ-ਵਾਨ ਵੀ। ਇਸ ਦੇ ਸਿੱਟੇ ਵਜੋਂ ਮਨੁੱਖੀ ਮਨ ਵਿੱਚ ਨਿਮਰਤਾ ਤੇ ਨਿਰਮਾਣਤਾ ਦਾ ਵਿਕਾਸ ਹੁੰਦਾ ਹੈ। ਇਹੋ ਸਮਾਜਿਕ ਸਥਿਤੀਆਂ ਵਿੱਚ ਤਬਦੀਲੀਆਂ ਦੀ ਸੂਚਕ ਤੇ ਆਪਸੀ ਭਾਈਚਾਰਕ ਸਾਂਝ ਦਾ ਸਭ ਤੋਂ ਵੱਡਾ ਸੁਨੇਹਾ ਬਣ ਜਾਂਦੀ ਹੈ। ਜਦੋਂ ਕੋਰੇ-ਕੱਕਰਾਂ ਦੇ ਭੰਨੇ ਲੋਕ ਖੁੱਲ੍ਹੇ ਮੌਸਮ ਵਿੱਚ ਪੁੱਜਦੇ ਹਨ ਤਾਂ ਵਿਸਾਖੀ ਦਾ ਤਿਉਹਾਰ ਖ਼ੁਸ਼ੀ ਵਜੋਂ ਮਨਾਇਆ ਜਾਂਦਾ ਹੈ। ਪੁਰਾਤਨ ਸਮਿਆਂ ਵਿੱਚ ਵਿਸਾਖੀ ਦੇ ਦਿਨ ਪੇਂਡੂ ਖੇਡਾਂ ਹੁੰਦੀਆਂ। ਉਦੋਂ ਗੱਭਰੂਆਂ ਦੇ ਘੋਲ (ਭਾਵ ਕੁਸ਼ਤੀਆਂ) ਹੀ ਮੁੱਖ ਸਨ ਜਾਂ ਗੱਭਰੂਆਂ ਦੇ ਸਰੀਰਾਂ ਨੂੰ ਪਰਖਣ ਵਾਸਤੇ ਮੁੂਗਲੀ ਫੇਰਨ, ਭਾਰ ਚੁੱਕਣ, ਦੌੜ ਆਦਿ ਦੇ ਮੁਕਾਬਲੇ ਹੁੰਦੇ। ਮਗਰੋਂ ਕਬੱਡੀ ਵਿੱਚ ਗੱਭਰੂਆਂ ਦੀ ਜ਼ੋਰ ਅਜ਼ਮਾਈ ਹੋਣ ਲੱਗੀ। ਮੇਲੇ ਜੁੜਦੇ, ਮਨ ਪ੍ਰਚਾਵੇ ਲਈ ਬੋਲੀਆਂ ਪਾ ਕੇ ਨੱਚਿਆ ਜਾਂਦਾ। ਅੱਜ ਦਾ ਭੰਗੜਾ ਬੁਨਿਆਦੀ ਤੌਰ 'ਤੇ ਇਨ੍ਹਾਂ ਹੀ ਨਾਚਾਂ ਦਾ ਇੱਕ ਰੂਪ ਹੈ। ਇਸੇ ਤਰ੍ਹਾਂ ਪਸ਼ੂਆਂ ਦੀ ਜਾਨ ਪਰਖੀ ਜਾਂਦੀ ਤੇ ਬਲਦ ਗੱਡੀਆਂ ਦੀਆਂ ਦੌੜਾਂ ਹੁੰਦੀਆਂ। ਬਲਦ ਗੱਡੀਆਂ ਦੀਆਂ ਦੌੜਾਂ ਵਿੱਚ ਹਿੱਸਾ ਲੈਣ ਦੇ ਚਾਹਵਾਨ ਲੰਮਾ ਸਮਾਂ ਪਹਿਲਾਂ ਤਿਆਰੀ ਕਰਦੇ।

ਉਨ੍ਹਾਂ ਸਮਿਆਂ ਵਿੱਚ ਕੁੜੀਆਂ ਦਾ ਖੇਡਾਂ ਵਿੱਚ ਹਿੱਸਾ ਲੈਣਾ ਬੁਰਾ ਸਮਝਿਆ ਜਾਂਦਾ ਸੀ, ਇਸੇ ਕਰਕੇ ਕੁੜੀਆਂ ਦੀਆਂ ਖੇਡਾਂ ਬਾਰੇ ਜਾਣਕਾਰੀ ਨਹੀਂ ਮਿਲਦੀ। ਖ਼ੁਸ਼ੀ ਮੌਕੇ ਕੁੜੀਆਂ ਸਮਾਜਿਕ ਗੀਤਾਂ ਦੀ ਤਾਲ ਨਾਲ ਨੱਚਦੀਆਂ ਜ਼ਰੂਰ ਸਨ ਪਰ ਗਿੱਧੇ ਦੇ ਰੂਪ ਵਿੱਚ। ਕਿੱਕਲੀ ਤੇ ਸਮੂਹ ਗਾਣ ਉਸ ਸਮੇਂ ਦੀ ਹੀ ਪੈਦਾਵਾਰ ਹੈ।

ਵਿਸਾਖੀ ਸਦੀਆਂ ਪੁਰਾਣਾ ਤਿਉਹਾਰ ਹੈ। ਪਹਿਲਾਂ-ਪਹਿਲ ਪੇਂਡੂ ਜੀਵਨ ਖੇਤੀਬਾੜੀ 'ਤੇ ਨਿਰਭਰ ਕਰਦਾ ਸੀ। ਇਸ ਕਰਕੇ ਫ਼ਸਲ ਬਹੁਤ ਮਹੱਤਵਪੂਰਨ ਸੀ। ਜਦੋਂ ਕਣਕਾਂ ਨਿੱਸਰਦੀਆਂ, ਪੱਕਦੀਆਂ ਤਾਂ ਸੁਨਹਿਰੀ ਸਿੱਟਿਆਂ ਨੂੰ ਦੇਖ ਕੇ ਮਨੁੱਖੀ ਮਨ ਖ਼ੁਸ਼ੀ ਨਾਲ ਖਿੜ ਉੱਠਦਾ। ਫ਼ਸਲ ਘਰ ਆਉਣ ਉੱਤੇ ਹੀ ਸਾਰੇ ਕਾਰਜ ਕਰਨੇ ਹੁੰਦੇ ਸਨ, ਖੇਤੀਬਾੜੀ ਸਾਡੀ ਆਰਥਿਕਤਾ ਦਾ ਮੁੱਖ ਸ੍ਰੋਤ ਸੀ। ਜਦੋਂ ਕਣਕਾਂ ਵੱਢਣ ਲਈ ਦਾਤਰੀ ਪੈਂਦੀ ਤਾਂ ਲੋਕ ਮਨ ਝੂਮ ਉੱਠਦਾ, ਨੱਚ ਪੈਂਦਾ। ਇਸ ਤਰ੍ਹਾਂ ਲੋਕ ਇਕੱਠੇ ਹੋਣੇ ਸ਼ੁਰੂ ਹੋ ਗਏ, ਜੋ ਮੇਲੇ ਬਣ ਗਏ। ਇਨ੍ਹਾਂ ਮੇਲਿਆਂ ਵਿੱਚ ਨੱਚਦੇ- ਗਾਉਂਦੇ ਲੋਕ ਜ਼ਿੰਦਗੀ ਨੂੰ ਅਸਲ ਮਾਅਨਿਆਂ ਵਿੱਚ ਮਾਨਣ ਲੱਗੇ। ਵਿਸਾਖ ਮਹੀਨੇ ਕਣਕਾਂ ਦੀ ਵਾਢੀ ਸ਼ੁਰੂ ਹੁੰਦੀ, ਜਿਸ ਦਾ ਆਰੰਭ ਜਸ਼ਨਾਂ ਨਾਲ ਕੀਤਾ ਜਾਂਦਾ। ਵਿਸਾਖੀ ਸਾਡੇ ਸਮਾਜਿਕ ਰਿਸ਼ਤਿਆਂ ਵਿਚਲੇ ਮੋਹ ਦਾ ਪ੍ਰਗਟਾਵਾ ਕਰਦੀ ਹੈ। ਕਣਕ ਦੀਆਂ ਵਾਢੀਆਂ ਵੇਲੇ ਆਮ ਹੀ ਆਬ੍ਹਤਾਂ (ਕਿਸੇ ਦੂਜੇ ਦੇ ਕੰਮ ਵਿੱਚ ਬਿਨਾਂ ਪੈਸਿਆਂ ਦੇ ਮਦਦ ਕਰਨੀ) ਪੈਂਦੀਆਂ। ਲੋਕ ਇਕੱਠੇ ਹੋ ਕੇ ਇੱਕ-ਦੂਜੇ ਦਾ ਕਾਰਜ ਪੂਰਾ ਕਰਦੇ। ਇਸ ਤਰ੍ਹਾਂ ਸਾਂਝ ਵੀ ਵਧਦੀ ਤੇ ਕੰਮ ਵੀ ਨਿੱਬੜ ਜਾਂਦਾ। ਵਾਢੀਆਂ ਵੇਲੇ ਆਬ੍ਹਤੀਆਂ ਦੀ ਸੇਵਾ ਆਮ ਕਰਕੇ ਸ਼ੱਕਰ ਘਿਉ ਨਾਲ ਹੁੰਦੀ ਸੀ। ਵਾਢੀਆਂ ਤੋਂ ਬਾਅਦ ਫ਼ਲ੍ਹਿਆਂ ਨਾਲ (ਫ਼ਲ੍ਹੇ ਫਲਾਹੀ ਦੇ ਛਾਪਿਆਂ ਨੂੰ ਇਕੱਠੇ ਕਰ ਕੇ ਬਣਾਏ ਜਾਂਦੇ ਸਨ) ਕਣਕਾਂ ਗਾਹੀਆਂ ਜਾਂਦੀਆਂ, ਧੜਾਂ ਲੱਗਦੀਆਂ, ਕਣਕ ਤੇ ਤੂੜੀ ਵੱਖ ਕੀਤੇ ਜਾਂਦੇ। ਇਸ ਤਰ੍ਹਾਂ ਫ਼ਸਲ ਬਰਸਾਤ ਸ਼ੁਰੂ ਹੋਣ ਤੋਂ ਪਹਿਲਾਂ ਹੀ ਘਰ ਆ ਜਾਂਦੀ।

ਨਵੇਂ ਮਨੁੱਖ ਦੀ ਸਿਰਜਣਾ ਲਈ ਸਿੱਖ ਲਹਿਰ ਵਿੱਚ ਸਿਫ਼ਤੀ ਤਬਦੀਲੀ ਗੁਰੂ ਗੋਬਿੰਦ ਸਿੰਘ ਨੇ ਅਪਰੈਲ 1699 ਨੂੰ ਖ਼ਾਲਸੇ ਦੀ ਸਿਰਜਣਾ ਨਾਲ ਕੀਤੀ। ਇਹ ਵਿਸਾਖ ਦੀ ਸੰਗਰਾਂਦ ਦੇ ਦਿਨ ਆਨੰਦਪੁਰ ਵਿੱਚ ਇਕੱਠ ਵਿੱਚ ਸਿੱਖਾਂ ਦੇ ਸਮਰਪਣ ਦੀ ਭਾਵਨਾ ਦਾ ਜਲਵਾ ਸੀ। ਇੱਥੇ ਹੋਏ ਇਕੱਠ ਵਿੱਚ ਗੁਰੂ ਸਾਹਿਬ ਨੇ ਆਪਣੇ ਸਿੱਖਾਂ ਦੀ ਪਰਖ ਕਰਨ ਦਾ ਅਨੋਖਾ ਢੰਗ ਅਪਣਾਇਆ। ਉਨ੍ਹਾਂ ਇਕੱਠ ਵਿੱਚ ਜੁੜੇ ਲੋਕਾਂ ਤੋਂ ਸਿਰਾਂ ਦੀ ਮੰਗ ਕੀਤੀ। ਇਹ ਸੁਣਦਿਆਂ ਹੀ ਸਮਾਜ ਵਿਚ ਆਪਣੇ ਆਪ ਨੂੰ ਵੱਡਾ ਅਖਵਾਉਣ ਵਾਲੇ ਵੱਡੀਆਂ ਜਾਇਦਾਦਾਂ, ਜਗੀਰਾਂ ਦੇ ਮਾਲਕ ਤੇਜ਼ੀ ਨਾਲ ਉੱਥੋਂ ਖਿਸਕ ਗਏ। ਸਿਰ ਪੇਸ਼ ਕਰਨ ਵਾਲੇ ਕਿਰਤੀਆਂ ਵਿੱਚ ਭਾਈ ਦਇਆ ਰਾਮ (ਲਾਹੌਰ), ਭਾਈ ਧਰਮ ਦਾਸ (ਦਿੱਲੀ), ਭਾਈ ਮੋਹਕਮ ਚੰਦ (ਦਵਾਰਕਾ), ਭਾਈ ਸਾਹਿਬ ਚੰਦ (ਬਿਦਰ) ਤੇ ਭਾਈ ਹਿੰਮਤ ਰਾਏ (ਜਗਨ ਨਾਥ ਪੁਰੀ) ਤੋਂ ਸ਼ਾਮਲ ਸਨ। ਗੁਰੂ ਸਾਹਿਬ ਨੇ ਇਨ੍ਹਾਂ ਨੂੰ ਆਪਣੇ ਪੰਜ ਪਿਆਰੇ ਕਿਹਾ ਤੇ ਅੰਮ੍ਰਿਤ ਛਕਾ ਕੇ ਸਿੰਘ ਸਾਜਿਆ। ਫਿਰ ਗੁਰੂ ਸਾਹਿਬ ਨੇ ਇਨ੍ਹਾਂ ਪੰਜ ਪਿਆਰਿਆਂ ਤੋਂ ਆਪ ਅੰਮ੍ਰਿਤ ਛਕਿਆ ਤੇ ਗੋਬਿੰਦ ਰਾਏ ਤੋਂ ਗੋਬਿੰਦ ਸਿੰਘ ਬਣੇ।

1919 ਦੀ ਵਿਸਾਖੀ ਵੇਲੇ ਜੱਲ੍ਹਿਆਂ ਵਾਲੇ ਬਾਗ਼ ਅੰਮ੍ਰਿਤਸਰ ਵਿੱਚ ਆਜ਼ਾਦੀ ਲਈ ਆਵਾਜ਼ ਉੱਚੀ ਕਰ ਰਹੇ ਨਿਹੱਥੇ ਦੇਸ਼ ਭਗਤਾਂ 'ਤੇ ਜਨਰਲ ਓ'ਡਵਾਇਰ ਨੇ ਜੋ ਕਹਿਰ ਕੀਤਾ, ਉਸ ਨਾਲ ਸਾਰੇ ਦੇਸ਼ ਵਾਸੀਆਂ ਦੀ ਰੂਹ ਝੰਜੋੜੀ ਗਈ। ਜਲ੍ਹਿਆਂਵਾਲਾ ਬਾਗ਼ ਮੁਲਕ ਦੀ ਆਜ਼ਾਦੀ ਦੀ ਲਹਿਰ ਵਿੱਚ ਸ਼ਹੀਦ ਹੋਏ ਪੰਜਾਬੀਆਂ ਦਾ ਯਾਦਗਾਰੀ ਸਥਾਨ ਹੈ, ਜਿੱਥੇ ਹਰ ਦਿਨ ਲੋਕ ਸ਼ਹੀਦਾਂ ਨੂੰ ਸਿਜਦਾ ਕਰਨ ਆਉਂਦੇ ਹਨ।

ਵਿਸਾਖੀ ਦੇ ਅਰਥ ਬਹੁਤ ਵੱਡੇ ਤੇ ਵਿਸ਼ਾਲ ਹਨ। ਆਪਸੀ ਭਾਈਚਾਰੇ ਦੀ ਮਜ਼ਬੂਤੀ ਦਾ ਹੋਕਾ ਦਿੰਦਿਆਂ ਹਰ ਕਿਸੇ ਲਈ ਸਮਾਨਤਾ, ਬਰਾਬਰੀ ਤੇ ਵੈਰ ਰਹਿਤ, ਅਪਣੱਤ ਭਰੇ ਸਮਾਜ ਦੀ ਸਿਰਜਣਾ ਵੱਲ ਵਧਣਾ ਹੀ ਵਿਸਾਖੀ ਦਾ ਸੰਦੇਸ਼ ਹੋਣਾ ਚਾਹੀਦਾ ਹੈ। ਇਹ ਉਦੋਂ ਹੀ ਹੋ ਸਕਦਾ ਹੈ, ਜੇ ਅਸੀਂ ਹਰ ਕਿਸਮ ਦੀਆਂ ਨਫ਼ਰਤਾਂ ਭਰੀਆਂ ਦੀਵਾਰਾਂ ਢਾਹ ਕੇ ਆਪਣੇ ਵਿਰਸੇ ਤੋਂ ਸਾਂਝੀਵਾਲਤਾ ਦੀ ਸਿੱਖਿਆ ਲੈਂਦੇ ਹੋਏ ਵਰਤਮਾਨ ਦੀਆਂ ਨਵੀਆਂ ਜੁਗਤਾਂ, ਨਵੀਂ ਜੀਵਨ ਜਾਚ ਅਪਣਾਉਂਦੇ ਹੋਏ 'ਨੀਚਾਂ ਅੰਦਰ ਨੀਚ ਜਾਤ......' ਵਾਲੀ ਭਾਵਨਾ ਲੈ ਕੇ ਤੁਰੀਏ।

# ਕੇਜਰੀਵਾਲ ਦੀ ਗ੍ਰਿਫ਼ਤਾਰੀ ਦਾ ਕਾਰਨ ਅਤੇ ਭ੍ਰਿਸ਼ਟਾਚਾਰ



ਰਾਜੇਸ਼ ਰਾਮਚੰਦਰਨ

ਪਿਛਲੇ ਦੋ ਦਹਾਕਿਆਂ ਤੋਂ ਮੈਂ ਅਰਵਿੰਦ ਕੇਜਰੀਵਾਲ ਨੂੰ ਕਰੀਬ ਤੋਂ ਵਾਚਿਆ ਹੈ ਜਦੋਂ ਉਹ ਪਟਪੜਗੰਜ ਵਿਚ ਛੋਟੇ ਜਿਹੇ ਦੁਕਾਨ ਨੁਮਾ ਦਫ਼ਤਰ ਵਿਚ ਛੋਟੇ ਜਿਹੇ ਕਾਰਕੁਨ ਹੁੰਦੇ ਸਨ ਤੇ ਫਿਰ ਉਹ ਮੁੱਖ ਮੰਤਰੀ ਬਣ ਕੇ ਉੱਥੋਂ ਫਲੈਗਸਟਾਫ ਰੋਡ 'ਤੇ ਮਹਿਲਨੁਮਾ ਬੰਗਲੇ ਵਿਚ ਪਹੁੰਚ ਗਏ। ਗ਼ੈਰ-ਸਿਆਸੀ ਸਮਾਜਿਕ ਕਾਰੁਕਨ ਦੇ ਤੌਰ 'ਤੇ ਪੂਰਬੀ ਦਿੱਲੀ ਦੀ ਮਜ਼ਦੂਰ ਕਾਲੋਨੀ ਵਿਚ ਸਰਕਾਰੀ ਸਬਸਿਡੀ ਵਾਲਾ ਰਾਸ਼ਨ ਪੁੱਜਦਾ ਕਰਨ ਵਿਚ ਉਨ੍ਹਾਂ ਦੀ ਦਿਆਨਤਦਾਰੀ ਅਤੇ ਜਨਤਕ ਵੰਡ ਪ੍ਰਣਾਲੀ ਨੂੰ ਕਾਰਗਰ ਬਣਾਉਣ ਪ੍ਰਤੀ ਉਨ੍ਹਾਂ ਦੀ ਵਚਨਬੱਧਤਾ ਵਾਕਈ ਪ੍ਰਸ਼ੰਸਾਯੋਗ ਹੈ। ਦਿੱਲੀ ਵਿਚ ਵਿਸ਼ਵ ਬੈਂਕ ਦੀ ਸਕੀਮ ਤਹਿਤ ਪੀਣ ਵਾਲੇ ਪਾਣੀ ਦੀ ਸਪਲਾਈ ਦੇ ਨਿੱਜੀਕਰਨ ਦੀ ਕੋਸ਼ਿਸ਼ ਨੂੰ ਬੇਨਕਾਬ ਕਰਨ ਲਈ ਦਸਤਾਵੇਜ਼ ਇਕੱਤਰ ਕਰਨ ਵਾਸਤੇ ਉਨ੍ਹਾਂ ਦੀ ਖਟਾਰਾ ਜਿਹੀ ਮਾਰੂਤੀ 800 ਕਾਰ ਵਿਚ ਬੈਠ ਕੇ ਦਿੱਲੀ ਦੇ ਚੱਕਰ ਕੱਟਣ ਵਿਚ ਵੀ ਮਜ਼ਾ ਆਉਂਦਾ ਸੀ।

ਜਾਣਕਾਰੀ ਦੇ ਅਧਿਕਾਰ ਰਾਹੀਂ ਭ੍ਰਿਸ਼ਟਾਚਾਰ ਨੂੰ ਨੱਥ ਪਾਉਣ ਦੀ ਮੰਗ ਲਈ ਲੜਨ ਵਾਲੇ ਕਾਰਕੁਨ ਵਜੋਂ ਉਨ੍ਹਾਂ ਦੇ ਵਿਕਾਸ ਦੀ ਬੇਮਿਸਾਲ ਪਰਵਾਜ਼ ਉਦੋਂ ਸਿਖਰ 'ਤੇ ਪਹੁੰਚ ਗਈ ਜਦੋਂ ਉਨ੍ਹਾਂ ਆਪਣੀ ਕਾਰਕੁਨ ਪੂੰਜੀ ਤਜ ਕੇ ਸਿਆਸੀ ਕਰੀਅਰ ਦੀ ਚੋਣ ਕਰ ਲਈ ਜਿਸ ਨਾਲ ਯੂਪੀਏ ਸਰਕਾਰ ਦੇ ਪਤਨ ਦੀ ਇਬਾਰਤ ਲਿਖੀ ਗਈ। ਯੂਪੀਏ ਨੇ 2009 ਵਿਚ ਵਿਰੋਧੀ ਧਿਰ ਭਾਜਪਾ ਦੀ ਛੰਗਾਈ ਕਰ ਕੇ ਸੱਤਾ ਮੁੜ ਹਾਸਲ ਕੀਤੀ ਸੀ। ਦੂਜੀ ਵਾਰ ਚੋਣ ਜਿੱਤ ਕੇ ਸੱਤਾ ਵਿਚ ਆਈ ਸਰਕਾਰ ਨੂੰ ਨਵੇਂ ਕਿਸਮ ਦੀ ਸਿਆਸੀ ਸਰਗਰਮੀ ਰਾਹੀਂ ਹੀ ਬਦਨਾਮ ਕੀਤਾ ਜਾ ਸਕਦਾ ਸੀ। ਕੇਜਰੀਵਾਲ ਦੀ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਨੇ ਉਹ ਮੰਚ ਮੁਹੱਈਆ ਕਰਵਾ ਦਿੱਤਾ ਜਿੱਥੇ ਰਾਲੇਗਾਓਂ ਦੇ ਕਿਸਾਨ ਬਾਬੂਰਾਓ ਹਜ਼ਾਰੇ ਨੇ ਗਾਂਧੀ ਦੀ ਭੂਮਿਕਾ ਨਿਭਾਈ ਤੇ ਟੀਵੀ ਦੇ ਦਰਸ਼ਕਾਂ ਨੂੰ ਨਵਾਂ ਮਸੀਹਾ ਮਿਲ ਗਿਆ।

ਪਰਦੇ ਪਿੱਛੇ ਕੇਜਰੀਵਾਲ ਭਾਜਪਾ ਪੱਖੀ ਵਿਵੇਕਾਨੰਦ ਇੰਟਰਨੈਸ਼ਨਲ ਫਾਊਂਡੇਸ਼ਨ ਨਾਲ ਕਾਨਫਰੰਸਾਂ ਵਿਚ ਸ਼ਿਰਕਤ ਕਰਦੇ ਸਨ ਅਤੇ ਪਹਿਲੀ ਵਾਰ ਸੋਸ਼ਲ ਮੀਡੀਆ 'ਤੇ ਸਿਆਸਤ ਚਲਾਈ ਜਾ ਰਹੀ ਸੀ। ਉਦੋਂ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੇ ਮੀਡੀਆ ਸਲਾਹਕਾਰਾਂ ਦਾ ਵੀ ਕੋਈ ਸੋਸ਼ਲ ਮੀਡੀਆ ਖਾਤਾ ਨਹੀਂ ਸੀ, ਕੋਈ ਝੂਠਾ ਜਾਂ ਬਦਲਵਾਂ ਸਿਆਸੀ ਬਿਰਤਾਂਤ ਸਿਰਜਣਾ ਤਾਂ ਬਹੁਤ ਦੂਰ ਦੀ ਗੱਲ ਸੀ। ਛੇਤੀ ਹੀ ਕੇਜਰੀਵਾਲ ਸੋਸ਼ਲ ਮੀਡੀਆ ਅਤੇ ਮੁੱਖ ਧਾਰਾ ਮੀਡੀਆ 'ਤੇ ਜਨ ਧਾਰਨਾ/ਪ੍ਰਸੈਪਸ਼ਨ ਮੈਨੇਜਮੈਂਟ ਦੇ ਉਸਤਾਦ ਵਜੋਂ ਉਭਰ ਕੇ ਸਾਹਮਣੇ ਆਏ। ਜਿਹੜੇ ਲੋਕ ਖਰੀਦੇ ਨਹੀਂ ਜਾ ਸਕਦੇ ਸਨ, ਉਨ੍ਹਾਂ ਦੇ ਮਨ ਵਿਚ ਉਨ੍ਹਾਂ ਉਮੀਦ ਦੀ ਕਿਰਨ ਜਗਾਈ ਅਤੇ ਜਿਹੜੇ ਲੋਕ ਸਰਕਾਰ ਨੂੰ ਡੇਗਣਾ ਚਾਹੁੰਦੇ ਸਨ, ਉਨ੍ਹਾਂ ਨਾਲ ਨਾਤਾ ਗੰਢ ਲਿਆ; ਤੇ ਇਹ ਗੱਲ ਉਸ ਵੇਲੇ ਵਿਰੋਧੀ ਧਿਰ ਵਿਚ ਬੈਠੀ ਭਾਜਪਾ ਨੂੰ ਬਹੁਤ ਰਾਸ ਆਈ।

2013 ਵਿਚ ਦਿੱਲੀ ਦੀਆਂ ਚੋਣਾਂ ਵਿਚ ਉਨ੍ਹਾਂ ਦੀ ਸ਼ਾਨਦਾਰ ਕਾਰਗੁਜ਼ਾਰੀ ਨੇ ਜ਼ਮੀਨੀ ਪੱਧਰ 'ਤੇ ਜਥੇਬੰਦਕ ਢਾਂਚੇ ਤੋਂ ਵਿਰਵੀ ਜਨ ਧਾਰਨਾ ਦੀ ਸਿਆਸਤ ਦੇ ਕਾਰਗਰ ਹੋਣ ਨੂੰ ਸਿੱਧ ਕੀਤਾ। ਦਰਅਸਲ, ਆਰਐੱਸਐੱਸ ਦੇ ਕੇਡਰ ਨੇ ਹਜ਼ਾਰੇ-ਕੇਜਰੀਵਾਲ ਦੇ ਪ੍ਰਦਰਸ਼ਨਾਂ ਲਈ ਹਮਾਇਤ ਜੁਟਾਉਣ ਵਿਚ ਕਾਫ਼ੀ ਜ਼ੋਰ ਲਗਾਇਆ ਸੀ ਪਰ ਚੁਣਾਵੀ ਜਿੱਤ ਦਾ ਸਿਹਰਾ ਸਿਰਫ਼ ਕੇਜਰੀਵਾਲ ਸਿਰ ਬੱਝਿਆ; ਤੇ ਉਨ੍ਹਾਂ ਪਾਰਟੀ ਅਤੇ ਨਵੀਂ-ਨਵੀਂ ਮਿਲੀ ਸੱਤਾ ਵਿਚ ਆਪਣੇ ਉਨ੍ਹਾਂ ਸਾਥੀਆਂ ਨੂੰ ਸ਼ਰੀਕ ਕਰਨ ਤੋਂ ਇਨਕਾਰ ਕਰ ਦਿੱਤਾ ਜਿਨ੍ਹਾਂ ਨੇ ਪਾਰਟੀ ਨੂੰ ਉਸਾਰਨ ਵਿਚ ਮਦਦ ਕੀਤੀ ਸੀ। ਉਸ ਲਿਹਾਜ਼ ਤੋਂ ਉਨ੍ਹਾਂ ਨੂੰ ਸੱਤਾ ਦੇ ਗਤੀਮਾਨਾਂ ਦੀ ਗਹਿਰੀ ਸਮਝ ਸੀ ਜਿਸ ਨੂੰ ਉਨ੍ਹਾਂ ਪਾਰਟੀ ਨੂੰ ਦਿੱਲੀ ਵਿਧਾਨ ਸਭਾ ਚੋਣਾਂ ਵਿਚ ਵਾਰ-ਵਾਰ ਅਤੇ ਬਾਅਦ ਵਿਚ ਪੰਜਾਬ ਦੀਆਂ ਚੋਣਾਂ ਜਿੱਤ ਕੇ ਸਿੱਧ ਕੀਤਾ। ਉਹ ਮੌਜੂਦਾ ਸੱਤਾ ਢਾਂਚੇ ਅੰਦਰ ਵੱਡੇ ਥੰਮਾਂ ਦਾ ਭਰੋਸੇਮੰਦ ਬਦਲ ਬਣ ਸਕਦੇ ਸਨ।

ਇਕ ਲਿਹਾਜ਼ ਤੋਂ ਉਨ੍ਹਾਂ ਦੀਆਂ ਪ੍ਰਾਪਤੀਆਂ ਚਮਤਕਾਰੀ ਸਨ। ਉਹ ਸੰਘ ਪਰਿਵਾਰ ਦਾ ਹਿੱਸਾ ਬਣ ਕੇ ਯੂਪੀਏ ਸਰਕਾਰ ਨੂੰ ਡੇਗਣ ਦਾ ਸੌਖਾ ਰਾਹ ਚੁਣ ਸਕਦੇ ਸਨ। ਉਨ੍ਹਾਂ ਦਾ ਸਮਾਜਿਕ ਏਜੰਡਾ ਹਮੇਸ਼ਾ ਹਿੰਦੂਤਵ ਪ੍ਰਤੀ ਉਲਾਰ ਰਿਹਾ ਹੈ ਅਤੇ ਉਹ ਪਹਿਲੇ ਗ਼ੈਰ-ਭਾਜਪਾ ਮੁੱਖ ਮੰਤਰੀ ਸਨ ਜੋ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨਾਲ ਰਾਮ ਮੰਦਰ ਵਿਚ ਮੱਥਾ ਟੇਕਣ ਗਏ। ਕੇਜਰੀਵਾਲ ਖਰੇ ਸਿਆਸੀ ਉੱਦਮੀ ਹਨ ਜਿਨ੍ਹਾਂ ਦਾ ਆਪਣੇ ਸਟਾਰਟਅੱਪ ਵਿਚ ਬੇਹੱਦ ਭਰੋਸਾ ਹੈ। ਉਨ੍ਹਾਂ ਦੀ ਆਮ ਆਦਮੀ ਪਾਰਟੀ ਵੱਡੀ ਮੱਲ ਮਾਰਨ ਵਾਲੀ (ਡੈਕਾਕੌਰਨ) ਇਕਲੌਤੀ ਪਾਰਟੀ ਹੈ (ਬਿਨਾਂ ਸ਼ੱਕ ਕਿਸੇ ਸਿਆਸੀ ਉਦਮ ਨੂੰ ਕਾਰੋਬਾਰੀ ਲਿਹਾਜ਼ ਤੋਂ ਨਹੀਂ ਮਾਪਿਆ ਜਾ ਸਕਦਾ) ਜੋ ਪ੍ਰਤੀਰੋਧ ਦੀ ਸਿਆਸਤ ਅਤੇ ਨਵੀਂ ਦਹਿਸਦੀ ਵਿਚ ਸੋਸ਼ਲ ਮੀਡੀਆ 'ਚੋਂ ਉਭਰੀ ਸੀ ਅਤੇ ਉਹ ਉਚ ਦੁਮਾਲੜੀ ਸਭਾ ਵਿਚ ਆਪਣੀ ਕੁਰਸੀ ਡਹਾਉਣ ਦਾ ਕੋਈ ਮੌਕਾ ਨਹੀਂ ਖੁੰਝਣ ਦੇਣ ਜਾ ਰਹੇ। ਉਹ ਨਵੀਂ ਉਚ ਦੁਮਾਲੜੀ ਸਭਾ ਸਿਰਜਣ ਜਾ ਰਹੇ ਹਨ ਅਤੇ ਇਹੀ ਉਨ੍ਹਾਂ ਦਾ ਆਤਮ-ਵਿਸ਼ਵਾਸ ਬਣਿਆ ਰਿਹਾ ਹੈ।

ਇਸ ਅਜੇਤੂ ਸਟਾਰਟਅੱਪ ਦੇ ਸਾਰੇ ਬਾਨੀ ਉਦੋਂ ਨਾਕਾਮ ਹੋ ਗਏ ਜਦੋਂ ਆਤਮ-ਵਿਸ਼ਵਾਸ ਉਪਰ ਸਮਾਜਿਕ ਹਕੀਕਤਾਂ ਜਾਂ ਜਿਨ੍ਹਾਂ ਨੂੰ ਮਾਰਕਸਵਾਦੀ ਠੋਸ ਹਾਲਤਾਂ ਕਹਿੰਦੇ ਹਨ, ਭਾਰੂ ਪੈ ਗਈਆਂ। ਆਪ ਦਾ ਇਕਮਾਤਰ ਵੋਟਾਂ ਖਿੱਚਣ ਵਾਲਾ ਨਾਅਰਾ (ਯੂਐੱਸਪੀ) ਭ੍ਰਿਸ਼ਟਾਚਾਰ ਵਿਰੋਧੀ ਸਟੈਂਡ ਸੀ ਜਿਸ 'ਤੇ ਖਲੋ ਕੇ ਇਹ ਚੰਗੇ ਸ਼ਾਸਨ ਅਤੇ ਵੋਟਰਾਂ ਦੇ ਸਭ ਤੋਂ ਗ਼ਰੀਬ ਤਬਕਿਆਂ ਲਈ ਬਿਜਲੀ, ਪਾਣੀ ਤੇ ਸਕੂਲਾਂ ਜਿਹੀਆਂ ਸੇਵਾਵਾਂ ਦੀ ਕਾਰਗਰ ਡਲਿਵਰੀ ਕਰਨ ਦਾ ਦਾਅਵਾ ਕਰ ਸਕੀ ਸੀ ਪਰ ਨਵੀਂ ਆਬਕਾਰੀ ਨੀਤੀ ਨੇ ਇਸ ਦੀ ਆਪਣੀ ਸਿਆਸੀ ਭਰੋਸੇਯੋਗਤਾ ਨੂੰ ਝੰਜੋੜ ਦਿੱਤਾ ਹੈ। ਇਕੋ ਸੱਟੇ ਨਵਾਂ ਸਿਸਟਮ ਲੈ ਆਂਦਾ ਗਿਆ ਜਿਸ ਵਿਚ 'ਆਪ' ਨੂੰ ਪੁਰਾਣਿਆਂ ਦੀ ਥਾਂ ਨਵੇਂ ਖਿਡਾਰੀਆਂ ਦੀ ਤਰਫ਼ਦਾਰੀ ਕਰਨ ਦੇ ਦੋਸ਼ਾਂ ਦਾ ਸਾਹਮਣਾ ਕਰਨਾ ਪੈਣਾ ਸੀ।

ਸ਼ਰਾਬ ਨੀਤੀ ਵਿਚ ਘੁਟਾਲਾ ਹੋਣ ਦੇ ਦੋਸ਼ ਦੀ ਕਹਾਣੀ ਆਉਣ ਤੱਕ ਇਸ ਨੂੰ 'ਆਪ' ਖ਼ਿਲਾਫ਼ ਚੁਣਾਵੀ ਹਥਿਆਰ ਵਜੋਂ ਵਰਤਣ ਦੀ ਭਾਜਪਾ ਦੀ ਸਿਆਸੀ ਪਟਕਥਾ ਕਾਫ਼ੀ ਠੀਕ-ਠਾਕ ਚੱਲ ਰਹੀ ਸੀ ਪਰ ਲੋਕ ਸਭਾ ਚੋਣਾਂ ਦੇ ਪ੍ਰੋਗਰਾਮ ਦੇ ਐਲਾਨ ਤੋਂ ਪੰਜ ਦਿਨਾਂ ਬਾਅਦ ਇਕ ਮੌਜੂਦਾ ਮੁੱਖ ਮੰਤਰੀ ਦੀ ਗ੍ਰਿਫ਼ਤਾਰੀ ਨਾਲ ਚੋਣ ਪ੍ਰਕਿਰਿਆ ਨੂੰ ਵੱਡਾ ਧੱਕਾ ਵੱਜਿਆ ਹੈ। ਜਦੋਂ ਕਿਸੇ ਸੰਵਿਧਾਨਕ ਅਹੁਦੇ 'ਤੇ ਬੈਠੇ ਵਿਰੋਧੀ ਧਿਰ ਦੇ ਕਿਸੇ ਪ੍ਰਮੁੱਖ ਆਗੂ ਨੂੰ ਚੋਣ ਪ੍ਰਕਿਰਿਆ ਸ਼ੁਰੂ ਹੋਣ ਤੋਂ ਬਾਅਦ ਗ੍ਰਿਫ਼ਤਾਰ ਕਰ ਲਿਆ ਜਾਂਦਾ ਹੈ ਤਾਂ ਦੇਸ਼ ਦੀ ਲੋਕਰਾਜੀ ਪਛਾਣ 'ਤੇ ਸਵਾਲ ਖੜ੍ਹੇ ਹੁੰਦੇ ਹਨ। ਇਹ ਕੋਈ ਨਵਾਂ ਮਾਮਲਾ ਨਹੀਂ ਹੈ। ਦਿੱਲੀ ਸਾਬਕਾ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੂੰ ਇਸੇ ਕੇਸ ਵਿਚ 9 ਮਾਰਚ 2023 ਨੂੰ ਈਡੀ ਵਲੋਂ ਗ੍ਰਿਫ਼ਤਾਰ ਕੀਤਾ ਗਿਆ ਸੀ; 'ਆਪ' ਦੇ ਸੀਨੀਅਰ ਆਗੂ ਅਤੇ ਰਾਜ ਸਭਾ ਮੈਂਬਰ ਸੰਜੇ ਸਿੰਘ ਨੂੰ 4 ਅਕਤੂਬਰ 2023 ਨੂੰ ਅਤੇ ਪਾਰਟੀ ਦੇ ਸੰਚਾਰ ਵਿੰਗ ਦੇ ਮੁਖੀ ਵਿਜੈ ਨਾਇਰ ਨੂੰ ਨਵੰਬਰ 2023 ਵਿਚ ਗ੍ਰਿਫ਼ਤਾਰ ਕਰ ਲਿਆ ਗਿਆ ਸੀ।

ਜਿਹੜਾ ਕੇਸ ਡੇਢ ਸਾਲ ਤੋਂ ਚਲਿਆ ਆ ਰਿਹਾ ਸੀ, ਉਸ ਕੇਸ ਵਿਚ ਕਿਸੇ ਮੁੱਖ ਮੰਤਰੀ ਨੂੰ ਚੋਣ ਪ੍ਰਕਿਰਿਆ ਸ਼ੁਰੂ ਹੋਣ ਮਗਰੋਂ ਗ੍ਰਿਫ਼ਤਾਰ ਕਰਨ ਦੀ ਕਾਹਲ ਦੀ ਉੱਕਾ ਲੋੜ ਨਹੀਂ ਸੀ ਅਤੇ ਜਿਸ ਨਾਲ ਚੋਣ ਜਿੱਤਣ ਵਾਲੀ ਪਾਰਟੀ ਨੂੰ 140 ਕਰੋੜ ਲੋਕਾਂ 'ਤੇ ਸ਼ਾਸਨ ਕਰਨ ਦੇ ਅਖਤਿਆਰ ਦਾ ਪ੍ਰਮਾਣ ਮਿਲਣਾ ਸੀ। ਇਸ ਦਾ ਮਤਲਬ ਕੇਜਰੀਵਾਲ ਜਾਂ 'ਆਪ' ਨੂੰ ਕਲੀਨ ਚਿੱਟ ਦੇਣਾ ਬਿਲਕੁਲ ਨਹੀਂ ਹੈ ਜੋ 100 ਕਰੋੜ ਰੁਪਏ ਦੀ ਰਿਸ਼ਵਤ ਹਾਸਲ ਕਰਨ ਦੀ ਸਾਜ਼ਿਸ਼ ਵਿਚ ਸ਼ਾਮਲ ਹੋ ਵੀ ਸਕਦੇ ਹਨ ਜਾਂ ਨਹੀਂ ਵੀ ਹੋ ਸਕਦੇ। ਮਸਲਾ ਗ੍ਰਿਫ਼ਤਾਰੀ ਦੇ ਸਮੇਂ ਦਾ ਹੈ।

ਜਾਂਚ ਏਜੰਸੀਆਂ ਕੇਜਰੀਵਾਲ ਜਾਂ ਉਨ੍ਹਾਂ ਦੇ ਪਰਿਵਾਰ ਕੇ ਕਿਸੇ ਜੀਅ ਦੇ ਨਾਂ 'ਤੇ ਲਾਕਰਾਂ 'ਚੋਂ ਨੋਟਾਂ ਦੀਆਂ ਥੱਬੀਆਂ ਲੱਭਣ ਜਾਂ ਸੰਪਤੀਆਂ ਜ਼ਬਤ ਕਰਨ ਵਿਚ ਕਾਮਯਾਬ ਨਹੀਂ ਹੋ ਸਕੀਆਂ। ਹੋ ਸਕਦਾ ਹੈ ਕੇਜਰੀਵਾਲ ਨੇ ਨਵੇਂ ਤਰੀਕੇ ਅਜ਼ਮਾਏ ਹੋਣ ਪਰ ਸਵਾਲ ਇਹ ਹੈ ਕਿ ਅਜਿਹੇ ਕਿਹੜੇ ਤਰੀਕੇ ਸਨ? ਚੁਣੇ ਹੋਏ ਕਾਨੂੰਨਸਾਜ਼ ਜਾਂ ਫਿਰ ਇਹੋ ਜਿਹੇ ਨੁਮਾਇੰਦਿਆਂ ਨੂੰ ਅਣਮਿੱਥੇ ਸਮੇਂ ਲਈ ਹਿਰਾਸਤ ਅਧੀਨ ਨਹੀਂ ਰੱਖਿਆ ਜਾਣਾ ਚਾਹੀਦਾ। ਇਸ ਸਬੰਧ ਵਿਚ ਜੇਲ੍ਹ ਦੀ ਥਾਂ ਜ਼ਮਾਨਤ ਦਾ ਨੇਮ ਅਪਣਾਇਆ ਜਾਣਾ ਚਾਹੀਦਾ ਹੈ। ਅਣਮਿੱਥੇ ਸਮੇਂ ਲਈ ਹਿਰਾਸਤ ਨੂੰ ਦੋਸ਼ੀ ਠਹਿਰਾਉਣ ਤੋਂ ਪਹਿਲਾਂ ਹੀ ਸਜ਼ਾ ਦੇ ਤੌਰ 'ਤੇ ਦੇਖਿਆ ਜਾਵੇਗਾ। ਇਸ ਤੋਂ ਪਹਿਲਾਂ ਆਮਦਨ ਕਰ ਵਿਭਾਗ ਵਲੋਂ ਕਾਂਗਰਸ ਪਾਰਟੀ ਦੇ ਖਾਤੇ ਜਾਮ ਕਰਨ ਅਤੇ ਫਿਰ ਈਡੀ ਵਲੋਂ ਕੇਜਰੀਵਾਲ ਦੀ ਗ੍ਰਿਫ਼ਤਾਰੀ ਨਾਲ ਚੋਣਾਂ ਦੀ ਭਰੋਸੇਯੋਗਤਾ ਧੁੰਦਲੀ ਹੋ ਗਈ ਹੈ ਜਿਨ੍ਹਾਂ ਵਿਚ ਪ੍ਰਧਾਨ ਮੰਤਰੀ ਮੋਦੀ ਦੇ ਜਿੱਤਣ ਦੇ ਕਾਫ਼ੀ ਆਸਾਰ ਹਨ। ਵਿਰੋਧੀ ਧਿਰ ਵਲੋਂ ਕਾਫ਼ੀ ਚਿਰ ਤੋਂ ਦੇਸ਼ ਅੰਦਰ ਅਣਐਲਾਨੀ ਐਮਰਜੈਂਸੀ ਲਾਉਣ ਦੇ ਦੋਸ਼ਾਂ ਦਾ ਚੀਕ ਚਿਹਾੜਾ ਪਾਇਆ ਜਾ ਰਿਹਾ ਸੀ। ਇਨ੍ਹਾਂ ਦੋਸ਼ਾਂ ਨੂੰ ਸਿਰਫ਼ ਇਸ ਕਰ ਕੇ ਰੱਦ ਨਹੀਂ ਕੀਤਾ ਜਾ ਸਕਦਾ ਕਿ ਵਿਰੋਧੀ ਧਿਰ ਦੇ ਸਾਰੇ ਪ੍ਰਮੁੱਖ ਸਿਆਸਤਦਾਨ ਆਪੋ-ਆਪਣੀ ਰਾਜਨੀਤੀ ਕਰਨ ਤੇ ਪ੍ਰਗਟਾਉਣ ਲਈ ਆਜ਼ਾਦ ਹਨ। ਹੁਣ ਚੋਣਾਂ ਤੋਂ ਐਨ ਪਹਿਲਾਂ ਕੇਜਰੀਵਾਲ ਦੀ ਗ੍ਰਿਫ਼ਤਾਰੀ ਕਰ ਕੇ ਸਭ ਨੂੰ ਡਰ ਮਹਿਸੂਸ ਹੋ ਰਿਹਾ ਹੈ।

# ਕਿਸ ਤਰੀਕੇ ਨਾਲ ਹੋ ਸਕਦਾ ਹੈ ਪੰਜਾਬ ਦਾ ਆਰਥਿਕ ਵਿਕਾਸ



ਬੀ ਐੱਸ ਘੁੰਮਣ

ਪੰਜਾਬ ਦੇ ਅਰਥਚਾਰੇ ਵਿਚ ਵਿਕਾਸ ਤਾਂ ਹੋ ਰਿਹਾ ਹੈ ਪਰ ਇਸ ਦੀ ਗਤੀ ਹੋਰਨਾਂ ਸੂਬਿਆਂ ਨਾਲੋਂ ਮੱਠੀ ਹੈ। 2012 ਤੋਂ 2022 ਤੱਕ ਇਸ ਦੀ ਔਸਤ ਦਰ 5.04 ਫ਼ੀਸਦ ਰਹੀ ਹੈ ਜੋ ਗੁਜਰਾਤ (8.41 ਫ਼ੀਸਦ), ਕਰਨਾਟਕ (7.43 ਫ਼ੀਸਦ), ਹਰਿਆਣਾ (6.82 ਫ਼ੀਸਦ), ਮੱਧ ਪ੍ਰਦੇਸ਼ (6.75 ਫ਼ੀਸਦ), ਤਿਲੰਗਾਨਾ (6.62 ਫ਼ੀਸਦ), ਉੜੀਸਾ (6.59 ਫ਼ੀਸਦ) ਅਤੇ ਤਾਮਿਲ ਨਾਡੂ (6.01 ਫ਼ੀਸਦ) ਨਾਲੋਂ ਨੀਵੀਂ ਹੈ। ਪੰਜਾਬ ਦੀ ਵਿਕਾਸ ਦਰ ਨੀਵੀਂ ਰਹਿਣ ਪਿੱਛੇ ਮੁੱਖ ਤੌਰ 'ਤੇ ਚਾਰ ਕਾਰਕ ਗਿਣਾਏ ਜਾਂਦੇ ਹਨ: 1) ਸੂਬੇ ਨੇ ਵੱਡੇ ਪੈਮਾਨੇ 'ਤੇ ਸਨਅਤ ਨੂੰ ਵਿਕਸਤ ਕਰਨ ਲਈ ਭਾਰੀ ਅਤੇ ਪੂੰਜੀਗਤ ਵਸਤਾਂ ਦੇ ਸਨਅਤੀ ਮਾਡਲ ਜੋ ਮਹਾਲਾਨੋਬਿਸ ਮਾਡਲ ਵਜੋਂ ਜਾਣਿਆ ਜਾਂਦਾ ਹੈ, ਦਾ ਲਾਹਾ ਨਹੀਂ ਲਿਆ; 2) ਖੇਤੀਬਾੜੀ ਨੂੰ ਹੁਲਾਰਾ ਦੇਣ ਵਾਲੀ ਹਰੀ ਕ੍ਰਾਂਤੀ ਨੂੰ ਢੁਕਵੇਂ ਰੂਪ ਵਿਚ ਸਨਅਤ ਨਾਲ ਨਹੀਂ ਜੋੜਿਆ; 3) ਸੂਚਨਾ ਤਕਨਾਲੋਜੀ ਦੀਆਂ ਸੰਭਾਵਨਾਵਾਂ ਦਾ ਪੂਰਾ ਫਾਇਦਾ ਨਹੀਂ ਲਿਆ; 4) ਆਰਟੀਫੀਸ਼ੀਅਲ ਇੰਟੈਲੀਜੈਂਸ ਅਤੇ ਇੰਟਰਨੈੱਟ ਆਫ ਥਿੰਗਜ਼ (ਵਸਤਾਂ ਦੇ ਇੰਟਰਨੈੱਟ) ਦੀ ਅਗਵਾਈ ਵਾਲੀ ਚੌਥੀ ਸਨਅਤੀ ਕ੍ਰਾਂਤੀ ਲਈ ਹੁੰਗਾਰਾ ਮੱਠਾ ਰਿਹਾ ਹੈ। ਜੇ ਪੰਜਾਬ ਨੇ ਵਿਕਾਸ ਲਈ ਇਨ੍ਹਾਂ ਅਵਸਰਾਂ ਦਾ ਨਿੱਠ ਕੇ ਫਾਇਦਾ ਲਿਆ ਹੁੰਦਾ ਤਾਂ ਇਸ ਦੇ ਅਰਥਚਾਰੇ ਵਿਚ ਚੱਲ ਰਹੀ ਮੰਦੀ ਤੋਂ ਬਚਾਓ ਕੀਤਾ ਜਾ ਸਕਦਾ ਸੀ। ਉਂਝ, ਆਰਥਿਕ ਵਿਕਾਸ ਲਈ ਇਨ੍ਹਾਂ ਅਵਸਰਾਂ ਦੀ ਯੋਗ ਵਰਤੋਂ ਦੀਆਂ ਰਣਨੀਤੀਆਂ ਘੜਨ ਵਿਚ ਹਾਲੇ ਵੀ ਬਹੁਤੀ ਦੇਰ ਨਹੀਂ ਹੋਈ। ਪੰਜਾਬ ਨੇ ਜੋ ਪਹਿਲਾ ਮੌਕਾ ਖੁੰਝਾਇਆ, ਉਹ ਭਾਰੀ ਸਨਅਤੀ ਮਾਡਲ ਨਾਲ ਸਬੰਧਿਤ ਸੀ। ਇਹ ਦੂਜੀ ਪੰਜ ਸਾਲਾ ਯੋਜਨਾ (1956-61) ਦੌਰਾਨ ਅਪਣਾਇਆ ਗਿਆ ਸੀ। ਇਸ ਮਾਡਲ ਤਹਿਤ ਭਾਰੀਆਂ ਅਤੇ ਬੁਨਿਆਦੀ ਸਨਅਤਾਂ ਵਿਕਸਤ ਕਰਨ ਲਈ ਤਰਜੀਹ ਦਿੱਤੀ ਗਈ ਸੀ। ਸਨਅਤੀ ਨੀਤੀ ਮਤੇ-1956 ਵਿਚ ਤੈਅ ਕੀਤਾ ਗਿਆ ਸੀ ਕਿ ਇਹ ਸਨਅਤਾਂ ਜਨਤਕ ਖੇਤਰ ਵਿਚ ਲਾਈਆਂ ਜਾਣਗੀਆਂ। ਕੇਂਦਰ ਦੇ ਜਨਤਕ ਖੇਤਰ ਦੇ ਉਦਮਾਂ (ਸੀਪੀਐੱਸਈਜ਼) ਵਿਚ ਨਿਵੇਸ਼ ਅਤੇ ਰੁਜ਼ਗਾਰ ਦਾ ਵੱਡਾ ਹਿੱਸਾ ਮਹਾਰਾਸ਼ਟਰ, ਉੱਤਰ ਪ੍ਰਦੇਸ਼, ਤਾਮਿਲ ਨਾਡੂ, ਉੜੀਸਾ, ਗੁਜਰਾਤ, ਛੱਤੀਸਗੜ੍ਹ, ਮੱਧ ਪ੍ਰਦੇਸ਼ ਅਤੇ ਕਰਨਾਟਕ ਜਿਹੇ ਸੂਬਿਆਂ ਨੂੰ ਦਿੱਤਾ ਗਿਆ। ਪੂੰਜੀ ਅਤੇ ਰੁਜ਼ਗਾਰ ਦੇ ਲਿਹਾਜ਼ ਤੋਂ ਕੇਂਦਰੀ ਉਦਮਾਂ ਵਿੱਚੋਂ ਪੰਜਾਬ ਨੂੰ ਮਾਮੂਲੀ ਹਿੱਸਾ ਹੀ ਮਿਲ ਸਕਿਆ। ਜਨਤਕ ਉਦਮ ਸਰਵੇਖਣ 2022-23 ਅਨੁਸਾਰ ਕੇਂਦਰੀ ਜਨਤਕ ਖੇਤਰ ਦੇ ਉਦਮਾਂ ਦੇ ਪੂੰਜੀਗਤ ਅਸਾਸਿਆਂ ਦੀ ਕੁੱਲ ਕੀਮਤ ਦਾ ਮਹਿਜ਼ 0.87 ਫ਼ੀਸਦ ਹਿੱਸਾ ਹੀ ਮਿਲਿਆ ਅਤੇ ਕੁੱਲ ਰੁਜ਼ਗਾਰ ਵਿਚ ਇਨ੍ਹਾਂ ਉਦਮਾਂ ਦਾ ਹਿੱਸਾ ਮਹਿਜ਼ 1.85 ਫ਼ੀਸਦ ਹੈ। ਸੀਪੀਐੱਸਈਜ਼ ਦੇ ਇਸ ਮਾਮੂਲੀ ਜਿਹੇ ਨਿਵੇਸ਼ ਕਰ ਕੇ ਪੰਜਾਬ ਭਾਰੀ ਸਨਅਤਾਂ ਦਾ ਵਿਕਾਸ ਕਰਨ ਤੋਂ ਵਿਰਵਾ ਰਹਿ ਗਿਆ ਜਿਵੇਂ ਸਨਅਤੀ ਵਿਕਾਸ ਦੇ ਢਾਂਚੇ ਤੋਂ ਖੁਲਾਸਾ ਹੁੰਦਾ ਹੈ ਕਿ ਪੰਜਾਬ ਦੀਆਂ ਕੁੱਲ ਸਨਅਤੀ ਇਕਾਈਆਂ 'ਚੋਂ ਦਰਮਿਆਨੀਆਂ ਅਤੇ ਵੱਡੀਆਂ ਸਨਅਤੀ ਇਕਾਈਆਂ ਦੀ ਸੰਖਿਆ ਇਕ ਫ਼ੀਸਦ ਤੋਂ ਵੀ ਘੱਟ ਬਣਦੀ ਹੈ। ਪੰਜਾਬ ਆਪਣੀ ਖੇਤੀਬਾੜੀ ਅਤੇ ਸਨਅਤ ਵਿਚਕਾਰਲੇ ਸੂਤਰਾਂ ਨੂੰ ਮਜ਼ਬੂਤ ਕਰਨ ਵਿਚ ਨਾਕਾਮ ਰਿਹਾ ਹੈ। ਕੇਂਦਰ ਸਰਕਾਰ ਨੇ ਖੁਰਾਕ ਸੁਰੱਖਿਆ ਨੂੰ ਯਕੀਨੀ ਬਣਾਉਣ ਦੇ ਮਨਸ਼ੇ ਨਾਲ ਹਰੀ ਕ੍ਰਾਂਤੀ ਦਾ ਪ੍ਰੋਗਰਾਮ ਵਿੱਢਿਆ। ਪੰਜਾਬ ਕਣਕ ਝੋਨੇ ਦੇ ਉਤਪਾਦਨ ਵਿਚ ਸੁਧਾਰ ਕਰਨ ਦੇ ਮਾਮਲੇ ਵਿਚ ਮੋਹਰੀ ਸੂਬੇ ਵਜੋਂ ਉਭਰਿਆ। ਇਨ੍ਹਾਂ ਫ਼ਸਲਾਂ ਦਾ ਜ਼ਿਆਦਾਤਰ ਹਿੱਸਾ ਘੱਟੋ-ਘੱਟ ਸਮਰਥਨ ਮੁੱਲ 'ਤੇ ਖਰੀਦਿਆ ਜਾਂਦਾ ਸੀ ਜੋ ਬਾਅਦ ਵਿਚ ਕੇਂਦਰੀ ਪੂਲ ਵਿਚ ਚਲਾ ਜਾਂਦਾ ਸੀ। ਪੰਜਾਬ ਵਿਚ ਮੁਲਕ ਦੇ ਦੂਜੇ ਹਿੱਸਿਆਂ ਵਿਚ ਬਰਾਮਦ ਕਰਨ ਤੋਂ ਪਹਿਲਾਂ ਅਨਾਜ ਵਿਚ ਕੋਈ ਮੁੱਲ ਵਾਧਾ (ਵੈਲਿਊ ਅਡੀਸ਼ਨ) ਨਹੀਂ ਕੀਤਾ ਜਾਂਦਾ। ਪੰਜਾਬ ਦੇ ਕਿਸਾਨਾਂ ਅਤੇ ਰਾਜ ਸਰਕਾਰ ਨੂੰ ਖੇਤੀਬਾੜੀ ਵਿਚ ਹੋਏ ਵਿਕਾਸ ਦਾ ਲਾਭ ਮਿਲਿਆ ਪਰ ਇਸ ਨੂੰ ਖੇਤੀਬਾੜੀ ਤੋਂ ਅਗਾਂਹ ਰਾਜ ਦਾ ਭਵਿੱਖ ਨਹੀਂ ਵਿਉਂਤਿਆ ਜਿਸ ਕਰ ਕੇ ਖੇਤੀਬਾੜੀ ਦੀ ਸਫਲਤਾ ਨੂੰ ਸਨਅਤੀ ਵਿਕਾਸ ਨਾਲ ਇਕਜੁੱਟ ਕਰਨ ਦੀ ਵਿਉਂਤਬੰਦੀ ਨਹੀਂ ਕੀਤੀ ਜਾ ਸਕੀ। ਜੇ ਵਿਕਸਤ ਖੇਤੀਬਾੜੀ ਖੇਤਰ ਅਤੇ ਸਨਅਤ ਵਿਚਕਾਰ ਪੂਰਕ ਰਿਸ਼ਤੇ ਨੂੰ ਮਜ਼ਬੂਤ ਕਰਨ ਵਾਲਾ ਵਿਕਾਸ ਮਾਡਲ ਸਿਰਜਿਆ ਜਾਂਦਾ ਤਾਂ ਪੰਜਾਬ ਦੇ ਅਰਥਚਾਰੇ ਦੀ ਰਫ਼ਤਾਰ ਹੋਰਨਾਂ ਸੂਬਿਆਂ ਨਾਲੋਂ ਕਿਤੇ ਜ਼ਿਆਦਾ ਤੇਜ਼ ਹੋਣੀ ਸੀ।

ਪੰਜਾਬ ਕਾਫ਼ੀ ਹੱਦ ਤੱਕ ਸੂਚਨਾ ਤਕਨਾਲੋਜੀ ਦੀਆਂ ਸੰਭਾਵਨਾਵਾਂ ਦਾ ਵੀ ਲਾਹਾ ਨਹੀਂ ਲੈ ਸਕਿਆ ਹਾਲਾਂਕਿ ਇੱਥੇ ਤਕਨੀਕੀ ਸਿੱਖਿਆ ਸੰਸਥਾਵਾਂ ਦਾ ਵਿਕਸਤ ਢਾਂਚਾ ਅਤੇ ਸਿੱਖਿਅਤ ਤਕਨੀਕੀ ਗ੍ਰੈਜੂਏਟ ਮੌਜੂਦ ਹਨ। ਸੂਚਨਾ ਤਕਨਾਲੋਜੀ ਦੀ ਕ੍ਰਾਂਤੀ ਦੀ ਅਣਹੋਂਦ ਵਿਚ ਪੰਜਾਬ ਦੇ ਬਹੁਤੇ ਗ੍ਰੈਜੂਏਟਾਂ ਨੂੰ ਰੁਜ਼ਗਾਰ ਲਈ ਬੰਗਲੂਰੂ, ਹੈਦਰਾਬਾਦ, ਚੇਨਈ ਅਤੇ ਗੁਰੂਗ੍ਰਾਮ ਜਿਹੇ ਸ਼ਹਿਰਾਂ ਦਾ ਰੁਖ਼ ਕਰਨਾ ਪੈਂਦਾ ਹੈ। ਬਿਨਾਂ ਸ਼ੱਕ, ਪੰਜਾਬ ਵਿਚ ਖ਼ਾਸਕਰ ਮੁਹਾਲੀ 'ਚ ਆਈਟੀ ਹੱਬ ਵਿਕਸਤ ਕਰਨ ਦੀਆਂ ਕੋਸ਼ਿਸ਼ਾਂ ਹੋਈਆਂ ਅਤੇ ਸ਼ੁਰੂ ਵਿਚ ਇਨ੍ਹਾਂ ਨੂੰ ਆਈਟੀ ਕੰਪਨੀਆਂ ਦਾ ਚੰਗਾ ਹੁੰਗਾਰਾ ਵੀ ਮਿਲਿਆ ਪਰ ਸੂਚਨਾ ਤਕਨਾਲੋਜੀ ਨੀਤੀ ਨਾ ਹੋਣ ਕਰ ਕੇ ਮੁਹਾਲੀ ਗੁਰੂਗ੍ਰਾਮ, ਬੰਗਲੂਰੂ, ਹੈਦਰਾਬਾਦ ਅਤੇ ਚੇਨਈ ਦੀਆਂ ਆਈਟੀ ਹੱਬਾਂ ਦੇ ਮੁਕਾਬਲੇ ਨਹੀਂ ਉੱਭਰ ਸਕਿਆ।

ਇਕ ਹੋਰ ਮੌਕਾ ਜੋ ਪੰਜਾਬ ਨੇ ਖੁੰਝਾਇਆ ਹੈ, ਉਹ ਚੌਥੀ ਸਨਅਤੀ ਕ੍ਰਾਂਤੀ ਨਾਲ ਜੁੜਿਆ ਹੈ। ਇਹ ਕ੍ਰਾਂਤੀ ਹੋਰਨਾਂ ਕਾਰਕਾਂ ਤੋਂ ਇਲਾਵਾ ਆਰਟੀਫੀਸ਼ੀਅਲ ਇੰਟੈਲੀਜੈਂਸ, ਇੰਟਰਨੈੱਟ ਆਫ ਥਿੰਗਜ਼ ਅਤੇ 3ਡੀ ਪ੍ਰਿੰਟਿੰਗ ਜਿਹੀਆਂ ਸਮਾਰਟ ਤਕਨਾਲੋਜੀਆਂ ਨਾਲ ਸੰਚਾਲਤ ਹੁੰਦਾ ਹੈ। ਇਸ ਕ੍ਰਾਂਤੀ ਦੀ ਸਫਲਤਾ ਮੁੱਖ ਤੌਰ 'ਤੇ ਸਨਅਤ ਅਤੇ ਸਿੱਖਿਆ ਸੰਸਥਾਵਾਂ ਵਿਚਕਾਰ ਸਾਂਝੇਦਾਰੀ ਉਪਰ ਮੁਨੱਸਰ ਕਰਦੀ ਹੈ। ਪੰਜਾਬ ਕੋਲ ਸਿੱਖਿਆ ਸੰਸਥਾਵਾਂ ਦਾ ਵਿਆਪਕ ਤਾਣਾ ਬਾਣਾ ਮੌਜੂਦ ਹੈ ਜਿਨ੍ਹਾਂ ਵਿਚ 40 ਯੂਨੀਵਰਸਿਟੀਆਂ, 80 ਇੰਜਨੀਅਰਿੰਗ, ਤਕਨਾਲੋਜੀ ਤੇ ਆਰਕੀਟੈਕਚਰ ਕਾਲਜ, 499 ਆਰਟਸ, ਸਾਇੰਸ ਤੇ ਕਾਮਰਸ ਕਾਲਜ ਅਤੇ 12 ਮੈਡੀਕਲ ਕਾਲਜ ਸ਼ਾਮਲ ਹਨ। ਪੰਜਾਬ ਵਿਚ ਅਜਿਹੀਆਂ ਕੰਪਨੀਆਂ ਮੌਜੂਦ ਹਨ ਜੋ ਸਮਾਰਟ ਤਕਨਾਲੋਜੀਆਂ ਦੇ ਖੇਤਰ ਵਿਚ ਸਰਗਰਮ ਹਨ। ਇਨ੍ਹਾਂ ਤੋਂ ਇਲਾਵਾ ਪੰਜਾਬ ਕੋਲ ਵਿਸ਼ਾਲ ਪਰਵਾਸੀ ਭਾਈਚਾਰਾ ਵੀ ਹੈ ਜਿਸ ਦਾ ਸਿੱਖਿਆ ਅਤੇ ਸਮਾਰਟ ਤਕਨਾਲੋਜੀਆਂ ਦੀ ਵਰਤੋਂ ਦੀਆਂ ਸਨਅਤਾਂ ਦਾ ਚੋਖਾ ਤਜਰਬਾ ਹੈ। ਮੰਦੇ ਭਾਗੀਂ ਪੰਜਾਬ ਵਿਚ ਸਾਰੇ ਹਿੱਤਧਾਰਕ ਆਪੋ-ਆਪਣੇ ਖੇਮਿਆਂ ਵਿਚ ਹੀ ਵਿਚਰ ਰਹੇ ਹਨ ਜਿਸ ਕਰ ਕੇ ਉਨ੍ਹਾਂ ਦਰਮਿਆਨ ਆਪਸੀ ਤਾਲਮੇਲ ਤੇ ਸਾਂਝ ਪੈਦਾ ਨਹੀਂ ਹੋ ਰਹੀ। ਸਾਰੀਆਂ ਊਣਤਾਈਆਂ ਦੇ ਬਾਵਜੂਦ ਪੰਜਾਬ ਆਰਥਿਕ ਵਿਕਾਸ ਦੀਆਂ ਸੰਭਾਵਨਾਵਾਂ ਖੋਲ੍ਹ ਸਕਦਾ ਹੈ। 1991 ਵਿਚ ਆਰਥਿਕ ਸੁਧਾਰਾਂ ਕਰ ਕੇ ਜਨਤਕ ਖੇਤਰ ਦੀ ਭੂਮਿਕਾ ਵਿਚ ਕਮੀ ਆਉਣ ਦੇ ਬਾਵਜੂਦ ਪੰਜਾਬ ਆਪਣੇ ਜਨਤਕ ਉਦਮਾਂ ਵਿਚ ਨਵੀਂ ਰੂਹ ਫੂਕ ਕੇ ਅਤੇ ਸਰਕਾਰੀ ਨਿੱਜੀ ਭਿਆਲੀ ਮਾਡਲ ਦੀ ਵਰਤੋਂ ਕਰ ਕੇ ਭਾਰੀ ਸਨਅਤ ਦੇ ਫਾਇਦੇ ਚੁੱਕ ਸਕਦਾ ਹੈ। ਕੇਂਦਰ ਸਰਕਾਰ ਉਚ ਤਕਨੀਕੀ ਬੁਨਿਆਦੀ ਢਾਂਚਾ ਵਿਕਸਤ ਕਰਨ ਲਈ ਬਹੁਤ ਭਾਰੀ ਨਿਵੇਸ਼ ਕਰ ਰਹੀ ਹੈ। ਪੰਜਾਬ ਸਰਕਾਰ ਨੂੰ ਆਲਮੀ ਮਿਆਰ ਦਾ ਬੁਨਿਆਦੀ ਢਾਂਚਾ ਤਿਆਰ ਕਰਨ ਲਈ ਕੇਂਦਰ ਨੂੰ ਢੁਕਵੀਆਂ ਤਜਵੀਜ਼ਾਂ ਭੇਜਣੀਆਂ ਚਾਹੀਦੀਆਂ ਹਨ ਜਿਸ ਨਾਲ ਅਰਥਚਾਰੇ ਉੱਪਰ ਭਰਵਾਂ ਅਸਰ ਪੈ ਸਕਦਾ ਹੈ। ਖੇਤੀਬਾੜੀ ਵਿਚ ਵਿਕਸਤ ਸੂਬਾ ਹੋਣ ਸਦਕਾ ਪੰਜਾਬ ਕੋਲ ਖੇਤੀ ਸਨਅਤਾਂ ਲਾਉਣ, ਖ਼ਾਸਕਰ ਫੂਡ ਪ੍ਰਾਸੈਸਿੰਗ ਅਤੇ ਖੇਤੀਬਾੜੀ ਦੀ ਰਹਿੰਦ ਖੂੰਹਦ ਆਧਾਰਿਤ ਊਰਜਾ ਪੈਦਾਵਾਰ ਨਾਲ ਸਬੰਧਿਤ ਅਥਾਹ ਸੰਭਾਵਨਾਵਾਂ ਹਨ। ਪੰਜਾਬ ਸਰਕਾਰ ਨੂੰ ਕਿਸਾਨਾਂ, ਨੌਜਵਾਨਾਂ ਅਤੇ ਸਨਅਤਕਾਰਾਂ ਨਾਲ ਸਲਾਹ ਮਸ਼ਵਰਾ ਕਰ ਕੇ ਅਜਿਹੀਆਂ ਸਨਅਤਾਂ ਵਿਕਸਤ ਕਰਨ ਲਈ ਖਾਕਾ ਤਿਆਰ ਕਰਨਾ ਚਾਹੀਦਾ ਹੈ। ਸੂਬਾ ਸਮੁੰਦਰੀ ਬੰਦਰਗਾਹ ਤੋਂ ਦੂਰ ਹੋਣ, ਖਣਿਜ ਪਦਾਰਥਾਂ ਦੀ ਘਾਟ ਅਤੇ ਮਹਿੰਗੀ ਜ਼ਮੀਨ ਜਿਹੀਆਂ ਦਿੱਕਤਾਂ ਨੂੰ ਮੁਖ਼ਾਤਬ ਹੋ ਕੇ ਸੂਚਨਾ ਤੇ ਸਮਾਰਟ ਤਕਨਾਲੋਜੀਆਂ ਅਤੇ ਆਨਲਾਈਨ ਮਾਰਕੀਟਿੰਗ ਜ਼ਰੀਏ ਸਨਅਤੀਕਰਨ ਨੂੰ ਹੁਲਾਰਾ ਦਿੱਤਾ ਜਾ ਸਕਦਾ ਹੈ।

# ਅੱਜ ਦੀ ਰਾਤ

**ਕਹਾਣੀ/ - ਕਰਨੈਲ ਸਿੰਘ ਗਿਓਨੀ - ਫਿਲੌਲਫੀਓਂ**

ਨੈਰੋਬੀ ਏਅਰ-ਪੋਰਟ ਦੇ 'ਬ੍ਰਿਟਿਸ਼-ਏਅਰ-ਵੇਜ਼ ਟਰਮੀਨਲ' ਤੇ, ਸ਼ਾਮ ਦੇ ਅੱਠ ਵਜੇ ਲੰਡਨ ਜਾਣ ਵਾਲੀ /ਲਾਈਟ ਤਿਆਰ ਖਲੋਤੀ ਸੀ । ਇੰਦਰਾ ਉਸ ਤੇ ਚੜ੍ਹਣ ਵਾਲੀ ਆਖਰੀ ਯਾਤਰੀ ਸੀ । ਉਸ ਨੂੰ 'ਬੋਰਡਿੰਗ-ਪਾਸ' ਦੇ ਕੇ 'ਏਅਰ-ਲਾਈਨਜ਼' ਕਰਮਚਾਰੀ ਨੇ 'ਗੇਟ' ਬੰਦ ਕਰ ਦਿੱਤਾ। ਪ੍ਰਵੇਸ਼ ਦੁਆਰ ਤੇ 'ਏਅਰ-ਹੋਸਟੈਸ' ਨੇ ਬੜੇ ਤਪਾਕ ਨਾਲ ਉਸ ਦਾ ਸਵਾਗਤ ਕੀਤਾ। ਹਵਾਈ ਜਹਾਜ਼ ਏਨਾ ਭਰਿਆ ਭਰਿਆ ਨਹੀਂ ਸੀ ਲੱਗ ਰਿਹਾ। ਫੇਰ ਵੀ ਪਤਾ ਨਹੀਂ ਕਿਉਂ, 'ਟਿਕਟਿੰਗ-ਏਜੈਂਟ' ਨੇ ਉਸ ਦੇ ਨਾ ਚਾਹੁਣ ਤੇ ਵੀ 'ਵਿੰਡੋ ਸੀਟ' ਹੀ ਅਲਾਟ ਕੀਤੀ। ਉਹ ਵੀ ਸਭ ਤੋਂ ਪਿਛੇ। ਉਪਰਲੇ 'ਲਗੇਜ-ਰੈਕ' ਵਿਚ ਆਪਣਾ 'ਕੈਰੀ-ਆਲ' ਅਤੇ ਏਅਰ-ਬੈਗ ਟਿਕਾ ਕੇ ਉਹ ਆਪਣੀ ਸੀਟ ਵੱਲ ਵਧੀ । ਨਾਲ ਦੀ ਸੀਟ ਤੇ ਕੋਈ ਬੈਠਾ ਨਾ ਵੇਖ ਕੇ ਉਸ ਨੇ ਜਿਵੇਂ ਸੁਖ ਦਾ ਸਾਹ ਲਿਆ । 'ਸ਼ੁਕਰ ਹੈ । ਰੱਬ ਕਰੇ ਇਹ ਸੀਟ ਵਿਹਲੀ ਹੀ ਰਹੇ, ਤਾਂਕਿ ਮੇਰਾ ਅੱਜ ਦਾ ਸ/ਰ ਚੰਗਾ ਨਿਕਲ ਜਾਵੇ ।' ਆਪਣੀ ਸੀਟ ਤੇ ਢੋ ਲਾ ਕੇ ਉਸ ਨੇ ਅੱਖਾਂ ਮੀਟ ਲਈਆਂ । ਭਜਦਿਆਂ ਭਜਦਿਆਂ ਚੜ੍ਹਿਆ ਸਾਹ ਕੁਝ ਸੰਭਲਿਆ। ਕੈਬਿਨ ਦਾ 'ਏਅਰ-ਕੰਡੀਸ਼ਨਡ' ਵਾਤਾਵਰਨ ਉਸ ਨੂੰ ਬੜਾ ਸੁਖਦਾਈ ਲੱਗ ਰਿਹਾ ਸੀ । ਉਹ ਸੋਚ ਰਹੀ ਸੀ ਕਿ ਪਲੇਨ ਦੇ 'ਟੇਕ-ਆ/' ਕਰਦਿਆਂ ਹੀ ਉਹ ਲੱਤਾਂ ਨਿਸਾਲ ਕੇ ਲੇਟ ਲਗਾ ਲਵੇਗੀ । ਉਸ ਨੇ ਸ਼ੀਸ਼ੇ ਦੀ ਖਿੜਕੀ ਦਾ 'ਸ਼ੇਡ' ਖਿੱਚ ਕੇ ਹਨੇਰਾ ਕਰ ਲਿਆ।

"ਥੋੜ੍ਹੇ ਪਲਾਂ ਵਿਚ ਅਸੀਂ ਉਡਾਣ ਸ਼ੁਰੂ ਕਰਨ ਵਾਲੇ ਹਾਂ। ਸਾਰੇ ਯਾਤ੍ਰੀਆਂ ਨੂੰ ਨਿਵੇਦਨ ਹੈ ਕਿ ਉਹ ਆਪਣੀਆਂ ਸੀਟ-ਬੈਲਟਾਂ ਕੱਸ ਲੈਣ, ਧੂਮਰਪਾਨ ਬੰਦ ਕਰ ਦੇਣ ਅਤੇ ਆਪਣੀਆਂ ਸੀਟਾਂ ਦੇ ਢੋ ਅੱਗੇ ਕਰ ਲੈਣ। ਧੰਨਵਾਦ।" ਇੰਟਰਕਾਮ ਤੇ ਏਅਰ-ਹੋਸਟੈਸ ਨੇ 'ਅਨਾਊਂਸ' ਕੀਤਾ । ਸਾਰੇ ਪਾਸੇ ਬੈਲਟ ਬਕਲਾਂ ਦੀ ਕੜਿੱਚ ਕੜਿੱਚ ਦੀ ਆਵਾਜ਼ ਸ਼ੁਰੂ ਹੋ ਗਈ । ਥੋੜ੍ਹੇ ਚਿਰ ਵਿਚ ਜਹਾਜ਼ ਪਟੜੀ ਤੇ ਹੌਲੀ ਹੌਲੀ ਗਤੀ ਨਾਲ ਉੱਡਣ ਲਈ ਵਧਣ ਲੱਗ ਪਿਆ।

"ਐਕਸਕਿਊਜ਼ ਮੀ।" ਉਸ ਦੇ ਨਾਲ ਵਾਲੇ ਪੈਸੈਂਜਰ ਨੇ ਆ ਕੇ ਉਸ ਦੀ ਬਿਰਤੀ ਉਖੇੜ ਦਿੱਤੀ। ਸ਼ਾਇਦ ਉਹ 'ਰੈਸਟ-ਰੂਮ' ਤੋਂ ਹੋ ਕੇ ਮੁੜਿਆ ਸੀ। ਇੰਦਰਾ ਨੇ ਇਕ ਬਨਾਉਟੀ ਮੁਸਕਾਣ ਨਾਲ ਉਸ ਵੱਲ ਤੱਕਿਆ ਤੇ ਫਿਰ ਨਿੰਠ ਕੇ ਬੈਠਣ, 'ਸੀਟ-ਬੈਲਟ' ਬੰਨ੍ਹਣ ਅਤੇ ਸਾਹਮਣੀ ਟ੍ਰੇ ਦੀ ਸ਼ੈਲ/ ਉੱਚੀ ਕਰਨ ਵਿਚ ਰੁੱਝ ਗਈ। ਨਾਲ ਦਾ ਮੁਸਾਫਰ ਕੋਈ ਹਿੰਦੋਸਤਾਨੀ ਲਗਦਾ ਸੀ। ਵੇਖਣ ਚਾਖਣ ਵਿਚ ਮੂੰਹ ਮੱਥੇ ਲੱਗਣ ਵਾਲਾ। ਦਰਮਿਆਨਾ ਕਦ, ਗੋਰਾ ਰੰਗ, ਤਿੱਖੀ ਠੋਡੀ, ਨਿੱਕੀ ਨਿੱਕੀ ਮੁੱਛ, ਸਿਰ ਦੇ ਵਾਲਾਂ ਵਿਚਕਾਰ ਚੀਰ ਕੱਢਿਆ ਹੋਇਆ, ਚਿੱਟੀ ਪੈਂਟ, ਮਰੂਨ-ਸਲੈਕ ਸ਼ਰਟ, ਕੁਝ ਸ਼ੁਕੀਨ ਜਿਹਾ । ਉਸਦੇ 'ਆਲਟਰਸ਼ੇਵ-ਲੋਸ਼ਨ' ਦੀ ਹਲਕੀ ਜਹੀ ਸੁਗੰਧ ਨੇ ਜਿਵੇਂ ਆਪਣਾ ਅਸਰ ਕੀਤਾ ਹੋਵੇ, ਇੰਦਰਾ ਨੇ ਉਸ ਵੱਲ ਨਜ਼ਰ ਚੁਰਾ ਕੇ ਵੇਖਿਆ । ਉਹ ਵੀ ਆਪਣੀ 'ਸੀਟ-ਬੈਲਟ' ਕੱਸਦਾ ਹੋਇਆ ਉਸੇ ਵੱਲ ਵੇਖ ਰਿਹਾ ਸੀ।

"ਤੱਮਲ ਤਿਰਮਾਂ ?" ਯੁਵਕ ਨੇ ਅਚਾਨਕ ਪੁੱਛਿਆ।

"ਇੱਲੇ।" ਇੰਦਰਾ ਨੇ ਮੁਸਕਰਾ ਕੇ ਉੱਤਰ ਦਿੱਤਾ।

ਉਹ ਆਪਣੀ ਗ਼ਲਤੀ ਤੇ ਪਸ਼ੇਮਾਨ ਲਗਦਾ ਸੀ। ਸ਼ਾਇਦ ਇੰਦਰਾ ਦੇ ਚਿਹਰੇ ਦਾ ਰੰਗ ਵੇਖ ਕੇ ਉਸ ਨੂੰ ਇਕ 'ਸਾਊਥ-ਇੰਡੀਅਨ' ਸੁੰਦਰੀ ਸਮਝ ਬੈਠਾ ਸੀ। ਪਰ ਹੁਣ ਸ਼ਰਮਿੰਦਗੀ ਮਿਟਾਣ ਲਈ ਸੌਰੀ ਕਹਿ ਕੇ ਉਹ ਆਪਣੇ ਬੈਗ ਵਿਚੋਂ 'ਨਾਗਮਣੀ' ਮੈਗਜ਼ੀਨ ਕੱਢ ਕੇ ਪੜ੍ਹਣ ਲੱਗਾ।

"ਆਈ ਕਾਂਟ ਬੀਲੀਵ ਇਟ," ਇੰਦਰਾ ਦਾ ਹਾਸਾ ਨਿਕਲ ਗਿਆ । "ਤੁਸੀਂ ਇਕ ਪੰਜਾਬੀ ਹੋ ਕੇ ਏਨੀ ਸੋਹਣੀ ਤਾਮਿਲ ਬੋਲ ਲੈਂਦੇ ਹੋ ।" ਉਸ ਨੇ ਯੁਵਕ ਦੇ ਦਿਲ ਦੀ ਬੇਚੈਨੀ ਘਟਾਉਣ ਲਈ ਗੱਲ ਤੋਰੀ, "ਮੈਨੂੰ ਪੂਰੀ ਸਮਝ ਤਾਂ ਨਹੀਂ ਆਈ, ਸ਼ਾਇਦ ਤੁਸੀਂ ਪੁੱਛ ਰਹੇ ਸੀ ਕਿ ਕੀ ਮੈਨੂੰ ਤਾਮਿਲ ਬੋਲਣੀ ਆਂਦੀ ਹੈ।"

"ਹਾਂ, ਪਰ ਤੁਸੀਂ ਵੀ ਤਾਂ ਨਾਂਹ ਵਿਚ ਉੱਤਰ ਦੇ ਕੇ ਮੈਨੂੰ ਚੱਕਰ ਵਿਚ ਪਾ ਦਿੱਤਾ । ਬਈ ਹੱਦ ਹੋ ਗਈ । 'ਬਾਈ ਦਾ ਵੇ,' ਮੇਰਾ ਨਾਂ ਅਜੀਤ ਵਿਰਕ ਹੈ।"


"ਆਈ ਐਮ ਇੰਦਰਾ, ਇੰਦਰਜੀਤ ਗਿੱਲ ।"

"ਤੁਸੀਂ ਨੈਰੋਬੀ ਰਹਿੰਦੇ ਹੋ ?"

"ਹਾਂ, ਕਲ੍ਹ ਤੱਕ ਤਾਂ ਰਹਿੰਦੀ ਸਾਂ....।" ਉਸ ਨੇ ਹੌਕਾ ਭਰ ਕੇ ਕਿਹਾ।

"ਕੀ ਗੱਲ, ਅੱਜ ਤੋਂ ਤੁਸੀਂ ਸਦਾ ਲਈ....?" ਉਹ ਉਸਦੀ ਅਧੂਰੀ ਗੱਲ ਸਮਝਣ ਤੋਂ ਅਸਮਰਥ ਸੀ ।

ਇੰਦਰਾ ਬਿਨਾ ਕੋਈ ਉੱਤਰ ਦਿੱਤੇ ਉੱਠ ਖਲੋਤੀ । "ਮੈਂ ਜ਼ਰਾ ਰੈਸਟ-ਰੂਮ ਹੋ ਆਵਾਂ।"



ਉਸਦੇ ਜਾਣ ਮਗਰੋਂ ਅਜੀਤ ਉਸ ਬਾਰੇ ਸੋਚਣ ਲੱਗ ਪਿਆ। ਰੱਬ ਨੇ ਇਸਦੇ ਕਣਕ ਵੰਨੇ ਰੂਪ ਵਿਚ ਕੇਹੀ ਸੰਧੂਰੀ ਲੋਅ ਭਰੀ ਹੈ, ਜੋ ਇਸ ਨੂੰ ਮੁੜ ਮੁੜ ਤੱਕਣ ਨੂੰ ਜੀ ਕਰਦੈ। ਗਦਰਾਏ ਹੋਏ ਅੰਗ, ਰੇਸ਼ਮ ਵਰਗੇ ਲੰਮੇ ਵਾਲ, ਗਲਮੇ ਵਿਚੋਂ ਝਾਕਦਾ ਜੋਬਨ, ਡਲੀ ਵਾਂਗੂੰ ਗੁੰਦਿਆ ਸਰੀਰ। ਅੱਖਾਂ ਭਾਵੇਂ ਮੋਟੀਆਂ ਨਹੀਂ ਪਰ ਉਹਨਾਂ ਦੀ ਮਾਦ-ਕਤਾ ਦਾ ਉਸਦੀ ਮੁਸਕਰਾਹਟ ਨਾਲ ਜ਼ਰੂਰ ਕੋਈ ਤੁਅੱਲਕ ਲਗਦੈ, ਐਨ ਜਿਵੇਂ ਸੁਰ ਦਾ ਤਾਲ ਨਾਲ ਸੰਬੰਧ ਹੁੰਦੈ । ਮਨ-ਮੋਹਕ । ਪਰ ਉਸਦੀ ਹੌਕੇ ਭਰੀ ਗੱਲ, 'ਹਾਂ, ਕਲ੍ਹ ਤੱਕ ਰਹਿ-ਦੀ ਸਾਂ,' ਵਿਚ ਤਾਂ ਸੱਚਮੁਚ ਕੋਈ ਕਹਾਣੀ ਲੁਕੀ ਹੋਈ ਜਾਪਦੀ ਹੈ । ਜਾਂ ਖਵਰੇ ਕਿੰਨੀਆਂ ਕਹਾਣੀਆਂ!

"ਸੌਰੀ, ਮੇਰੇ ਕਾਰਨ ਤੁਹਾਨੂੰ ਉੱਠਣ ਦੀ 'ਟ੍ਰਬਲ' ਹੋ ਰਹੀ ਹੈ।" ਇੰਦਰਾ ਨੇ ਰੈਸਟ-ਰੂਮ ਤੋਂ ਆ ਕੇ ਕਿਹਾ।

"ਆਖੋ ਤਾਂ ਸੀਟਾਂ ਬਦਲ ਲੈਂਦੇ ਹਾਂ ।" ਅਜੀਤ ਨੇ ਉਠਦਿਆਂ ਕਿਹਾ। "ਵੈਲ,' ਨੇਕੀ ਔਰ ਪੂਛ ਪੂਛ।" ਇੰਦਰਾ ਨੇ ਮੁਸਕਰਾ ਕੇ ਝੱਟ ਮੰਨ ਲਿਆ । ਉਹ ਤਾਂ ਪਹਿਲਾਂ ਵੀ ਏਹੋ ਹੀ ਚਾਹੁੰਦੀ ਸੀ। ਏਨੇ ਵਿਚ ਏਅਰ-ਹੋਸਟੈਸ 'ਬੇਵਰੇਜ' ਦੀ ਟਰਾਲੀ ਰੇੜ੍ਹ ਲਿਆਈ। "ਵਟ ਵੁਡ ਯੂ ਲਾਈਕ ਟੂ ਡਰਿੰਕ ?" ਉਸਨੇ ਅਜੀਤ ਨੂੰ ਪੁੱਛਿਆ। "ਔਰੈਂਜ ਜੂਸ ।" "ਯੂ ਮੈਮ?" "ਲੈਟ ਮੀ ਹੈਵ ਸਕਾਚ ਐਂਡ ਸੋਡਾ ।" ਇੰਦਰਾ ਨੇ ਮੰਗ ਕੀਤੀ।

ਅਜੀਤ ਦੇ ਚਿਹਰੇ ਤੇ ਇਕ ਅਚੰਭੇ ਭਰੀ ਮੁਸਕਰਾਹਟ ਸੀ । ਇਹ ਕੁੜੀ ਸੱਚਮੁਚ ਇਕ ਕਹਾਣੀ ਹੋਵ-ਗੀ। ਇਕ ਦਿਲਚਸਪ ਕਹਾਣੀ।

"ਕੀ ਤੁਸੀਂ ਵੀ ਨੈਰੋਬੀ ਰਹਿੰਦੇ ਹੋ ?" ਇੰਦਰਾ ਨੇ 'ਡਰਿੰਕ ਮਿਕਸ' ਕਰਦਿਆਂ ਪੁੱਛਿਆ ।

"ਨਹੀਂ, ਮੈਂ ਨਿਊਯਾਰਕ ਰਹਿੰਦਾ ਹਾਂ। ਏਥੇ 'ਬਿਜ਼ਨੈਸ ਟ੍ਰਿੱਪ' ਤੇ ਆਇਆ ਸਾਂ ।"

"ਕਾਹਦਾ ਬਿਜ਼ਨੈਸ ਕਰਦੇ ਹੋ ?"

"ਕੰਪਿਊਟਰਜ਼ ਦਾ ।"

"ਹਾਓ ਵਾਜ਼ ਯੂਅਰ ਟ੍ਰਿਪ ?"

"ਠੀਕ ਹੀ ਰਿਹਾ । ਕਾ/ੀ ਆਰਡਰ ਮਿਲੇ ।"

"ਅਮਰੀਕਾ ਵਿਚ ਕਿੰਨੇ ਸਾਲਾਂ ਤੋਂ ਰਹਿ ਰਹੇ ਹੋ ?"

"ਕੋਈ ਪੰਦਰਾਂ ਸਾਲ ਹੋ ਗਏ । ਪਹਿਲਾਂ ਮੈਂ ਸ਼ਿਕਾਗੋ ਪੜ੍ਹਦਾ ਰਿਹਾ । ਫੇਰ ਜਦੋਂ ਸਿਟੀਜ਼ਨਸ਼ਿਪ ਲਈ ਤਾਂ ਨਿਊਯਾਰਕ ਸ਼ਿ/ਟ ਹੋ ਗਿਆ।"

"ਹਾਓ ਡੂ ਯੂ ਲਾਈਕ ਇਟ ਦੇਅਰ?"

"ਇਟ ਇਜ਼ ਓ.ਕੇ ।" ਕਹਿੰਦੇ ਨੇ ਜਿੱਥੇ ਵੇਖਾਂ ਤਵਾ ਪਰਾਤ, ਓਥੇ ਗਾਵਾਂ ਸਾਰੀ ਰਾਤ ।" ਤੇ ਦੋਵੇਂ ਹੱਸ ਪਏ। "ਤੁਸੀਂ ਏਨੇ ਸਾਲ ਬਾਹਰ ਰਹਿ ਕੇ ਵੀ ਠੇਠ ਪੰਜਾਬੀ ਬੋਲ ਲੈਂਦੇ ਹੋ।"

"ਆਪਣੀ ਮਾਂ ਬੋਲੀ ਵੀ ਕਦੇ ਭੁਲਦੀ ਹੈ? ਅਮਰੀਕਾ ਵਿਚ ਰਹਿ ਕੇ ਵੀ ਪੰਜਾਬੀ ਲਿਟਰੇਚਰ ਵਿਚ ਮੇਰੀ ਖਾਸ ਰੁਚੀ ਰਹੀ ਹੈ।"

"ਉਹ ਤਾਂ ਮੈਂ ਤੁਹਾਡੇ ਹੱਥ ਵਿਚ ਨਾਗਮਣੀ ਦਾ ਪਰਚਾ ਵੇਖਦਿਆਂ ਹੀ ਸਮਝ ਗਈ।"

"ਮੈਂ ਤਾਂ ਲਿਖਦਾ ਵੀ ਪੰਜਾਬੀ ਵਿਚ ਹਾਂ । ਏਸ ਅੰਕ ਵਿਚ ਮੇਰੀ ਇਕ ਕਹਾਣੀ ਛਪ ਕੇ ਆਈ ਹੈ।"

"ਇੰਨਟਰੈਸਟਿੰਗ। ਕੀ ਤੁਹਾਡੀ ਸ਼ਾਦੀ ਹੋ ਗਈ ?"

"ਕਦੀ ਹੋਈ ਸੀ।"

"ਫੇਰ ?"

"ਬਸ ਉਹ ਇਕ ਸੁ/ਨਾ ਹੀ ਹੋ ਕੇ ਰਹਿ ਗਈ। ਮੇਰੀ ਪਤਨੀ ਚੰਡੀਗੜ੍ਹ ਦੇ ਇਕ ਰੀਟਾਇਰਡ ਬ੍ਰੀਗੇਡੀਅਰ ਦੀ ਲੜਕੀ ਸੀ । ਸ਼ਾਦੀ ਤੋਂ ਇਕ ਸਾਲ ਬਾਅਦ ਹੀ ਉਸ ਨੇ ਰੱਟ ਲਗਾਈ, 'ਮੇਰੇ ਮੰਮੀ ਡੈਡੀ ਨੂੰ ਬੁਲਾਣਾ ਹੈ।' ਹੌਲੀ ਹੌਲੀ ਉਹ ਸਾਰੇ ਆ ਗਏ ਤੇ ਮੇਰੀ ਛੁੱਟੀ ਹੋ ਗਈ।"

"ਕੀ ਗੱਲ, ਤਲਾਕ ਹੋ ਗਿਆ?"

"ਤਲਾਕ ਕੀ, ਮੇਰਾ ਤਾਂ ਸਭ ਕੁਝ ਹੀ ਚਲਾ ਗਿਆ। ਇਕ ਬੇਟਾ ਹੈ, ਅੱਜ ਉਸਦੀ ਸ਼ਕਲ ਵੇਖਣ ਨੂੰ ਵੀ ਤਰਸਦਾ ਹਾਂ।"

"ਪਰ ਐਸਾ ਕਿਉਂ ਹੋਇਆ ?"

"ਮੈਂ ਇਕ ਸਧਾਰਨ ਪਰਵਾਰ 'ਚੋਂ ਉਠਿਆ ਹਾਂ । ਚਾਦਰ ਵੇਖ ਕੇ ਪੈਰ ਪਸਾਰਨ ਦੀ ਮੇਰੀ ਸ਼ੁਰੂ ਤੋਂ ਆਦਤ ਹੈ । ਮੇਰਾ ਰਿਸ਼ਤਾ ਮੇਰੀ ਚਾਚੀ ਨੇ ਕਰਵਾਇਆ ਸੀ । ਇਹ ਮਿਲਟਰੀ ਅ/ਸਰਾਂ ਦੇ ਪਰਵਾਰਾਂ ਵਿਚ ਬੜੀ ਫੋਕੀ ਫੂੰ-ਫਾਂ ਹੁੰਦੀ ਹੈ। ਆਉਂਦੀ ਹੀ ਕਹਿਣ ਲੱਗੀ, 'ਮੈਨੂੰ ਨੌਕਰ ਚਾਹੀਦਾ ਹੈ। ਮੈਂ ਤਾਂ ਕਦੇ ਘਰ ਦਾ ਕੰਮ ਨਹੀਂ ਕੀਤਾ।' ਬੱਚਾ ਹੋਇਆ ਤਾਂ ਕਹਿੰਦੀ, 'ਮੈਨੂੰ 'ਮੇਡ ਸਰਵੈਂਟ' ਰੱਖ ਦਿਓ । ਸਾਡੇ ਘਰ ਵਿਚ ਤਾਂ 'ਆਰਡਰਲੀ' ਹੁੰਦੇ ਸਨ।' ਰੋਜ਼ ਖਿਟ ਖਿਟ ਰਹਿਣੀ । ਉਸਦੇ ਮਾਂ-ਬਾਪ ਤੇ ਭੈਣ-ਭਰਾ ਦੇ ਆਉਣ ਨਾਲ ਤਾਂ ਸਮੱਸਿਆਵਾਂ ਏਨੀਆਂ ਜ਼ਿਆਦਾ ਗੰਭੀਰ ਹੋ ਗਈਆਂ ਕਿ ਸਾਹ ਲੈਣਾ ਹੀ ਮੁਸ਼ਕਲ ਹੋ ਗਿਆ । ਆਖ਼ਰ ਮੈਂ ਭਰਿਆ ਭਰਾਇਆ ਘਰ ਉਸ ਨੂੰ ਸੰਭਾਲ ਕੇ ਲਾਂਭੇ ਹੋ ਗਿਆ।"

"ਆਈ ਐਮ ਸੌਰੀ ।" ਇੰਦਰਾ ਨੇ ਅਫਸੋਸ ਜ਼ਾਹਰ ਕੀਤਾ।

ਅਜੀਤ ਏਨਾ ਭਾਵੁਕ ਹੋ ਗਿਆ ਕਿ ਉਸ ਨੇ ਵੀ ਗ਼ਮ ਗ਼ਲਤ ਕਰਨ ਲਈ '/ਲਾਈਟ-ਅਟੈਂਡੈਂਟ' ਕੋਲੋਂ ਸਕਾਚ ਤੇ ਸੋਡਾ ਤਲਬ ਕਰ ਲਿਆ।

"ਕਿੰਨਾ ਚਿਰ ਹੋਇਆ ਏਸ ਗੱਲ ਨੂੰ?" ਇੰਦਰਾ ਨੇ ਫੇਰ ਗੱਲ ਸ਼ੁਰੂ ਕੀਤੀ।

"ਕੋਈ ਤਿੰਨ ਸਾਲ ਹੋ ਗਏ। ਹੁਣ ਤਾਂ ਬਸ ਮੈਂ ਇਕ ਅਪਾਰਟਮੈਂਟ ਵਿਚ ਰਹਿੰਦਾ ਹਾਂ ਤੇ ਖਾਲੀ ਖਾਲੀ ਜ਼ਿੰਦਗੀ ਜੀ ਰਿਹਾ ਹਾਂ । ਦਿਨੇ ਕੰਮ ਕਰਦਾ ਹਾਂ । ਘਰ ਜਾ ਕੇ ਕਦੇ ਟੀ.ਵੀ. ਡਿਨਰ ਮੰਗਵਾ ਲਿਆ, ਕਦੇ ਕਿਸੇ ਰੈਸਟੋਰੈਂਟ ਵਿਚੋਂ ਖਾ ਆਇਆ। ਵੇਹਲ ਵੇਲੇ ਪੜ੍ਹਦਾ ਲਿਖਦਾ ਰਹਿੰਦਾ ਹਾਂ। ਮੇਰਾ ਕੋਈ ਦੋਸਤ ਨਹੀਂ, ਕਿਤਾਬਾਂ ਤੋਂ ਸਿਵਾ। ਸੌਰੀ...., ਮੈਂ ਕਿੱਥੇ ਆਪਣੀ ਰਾਮ ਕਹਾਣੀ ਛੇੜ ਬੈਠਾ।"

"ਨਹੀਂ ਅਜੀਤ ਜੀ, ਮੈਂ ਸੋਚਦੀ ਸਾਂ ਮੈਂ ਹੀ ਇਸ ਦੁਨੀਆਂ ਵਿਚ ਇਕੱਲੀ ਦੁਖੀ ਹਾਂ । ਪਰ 'ਨਾਨਕ ਦੁਖੀਆ ਸਭ ਸੰਸਾਰ' ਵਾਲੀ ਗੱਲ ਸੋਲਾਂ ਆਨੇ ਸੱਚ ਹੈ । ਜੇ ਮੈਂ ਤੁਹਾਨੂੰ ਆਪਣੇ ਬਾਰੇ ਦੱਸਣ ਲੱਗੀ ਤਾਂ ਰਾਤ ਹੋ ਜਾਣੀ ਹੈ।"

"ਚਲੋ ਆਪਾਂ ਕਿਹੜਾ ਕਿਤੇ ਜਾਣਾ ਹੈ । ਲੰਡਨ ਤੱਕ ਪਹੁੰਚਦਿਆ 'ਅੱਜ ਦੀ ਰਾਤ' ਤਾਂ ਆਪਣੀ ਹੀ ਹੈ ।" ਅਜੀਤ ਨੇ 'ਸਕਾਚ' ਦਾ ਘੁੱਟ ਭਰ ਕੇ ਕਿਹਾ।

"ਮੇਰੇ ਮਾਤਾ ਪਿਤਾ ਲੰਡਨ ਵਿਚ ਰਹਿੰਦੇ ਹਨ। ਕੋਈ ਅੱਠ ਕੁ ਸਾਲ ਪਹਿਲਾਂ ਮੇਰੀ ਸ਼ਾਦੀ ਨੈਰੋਬੀ ਦੇ ਇਕ ਰੱਜੇ ਪੁੱਜੇ ਘਰ ਵਿਚ ਹੋਈ । ਮੇਰਾ ਪਤੀ ਬੜਾ ਹੀ ਸੁਨੱਖਾ ਵਿਅਕਤੀ ਸੀ । ਉਹ ਰੇਸ-ਕਾਰਾਂ ਦਾ ਮਕੈਨਿਕ ਸੀ ਤੇ ਮੈਂ ਇਕ ਸਕੂਲ ਵਿਚ ਸਾਇੰਸ ਦੀ ਟੀਚਰ ਸਾਂ । ਸਾਡੇ ਵਿਆਹ ਦੇ ਪਹਿਲੇ ਤਿੰਨ ਚਾਰ ਸਾਲ ਬੜੇ ਸੋਹਣੇ ਲੰਘੇ। ਅਸੀਂ ਕਈ ਮੁਲਕਾਂ, ਸ਼ਹਿਰਾਂ ਦੀ ਸੈਰ ਕੀਤੀ। ਜਰਮਨੀ, ਹਾਲੈਂਡ, ਥਾਈਲੈਂਡ, ਹਵਾਈ, ਲੌਸ-ਐਂਜਲਸ, ਨਿਆਗਰਾ /ਾਲਜ਼, ਖਾਜੁਰਾਹੋ, ਨਨਕਾਣਾ ਸਾਹਿਬ । ਲਗਦਾ ਸੀ ਜਿਵੇਂ ਰੱਬ ਨੇ ਸਾਰੀਆਂ ਬਰਕਤਾਂ ਨਾਲ ਸਾਡਾ ਜੀਵਨ ਭਰਪੂਰ ਕਰ ਦਿੱਤਾ ਹੋਵੇ। ਫੇਰ ਮੇਰੀ ਜ਼ਿੰਦਗੀ ਵਿਚ ਇਕ ਐਸਾ ਮੋੜ ਆਇਆ, ਮੇਰੇ ਪਤੀ ਨੂੰ 'ਕਾਰ-ਰੇਸਿੰਗ' ਵਿਚ ਰੁਚੀ ਪੈਦਾ ਹੋ ਗਈ ਤੇ ਦੋ ਸਾਲਾਂ ਵਿਚ ਹੀ ਉਸਨੇ ਬੜੀ ਮਸ਼ਹੂਰੀ ਹਾਸਲ ਕਰ ਲਈ।"

"ਕੀ ਨਾਂ ਏ ਉਹਨਾਂ ਦਾ?" "ਜਗਜੀਤ ਗਿੱਲ।"

"ਲਓ ! ਜਗਜੀਤ ਗਿੱਲ ਨੂੰ ਕੌਣ ਨਹੀਂ ਜਾਣਦਾ ? ਉਹ ਤਾਂ 'ਇੰਟਰਨੈਸ਼ਨਲ-ਸਮੇਂ ਦਾ 'ਕਾਰ-ਰੇਸਰ' ਹੈ।"

"ਹਾਂ, ਪਰ ਉਸਦੀ ਮਸ਼ਹੂਰੀ ਮੇਰੇ ਵਿਆਹੁਤਾ ਜੀਵਨ ਲਈ ਘਾਤਕ ਸਾਬਤ ਹੋਈ। ਸੋਹਣਾ ਤਾਂ ਉਹ ਹੈ ਈ ਸੀ। ਉਸਦੀ ਸ਼ੋਹਰਤ ਅਤੇ ਦੌਲਤ ਕਰਕੇ ਕਈ ਅ/ਰੀਕਨ ਕਬੀਲਿਆਂ ਦੀਆਂ ਰਾਜ ਕੁਮਾਰੀਆਂ, ਅਮੀਰ ਗੋਰੀਆਂ ਕੁੜੀਆਂ ਅਤੇ ਹਿੰਦੋਸਤਾਨ ਦੀਆਂ ਐਕਟਰੈਸਾਂ ਨਾਲ ਉਸਦਾ ਸੰਪਰਕ ਹੋ ਗਿਆ, ਤੇ ਉਹ ਇਕ ਹੋਰ ਹੀ ਦੁਨੀਆ ਵਿਚ ਰਹਿਣ ਲੱਗ ਪਿਆ। ਰੁਮਾਂਸ ਦੀ ਦੁਨੀਆ, ਐਯਾਸ਼ੀ ਦੀ ਦੁਨੀਆ। ਮੈਂ ਬੜਾ ਕਲਪੀ, ਪਿਛਲੇ ਪਿਆਰ ਦੇ ਵਾਸਤੇ ਪਾਏ । ਪਰ ਉਹ ਮੈਥੋਂ ਬੜਾ ਦੂਰ ਜਾ ਚੁੱਕਾ ਸੀ । ਸਾਡੀ ਕਈ ਏਕੜ ਵਿਚ ਫੈਲੀ 'ਮੈਨਸ਼ਨ' ਵਿਚ ਆਏ ਦਿਨ ਡਾਂਸ-ਪਾਰਟੀਆਂ ਹੁੰਦੀਆਂ । ਮੇਰਾ ਤਾਂ ਜਿਵੇਂ ਵਜੂਦ ਹੀ ਖ਼ਤਮ ਹੋ ਗਿਆ। ਉਸਦੇ ਨਵੇਂ ਸਜਾਏ ਬੈਡਰੂਮ ਵਿਚ ਜਾਣ ਲਈ ਮੈਨੂੰ ਵੀ ਬੂਹਾ ਖੜਕਾਣਾ ਪੈਂਦਾ । ਕਈ ਵਾਰੀ ਉਹ ਆਪਣੀਆਂ ਨਵੀਆਂ ਸਾਥਣਾਂ ਸਣੇ ਵਸਤਰ-ਹੀਣ ਦਸ਼ਾ ਵਿਚ ਦਿਸਦਾ ਤਾਂ ਮੈਨੂੰ ਅੱਗ ਲੱਗ ਉਠਦੀ । ਜਦੋਂ ਵੀ ਮੈਂ ਰੋਸ ਪਰਗਟ ਕਰਦੀ, ਉਹ ਮੈਨੂੰ ਮਾਰ-ਕੁਟਾਈ ਤੇ ਉਤਰ ਆਉਂਦਾ।

# ਪਿਛਲੇ ਦੋ ਸਾਲਾਂ ਦੇ ਕੰਮਾਂ ਨੂੰ ਮੁੱਖ ਰੱਖ ਕੇ ਪੰਜਾਬ ਦੇ ਸੂਝਬਾਨ ਲੋਕ ਆਮ ਆਦਮੀ ਪਾਰਟੀ ਦੇ ਹੱਕ 'ਚ ਪਾਉਣਗੇ ਵੋਟਾਂ -ਮੀਤ ਹੇਅਰ

ਧਨੌਲਾ ਮੰਡੀ, (ਸੰਜੀਵ ਗਰਗ ਕਾਲੀ) ਪਿਛਲੇ ਦੋ ਸਾਲਾਂ ਤੋਂ ਕਿਸ ਦੇ ਹੋ ਰਹੇ ਧੜਾ ਧੜ ਕੰਮਾਂ ਨੂੰ ਮੁੱਖ ਰੱਖ ਕੇ ਪੰਜਾਬ ਦੇ ਪੜੇ ਲਿਖੇ ਸੂਝਬਾਨ ਲੋਕ 13 ਦੀਆਂ 13 ਸੀਟਾਂ ਤੇ ਆਮ ਆਮਦੀ ਪਾਰਟੀ ਦੇ ਉਮੀਦਵਾਰਾਂ ਨੂੰ ਪਾ ਕੇ ਵੱਡੀ ਗਿਣਤੀ 'ਚ ਵੋਟਾ ਪਾ ਕੇ ਜਿਤਾਉਣਗੇ, ਇਹਨਾਂ ਸਬਦਾਂ ਦਾ ਪ੍ਰਗਟਾਵਾ ਕੈਬਨਿਟ ਮੰਤਰੀ ਪੰਜਾਬ ਸਰਕਾਰ ਤੇ ਲੋਕ ਸਭਾ ਹਲਕਾ ਸੰਗਰੂਰ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਗੁਰਮੀਤ ਸਿੰਘ ਮੀਤ ਹੇਅਰ ਨੇ ਧਨੌਲਾ 'ਚ ਸਾਡੇ ਪੱਤਰਕਾਰ ਸੰਜੀਵ ਕਾਲੀ ਨਾਲ ਗੱਲਬਾਤ ਕਰਦਿਆਂ ਕੀਤਾ। ਉਹਨਾਂ ਕਿਹਾ ਕਿ ਹਰ ਰੋਜ਼, ਕਸਬਿਆਂ, ਪਿੰਡਾਂ ਤੇ ਸਹਿਰਾਂ 'ਚ ਜਾ ਰਹੇ ਹਾਂ ਪੰਜਾਬ ਦੇ ਲੋਕ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਸਰਕਾਰ ਦੇ ਦੋ ਸਾਲ ਤੋਂ ਕੀਤੇ ਜਾ ਰਹੇ ਧੜਾ ਧੜਾ ਵਿਕਾਸ ਦੇ ਕੰਮਾਂ ਤੋਂ ਪੂਰੀ ਤਰ੍ਹਾਂ ਖੁਸ਼ ਹਨ, ਪੰਜਾਬ ਸਰਕਾਰ ਵੱਲੋਂ ਕਿਸਾਨਾਂ ਨੂੰ ਦਿਨੇ ਹੀ ਨਿਰਵਿਘਨ ਬਿਜਲੀ ਦਿੱਤੀ ਜਾ ਰਹੀ ਹੈ ਜਿਸ ਨਾਲ ਹਰੇਕ ਕਿਸਾਨ ਦਾ ਕਰੀਬ ਪੱਚੀ ਤੋਂ ਤੀਹ ਹਜਾਰ ਰੁਪਏ ਡੀਜਲ ਦੀ ਬੱਚਤ ਹੋਈ ਤੇ ਨਾ ਹੀ ਕਿਸਾਨਾਂ ਨੂੰ ਰਾਤ ਨੂੰ ਖੇਤਾਂ 'ਚ ਪਾਣੀ ਲਾਉਣ ਜਾਣਾ ਪੈਂਦਾ ਹੈ। ਅਤੇ ਕਿਸਾਨਾਂ ਲਈ ਨਹਿਰੀ ਪਾਣੀ ਦੇ ਮੋਘੇ ਲਵਾ ਕੇ ਖਾਲਾਂ ਤੇ ਵੱਡੀਆਂ ਵੱਡੀਆਂ ਅੰਡਰ ਗਰਾਊਂਡ ਪਾਈਪਾ ਰਾਹੀ ਖੇਤਾਂ 'ਚ ਪਾਣੀ ਪਹੁੰਚਦਾ ਕੀਤਾ। ਉਹਨਾਂ ਕਿਹਾ ਕਿ ਪਿਛਲੇ ਡੇਢ ਸਾਲ ਤੋਂ ਕਰੀਬ 250 ਕਰੋੜ ਰੁਪਏ ਦੇ ਨਹਿਰੀ ਕੰਮ ਚੱਲ ਰਹੇ ਹਨ। ਉਹਨਾਂ ਇਹ ਵੀ ਕਿਹਾ ਕਿ ਪੰਜਾਬ 'ਚ ਸਾਡੀ ਸਰਕਾਰ



ਬਣੀ ਨੂੰ ਦੋ ਸਾਲ ਹੋਏ ਹਨ, ਇਹਨਾਂ ਦੋ ਸਾਲਾਂ ਦੇ ਕਾਰਜਕਾਲ ਦੌਰਾਨ ਸਾਡੀ ਸਰਕਾਰ ਨੇ ਬਿਨ੍ਹਾਂ ਕਿਸੇ ਭੇਦ ਭਾਵ ਤੇ ਪਾਰਟੀਬਾਜੀ ਤੋਂ ਉੱਪਰ ਉੱਠ ਕੇ ਨੌਜਵਾਨ ਮੁੰਡੇ, ਕੁੜੀਆਂ ਨੂੰ ਪੂਰੀ ਇਮਾਨਦਾਰੀ ਨਾਲ 42 ਹਜਾਰ ਨੌਕਰੀਆਂ ਦਿੱਤੀਆਂ, ਕੱਚੇ ਅਧਿਆਪਕ ਪੱਕੇ ਕੀਤੇ, ਹਰੇਕ ਪਿੰਡ 'ਚ ਥਾਪਰ ਮਾਡਲ ਛੱਪੜਾਂ ਦਾ ਕੰਮ ਤਕਰੀਬਨ ਪੂਰਾ ਹੋ ਗਿਆ ਹੈ, ਨੌਜਵਾਨਾ ਲਈ ਖੇਡ ਸਟੇਡੀਅਮ, ਸੜਕਾਂ, ਧਰਮਸਾਲਾਂ ਲਈ ਗਰਾਂਟਾਂ, ਕਲੱਬਾਂ ਲਈ ਗਰਾਂਟਾ, ਆਮ ਲੋਕਾਂ ਦੀ ਸਹੂਲਤ ਲਈ ਮੁਫਤ ਇਲਾਜ ਲਈ ਮੁਹੱਲਾ ਕਲੀਨਿਕ, ਮੁਫਤ ਸਿੱਖਿਆ, ਸਿੱਖਿਆ ਦਾ ਪੱਧਰ ਉੱਚਾ ਚੁੱਕਣ ਲਈ ਐਮੀਨੈਂਸ ਸਕੂਲ ਤੇ ਸਭ ਤੋਂ ਵੱਡੀ ਸਹੂਲਤ 600 ਯੂਨਿਟ ਮੁਫਤ ਬਿਜਲੀ ਹਰੇਕ ਵਰਗ ਤੋਂ ਇਲਾਵਾ ਜਰਨਲ ਵਰਗ ਜਿਹਨਾਂ 'ਚ ਅਕਾਲੀ, ਕਾਂਗਰਸੀ ਤੇ ਹੋਰਨਾਂ ਪਾਰਟੀਆਂ ਦੇ ਪਰਿਵਾਰ ਵੀ ਸਾਮਿਲ ਹਨ। ਉਹਨਾ ਕਿਹਾ ਕਿ ਸਾਨੂੰ ਪੂਰਾ ਵਿਸ਼ਵਾਸ ਹੈ ਕਿ ਪੰਜਾਬ ਦੇ ਲੋਕ ਆਮ ਆਦਮੀ ਪਾਰਟੀ ਦੇ ਕੀਤੇ ਦੋ ਸਾਲ ਦੇ ਕੰਮਾਂ ਨੂੰ ਮੁੱਖ ਰੱਖਦੇ ਹੋਏ ਪੰਜਾਬ ਦੀਆਂ 13 ਦੀਆਂ 13 ਲੋਕ ਸਭਾ ਸੀਟਾਂ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਦੀ ਝੋਲੀ ਪਾਉਣਗੇ। ਉਹਨਾਂ ਮੋਦੀ ਸਰਕਾਰ ਤੇ ਵਰਦਿਆਂ ਕਿਹਾ ਕਿ ਮੋਦੀ ਸਰਕਾਰ ਸਾਰੀਆਂ ਦੂਸਰੀਆਂ ਪਾਰਟੀਆਂ ਦੇ ਭ੍ਰਿਸ਼ਟ ਮੰਤਰੀਆਂ ਨੂੰ ਈ.ਡੀ ਤੇ ਸੀ.ਬੀ. ਆਈ ਦਾ ਡਰਾਵਾ ਦੇ ਕੇ ਭਾਜਪਾ 'ਚ ਸਾਮਿਲ ਕਰਵਾ ਰਹੀ ਹੈ ਤੇ ਉਹਨਾਂ ਕੋਲੋ ਕਰੋੜਾਂ ਰੁਪਏ ਫੰਡ ਲੈ ਰਹੀ ਹੈ, ਪਰ ਆਮ ਆਦਮੀ ਪਾਰਟੀ ਦੇ ਆਗੂ ਮੋਦੀ ਸਰਕਾਰ ਦੇ ਈ.ਡੀ ਤੇ ਸੀ.ਬੀ.ਆਈ ਦੇ ਡਰਾਵਿਆ ਅੱਗੇ ਗੋਡੇ ਨਹੀ ਟੇਕਣਗੇ। ਇਸ ਮੌਕੇ ਤੇ ਓ.ਐਸ. ਡੀ ਸ੍ਰੀ ਹਸਨਪ੍ਰੀਤ ਭਾਰਦਵਾਜ ਚੇਅਰਮੈਨ ਇੰਪਰੂਵਮੈਂਟ ਟਰੱਸਟ ਰਾਮ ਤੀਰਥ ਮੰਨਾਂ,ਪ੍ਰਧਾਨ ਜਸਵੰਤ ਸਿੰਘ ਕਾਹਲੋਂ, ਪ੍ਰਧਾਨ ਹਰਦੀਪ ਸਿੰਘ ਸੋਢੀ, ਸਾਹਿਬ ਸਿੰਘ ਸੋਢੀ, ਪ੍ਰਧਾਨ ਬੂਟਾ ਸਿੰਘ ਢਿੱਲੋਂ, ਪਰਸਨਲ ਸੈਕਟਰੀ ਸੁਰਿੰਦਰ ਭੱਠਲ, ਪਰਸਨਲ ਸੈਕਟਰੀ ਹਰਿੰਦਰ ਧਾਲੀਵਾਲ, ਬਲਾਕ ਪ੍ਰਧਾਨ ਹਰਿੰਦਰ ਹਿੰਦੀ, ਵਿਕਰਮ ਬੱਬੀ, ਗਗਨਦੀਪ ਸਿੰਘ ਜਟਾਣਾ, ਮੇਵਾ ਸਿੰਘ, ਹਰਬੰਸ ਸਿੰਘ ਬੰਸਾ, ਰਾਕੇਸ ਕੁਮਾਰ ਮਾੜੀ, ਅਵਤਾਰ ਸਿੰਘ, ਜਗਤਾਰ ਸਿੰਘ, ਲਾਡੀ ਸਰਪੰਚ ਝਲੂਰ, ਜੱਸਾ ਬਰਨਾਲਾ, ਦਰਸਨ ਸਿੰਘ, ਰਾਜ ਸਿੰਘ ਰਾਜ ਕੁਲਦੀਪ ਸਿੰਘ, ਮਲਕੀਤ ਸਿੰਘ, ਤੇਜਾ ਸਿੰਘ ਹਰਦੀਪ ਸਿੰਘ ਢਿੱਲੋਂ, ਭਗਵਾਨ ਦਾਸ ਭਾਣਾ, ਸਤਨਾਮ ਸਿੰਘ, ਕੇਵਲ ਸਿੰਘ, ਅਵਤਾਰ ਸਿੰਘਢ ਮੰਡੇਰ ਅਤੇ ਪਾਰਟੀ ਵਰਕਰ ਮੌਜੂਦ ਸਨ।

# ਲਾਲਚ ਬੁਰੀ ਬਲਾ



ਬਲਰਾਜ ਸਿੰਘ ਸਿੱਧੂ
ਐਸ. ਪੀ.
9815124449

ਇਹ ਅਸਲ ਵਾਕਿਆ 1948-49 ਦੌਰਾਨ ਅਜੋਕੇ ਤਰਨ ਤਾਰਨ ਜਿਲ੍ਹੇ ਦੇ ਇੱਕ ਪਿੰਡ ਜੱਸਪੁਰੇ (ਨਾਮ ਬਦਲਿਆ ਹੋਇਆ) ਵਿੱਚ ਵਾਪਰਿਆ ਸੀ। ਹਰਨਾਮ ਸਿੰਘ ਢਿੱਲੋਂ 50 ਕਿੱਲੇ ਜ਼ਮੀਨ ਦਾ ਮਾਲਕ ਸਿਰ ਕੱਢਵਾਂ ਜ਼ਿੰਮੀਦਾਰ ਸੀ। 13-14 ਸਾਲ ਦਾ ਗੰਗਾ ਸਿੰਘ ਉਸ ਦਾ ਇਕਲੌਤਾ ਪੁੱਤਰ ਸੀ।ਹਰਨਾਮ ਸਿੰਘ ਦੀ ਪਤਨੀ ਤੇਜ ਕੌਰ ਨੇ ਜਗ੍ਹਾ ਜਗ੍ਹਾ ਧਰਮ ਸਥਾਨਾਂ, ਮੜ੍ਹੀ ਮਸਾਣਾਂ ਅਤੇ ਬਾਬਿਆਂ ਅੱਗੇ ਮੱਥੇ ਰਗੜੇਸਨ ਤਾਂ ਜਾ ਕੇ ਕਿਤੇ ਰੱਬ ਨੇ ਪਿਛਲੀ ਉਮਰੇ ਉਸ ਦੀ ਕੁੱਖ ਨੂੰ ਭਾਗ ਲਾਏ। ਹਰਨਾਮ ਸਿੰਘ ਦਾ ਕੋਈ ਹੋਰ ਸਕਾ ਭੈਣ ਭਰਾਨਹੀਂ ਸੀ। ਸ਼ਰੀਕੇ ਬਰਾਦਰੀ ਵਾਲਿਆਂ ਦੀ ਕਾਂ ਅੱਖ ਉਸ ਦੀ ਝੋਟੇ ਦੇ ਸਿਰ ਵਰਗੀ ਜ਼ਮੀਨ ਉੱਪਰ ਟਿਕੀ ਹੋਈ ਸੀ। ਉਹਨਾਂ ਨੂੰ ਪਤਾ ਸੀ ਕਿ ਜੇ ਗੰਗਾ ਸਿੰਘ ਮਾਰਿਆ ਗਿਆ ਤਾਂ ਹਰਨਾਮ ਸਿੰਘ ਤੇ ਤੇਜ਼ ਕੌਰ ਨੇ ਹੌਕੇ ਨਾਲ ਹੀ ਮਰ ਜਾਣਾ ਹੈ। ਫਿਰ ਜ਼ਮੀਨ ਵੀ ਆਪਣੀ ਤੇ ਹਵੇਲੀ ਵਰਗਾ ਮਕਾਨ ਵੀ ਆਪਣਾ। ਉਹ ਬਾਲਕ ਗੰਗਾ ਸਿੰਘ ਨੂੰ ਮਾਰਨ ਦੀ ਤਿੰਨ ਚਾਰ ਵਾਰ ਕੋਸ਼ਿਸ਼ ਕਰ ਚੁੱਕੇ ਸਨ। ਇੱਕ ਵਾਰ ਚਾਚੀ ਬਚਨੀ ਨੇ ਗੰਗਾ ਸਿੰਘ ਨੂੰ ਦੁੱਧ ਵਿੱਚ ਜ਼ਹਿਰ ਮਿਲਾ ਕੇ ਪਿਆ ਦਿੱਤਾ ਸੀ, ਪਰ ਤਰਨ ਤਾਰਨ ਵਾਲੇ ਡਾਕਟਰ ਸੰਧੂ ਨੇ ਬਚਾ ਲਿਆ। ਦੂਸਰੀ ਵਾਰ ਸ਼ਰੀਕੇ ਵਾਲੇ ਧੋਖੇ ਨਾਲ ਗੰਗਾ ਸਿੰਘ ਨੂੰ ਵੰਡ ਵੇਲੇ ਪਾਕਿਸਤਾਨ ਜਾ ਰਹੇ ਸ਼ਰਨਾਰਥੀਆਂ ਦਾ ਕਾਫਲਾ ਲੁੱਟਣ ਨਾਲ ਲੈ ਗਏ ਕਿ ਰੌਲੇ ਗੌਲੇ ਵਿੱਚ ਪਾਰ ਬੁਲਾ ਦਿਆਂਗੇ। ਪਰ ਭਾਣਾ ਰੱਬ ਦਾ!ਅਚਾਨਕ ਮਿਲਟਰੀ ਆ ਗਈ ਤੇ ਉਸ ਨੇ ਲੁਟੇਰਿਆਂ ਉੱਪਰ ਫਾਇਰ ਖੋਲ੍ਹ ਦਿੱਤਾ। ਗੋਲੀ ਨਾਲ ਸਭ ਤੋਂ ਵੱਡਾ ਵੈਰੀ ਤਾਇਆ ਕੰਸ ਸਿੰਘ ਹੀ ਮਾਰਿਆ ਗਿਆ। ਵਰ੍ਹਦੀ ਗੋਲੀ 'ਚੋਂ ਭੱਜ ਕੇ ਘਰ ਆਏ ਗੰਗਾ ਸਿੰਘ ਨੂੰ ਹਰਨਾਮ ਸਿੰਘ ਨੇ ਰੂਹ ਨਾਲ ਝੰਬਿਆ। ਉਸ ਘਟਨਾ ਤੋਂ ਬਾਅਦ ਗੰਗਾ ਸਿੰਘ ਸ਼ਰੀਕਾਂ ਦਾ ਬਿਲਕੁਲ ਵਿਸਾਹ ਨਹੀਂ ਸੀ ਖਾਂਦਾ। ਕੁਝ ਦਿਨ ਬਾਅਦ ਸ਼ਰੀਕੇ 'ਚੋਂ ਚਾਚਾ ਲੱਗਦਾ ਮਾਹਣਾ ਦੋਧੀ, ਗੰਗਾ ਸਿੰਘ ਦੇ ਮਗਰ ਕਿਰਪਾਨ ਲੈ ਕੇ ਭੱਜਾ। ਪਰ ਚੌਕੰਨਾ ਗੰਗਾ ਸਿੰਘ ਭੱਜ ਕੇ ਘਰ ਆ ਵੜਿਆ। ਇਸ ਕਲੇਸ਼ ਕਾਰਨ ਹਰਨਾਮ ਸਿੰਘ ਪਹਿਲਾਂ ਵੀ ਕਈ ਵਾਰ ਪਰ੍ਹੇ ਪੰਚਾਇਤ ਇਕੱਠੀ ਕਰ ਚੁੱਕਾ ਸੀ। ਪਰ ਦੁਸ਼ਮਣ ਪੰਚਾਇਤ ਵਿੱਚ ਮੰਨੇ ਈ ਨਾ ਕਿ ਅਸੀਂ ਜ਼ਹਿਰ ਦਿੱਤਾ ਜਾਂ ਸਾਡਾ ਹਰਨਾਮ ਸਿੰਘ ਨਾਲ ਕੋਈ ਵੈਰ ਹੈ। ਹਰਨਾਮ ਸਿੰਘ ਨੇ ਦੁਨੀਆਂ ਵੇਖੀ ਹੋਈ ਸੀ। ਉਹ ਸਮਝ ਗਿਆ ਕਿ ਹੁਣ ਪੰਚਾਇਤ ਵਿੱਚ ਜਾਣ ਦਾ ਕੋਈ ਲਾਭ ਨਹੀਂ। ਜੋ ਕੁਝ ਕਰਨਾ ਉਹ ਆਪ ਹੀ ਕਰਨਾ ਪੈਣਾ। ਬੰਦੇ ਘੱਟ ਹੋਣ ਕਾਰਨ ਸਿੱਧੀ ਟੱਕਰ ਵਿੱਚ ਉਹ ਸ਼ਰੀਕਾਂ ਦਾ ਮੁਕਾਬਲਾ ਨਹੀਂ ਸੀ ਕਰ ਸਕਦਾ। ਵੈਸੇ ਵੀ ਜੇ ਉਹ ਕਤਲ ਕਰਦਾ ਤਾਂ ਪੁਲਿਸ ਨੇ ਪਕੜ ਕੇ ਜੇਲ੍ਹ ਵਿੱਚ ਤੁੰਨ ਦੇਣਾ ਸੀ ਤੇ ਪਿੱਛੋਂ ਗੰਗਾ ਸਿੰਘ ਨੇ ਫਿਰ ਵੀ ਨਹੀਂ ਸੀ ਬਚਣਾ। ਕਈ ਦਿਨ ਸੋਚਣ ਤੋਂ ਬਾਅਦ ਉਹ ਗੰਗਾ ਸਿੰਘ ਤੇ ਤੇਜ ਕੌਰ ਨੂੰ ਸਹੁਰੀਂ ਛੱਡ ਕੇ ਅੰਮ੍ਰਿਤਸਰੋਂ ਹਰਦੁਆਰ ਵਾਲੀ ਗੱਡੀ ਚੜ੍ਹ ਗਿਆ। ਉਥੇ ਉਸ ਦਾ ਪੁਰਾਣਾ ਜੁੰਡੀ ਦਾ ਯਾਰ ਗੋਪਾਲ ਸਿੰਘ, ਬਾਵਾ ਗੋਪਾਲ ਦਾਸ ਬਣ ਕੇ ਸਤਨਾਮੀ ਅਖਾੜਾ ਨਾਮਕਆਸ਼ਰਮ ਖੋਲ੍ਹੀ ਬੈਠਾ ਸੀ। ਗੋਪਾਲ ਦਾਸ ਨੇ ਸਾਰੀ ਜ਼ਿੰਦਗੀ ਕੋਈ ਚੰਗਾ ਕੰਮ ਨਹੀਂ ਸੀ ਕੀਤਾ, ਪਰ ਪਿਛਲੀ ਉਮਰੇ ਸਭ ਕੁਝ ਛੱਡ ਛਡਾ ਕੇ ਸਾਧ ਬਣ ਗਿਆ ਸੀ। ਹਰਨਾਮ ਸਿੰਘ ਨੇ ਉਸ ਨੂੰ ਸਾਰੀ ਵਿਥਿਆ ਖੋਲ੍ਹਕੇ ਦੱਸੀ ਤੇ ਯਾਰ ਦੇ ਗਲ ਲੱਗ ਕੇ ਉੱਚੀ ਉੱਚੀ ਰੋਣ ਲੱਗ ਪਿਆ। 'ਕੱਲੇ ਪੁੱਤਰ ਦੇ ਸਿਰ 'ਤੇ ਮੌਤਨੱਚਦੀ ਵੇਖ ਕੇ ਉਸ ਦੀਆਂ ਅੱਖਾਂ ਅੱਗੇ ਹਨੇਰਾ ਛਾਇਆ ਹੋਇਆ ਸੀ। ਨਾ ਕੁਝ ਖਾਣ ਨੂੰ ਦਿਲ ਕਰਦਾ ਨਾ ਪੀਣ ਨੂੰ। ਦੋ ਦਿਨ ਡੇਰੇ ਰਹਿ ਕੇ ਦੋਵਾਂ ਨੇ ਨਿੱਤ ਦੀ ਘੈਂਸ ਘੈਂਸ ਖਤਮ ਕਰਨ ਲਈਇੱਕ ਖਤਰਨਾਕ ਸਕੀਮ ਬਣਾਈ ਤੇ ਹਰਨਾਮ ਸਿੰਘ ਵਾਪਸ ਪਿੰਡ ਆ ਗਿਆ। ਉਹ ਆਮ ਵਾਂਗ ਰੋਜ਼ਮਰ੍ਹਾ ਦੇ ਕੰਮ ਕਾਰ ਕਰਨ ਲੱਗ ਪਿਆ ਤੇ ਸ਼ਰੀਕਾਂ ਨੂੰਇਸ ਤਰਾਂ ਮਿਲਦਾ ਜਿਵੇਂ ਕੁਝ ਹੋਇਆ ਈ ਨਾ ਹੋਵੇ।

ਕੁਝ ਦਿਨਾਂ ਬਾਅਦ ਗੋਪਾਲ ਦਾਸ ਨੇ ਵੀ ਚੇਲਿਆਂ ਚਪਾਟਿਆਂ ਸਮੇਤ ਜੱਸਪੁਰੇ ਆਣ ਉਤਾਰਾ ਕੀਤਾ। ਹਰਨਾਮ ਸਿੰਘ ਨੇ ਬੈਂਡ ਵਾਜਿਆਂ ਨਾਲ ਉਸ ਦਾ ਸਵਾਗਤ ਕੀਤਾ ਤੇ ਲੋਕਾਂ ਵਿੱਚ ਪ੍ਰਚਾਰ ਕਰ ਦਿੱਤਾ ਕਿ ਹਿਮਾਲੀਆ ਪਰਬਤ ਤੋਂ ਰਿੱਧੀਆਂ ਸਿੱਧੀਆਂ ਦੇ ਮਾਲਕ ਮੇਰੇ ਗੁਰੂਪਧਾਰੇ ਹਨ। ਹਰਨਾਮ ਸਿੰਘ ਦੇ ਘਰ ਕਥਾ-ਕੀਰਤਨ ਅਤੇ ਹਵਨ ਯੱਗ ਦੇ ਦੌਰ ਚੱਲ ਪਏ। ਮਿੱਠੇ ਚੌਲਾਂ ਤੇ ਲੱਡੂ ਜਲੇਬੀਆਂ ਦੇ ਖੁਲ੍ਹੇ ਲੰਗਰ ਲੱਗ ਗਏ। ਜਦੋਂ ਗੋਪਾਲ ਦਾਸ ਨੇ ਹਰਨਾਮ ਸਿੰਘ ਦੀ ਸੇਵਾ ਤੋਂ ਜਿਆਦਾ ਪ੍ਰਸੰਨ ਹੋ ਜਾਣਾ ਤਾਂ ਹੁਕਮ ਦੇਣਾ, "ਜਾਹ! ਘਰਦੀ ਫਲਾਣੀ ਨੁੱਕਰ ਪੁੱਟ, ਰੱਬ ਭਲੀ ਕਰੇਗਾ।" ਹਰਨਾਮ ਸਿੰਘ ਨੇ ਬਾਬਿਆਂ ਦੇ ਪੈਰਾਂ ਨੂੰ ਹੱਥ ਲਾ ਕੇ, ਜਲ ਛਿੜਕ ਕੇ ਜਾਣ ਬੁੱਝ ਕੇ ਲੋਕਾਂ ਨੂੰ ਵਿਖਾ ਕੇ ਜਗ੍ਹਾ ਪੁੱਟਣੀ ਤਾਂ ਕਦੇ ਸੋਨੇ ਦੀ ਅੰਗੂਠੀ, ਕਦੇ ਹਾਰ ਤੇ ਕਦੇ ਚਾਂਦੀ ਦੇ ਸਿੱਕਿਆਂ ਦਾ ਭਰਿਆ ਘੜਾ ਨਿਕਲ ਆਉਣਾ। ਉਹ ਗੱਲ ਵੱਖਰੀ ਹੈ ਕਿ ਸਮਾਨ ਪਹਿਲਾਂ ਹੀ ਗੁਪਤ ਤੌਰ 'ਤੇ ਦਬਾਇਆ ਗਿਆ ਹੁੰਦਾ ਸੀ। ਹੌਲੀ ਹੌਲੀ ਸਾਰੇ ਪਿੰਡ ਵਿੱਚ ਖਬਰ ਫੈਲ ਗਈ ਕਿ ਮਹਾਨ ਕਰਨੀ ਵਾਲੇ ਚਮਤਕਾਰੀ ਸੰਤ ਹਰਨਾਮ ਸਿੰਘ ਨੂੰ ਖਜ਼ਾਨੇ ਬਖਸ਼ ਰਹੇ ਹਨ।

ਹੌਲੀ ਹੌਲੀ ਹਰਨਾਮ ਸਿੰਘ ਦੇ ਦੁਸ਼ਮਣ ਵੀ ਬਾਬਿਆਂ ਦੇ ਲੱਤਾਂ ਗੋਡੇ ਘੁੱਟਣ ਲੱਗ ਪਏ। ਇਕ ਦਿਨ ਮੌਕਾ ਵੇਖ ਕੇ ਉਹਨਾਂ ਵਿੱਚੋਂ ਕੁਝ ਜਿਆਦਾ ਚਟਕ ਸੰਤੇ ਟਾਂਡੇ ਭੰਨ ਨੇ ਬਾਬੇ ਨੂੰ ਬੇਨਤੀ ਕੀਤੀ, "ਬਾਬਾ ਜੀ ਕ੍ਰਿਪਾ ਕਰੋ। ਸਾਨੂੰ ਵੀ ਬਖਸ਼ ਦਿਉ ਕੋਈ ਖਜ਼ਾਨਾ।" ਇਹੋ ਤਾਂ ਗੋਪਾਲ ਦਾਸ ਤੇ ਹਰਨਾਮ ਸਿੰਘ ਚਾਹੁੰਦੇ ਸਨ। ਪਰ ਫਿਰ ਵੀ ਨਕਲੀ ਗੁੱਸੇ ਨਾਲ ਬਾਬੇ ਨੇ ਕੱਸ ਕੇ ਸੰਤੇ ਦੀ ਵੱਖੀ ਵਿੱਚ ਲੱਤ ਮਾਰੀ, ਉਹਟ ਪਰ੍ਹੇ ਦੁਸ਼ਟਾ। ਇਸ ਤਰਾਂ ਨਹੀਂ ਮਿਲਦੇ ਹੁੰਦੇ ਖਜ਼ਾਨੇ। ਹਰਨਾਮ ਸਿੰਘ ਨੇ ਤਾਂ ਮੇਰੇ ਨਾਲ ਰਾਤਾਂ ਜਾਗ ਜਾਗ ਕੇ ਛਿਲੇ ਕੱਟੇ ਨੇ,ਤਾਂ ਕਿਤੇ ਜਾ ਕੇ ਉਸ 'ਤੇ ਮਾਤਾ ਲਕਸ਼ਮੀ ਦੀ ਕ੍ਰਿਪਾ ਹੋਈ ਆ।" ਢਿੱਡੋਂ ਖੁਸ਼ ਹੁੰਦਾ ਗੋਪਾਲ ਦਾਸ ਗਰਜਿਆ। ਸਾਰੇ ਸ਼ਰੀਕਾਂ ਨੇ ਲੰਮੇ ਪੈ ਕੇ ਗੋਪਾਲ ਦਾਸ ਦੇ ਚਰਨ ਪਕੜ ਲਏ ਤੇ ਡੰਡੌਤ ਕਰਦੇ ਹੋਏ ਬਖਸ਼ਿਸ਼ਾਂ ਕਰਨ ਦੀਆਂ ਬੇਨਤੀਆਂ ਕਰਨ ਲੱਗੇ। ਪਰ ਗੋਪਾਲ ਦਾਸ ਨੇ ਉਹਨਾਂ ਨੂੰ ਗਾਲ੍ਹਾ ਕੱਢ ਕੇ ਭਜਾ ਦਿੱਤਾ। ਅਖੀਰ ਕਈ ਦਿਨਾਂ ਬਾਅਦ ਹਰਨਾਮ ਸਿੰਘ ਦੀ ਸ਼ਿਫਾਰਸ਼ ਮੰਨ ਕੇ ਬਾਬਾ ਪ੍ਰਸੰਨ ਹੋਇਆ। ਬਾਬੇ ਨੇ ਫਰਮਾਇਆ ਕਿ ਆਉਣ ਵਾਲੀ ਜੇਠ ਦੀ ਮੱਸਿਆ ਦੀ ਰਾਤ ਟੂਣਾ ਕਰ ਕੇ ਦੇਵੀ ਨੂੰ ਪ੍ਰਸੰਨ ਕੀਤਾ ਜਾਵੇਗਾ।

ਬਾਬੇ ਨੇ ਹੁਕਮ ਦਿੱਤਾ, "ਮੱਸਿਆ ਦੀ ਰਾਤ ਨੂੰ 12 ਵਜੇ ਸ਼ਹਾਬਪੁਰੇ ਵਾਲੀ ਨਹਿਰ ਦੇ ਸੁੰਨੇ ਪੁਲ ਉੱਪਰ ਇੱਕ ਕਾਲਾ ਬੱਕਰਾ, ਦੋ ਕਿੱਲੋ ਸੰਧੂਰ, ਪੰਜ ਕਿੱਲੋ ਸੂਰ ਦਾ ਮਾਸ, ਢਾਈ ਕਿੱਲੋ ਮਾਂਹ, 28 ਲੋਹੇ ਦੇ ਕਿੱਲ ਤੇ ਸੱਤ ਮੰਜੀਆਂ ਲੈ ਕੇ ਪਹੁੰਚ ਜਾਇਉ। ਜੇ ਲੇਟ ਹੋਗੇ ਤਾਂ ਖਜ਼ਾਨਾ ਗਿਆ ਸਮਝੋ।" ਹਰਨਾਮ ਸਿੰਘ ਦੇ ਮੁੱਖ ਸੱਤ ਦੁਸ਼ਮਣ ਖਜ਼ਾਨੇ ਦੇ ਲਾਲਚ ਵਿੱਚ ਛਿਲਾ ਕੱਟਣ ਲਈ ਤਿਆਰ ਹੋ ਗਏ। ਅੱਧੀ ਰਾਤ ਨੂੰ ਸੱਤੇ ਜਾਣੇ ਬਾਬੇ ਅਤੇ ਦੋ ਸਭ ਤੋਂ ਵਿਸ਼ਵਾਸ਼ ਪਾਤਰ ਚੇਲਿਆਂ ਨਾਲ ਸੁੰਨੇ ਪੁਲ 'ਤੇ ਪਹੁੰਚ ਗਏ। ਮੱਸਿਆ ਦੀ ਕਾਲੀ ਬੋਲੀ ਰਾਤ ਵਿੱਚ ਬਾਬੇ ਨੇ ਆਪਣਾ ਪਾਖੰਡ ਸ਼ੁਰੂ ਕਰ ਦਿੱਤਾ। ਕਾਲੇ ਬੱਕਰੇ ਦੀ ਬਲੀ ਦੇ ਕੇ ਉਸ ਦਾ ਖੂਨ ਮੰਜੀਆਂ ਦੇ ਪਾਵਿਆਂ ਤੇ ਲਾਇਆ ਗਿਆ। ਸੱਤਾਂ ਮੰਜੀਆਂ ਦੇ ਪਾਵਿਆਂ ਵਿੱਚ ਇੱਕ ਇੱਕ ਕਿੱਲ ਠੋਕਿਆ ਗਿਆ। ਬਾਬੇ ਨੇ ਸਿੰਧੂਰ ਮੂੰਹ 'ਤੇ ਮਲ ਕੇ ਬੜਾ ਖੌਫਨਾਕ ਭੇਸ ਬਣਾਇਆ ਹੋਇਆ ਸੀ। ਅੱਧਾ ਪੌਣਾ ਘੰਟਾ ਪੁੱਠੇ ਸਿੱਧੇ ਮੰਤਰ ਪੜ੍ਹ ਕੇ ਬਾਬੇ ਨੇ ਸਮੱਗਰੀ ਜਲ ਪ੍ਰਵਾਹ ਕਰ ਦਿੱਤੀ।

ਮੰਤਰ ਪੜ੍ਹਦਾ ਬਾਬਾ ਕੜਕਿਆ, "ਹੋਗੀ ਦੇਵੀ ਦਿਆਲ, ਚਲੋ ਸਾਰੇ ਇੱਕ ਦੂਸਰੇ ਨੂੰ ਮੰਜੀਆਂ ਨਾਲ ਬੰਨ੍ਹੋ। ਹੁਣ ਆਖਰੀ ਮੰਤਰ ਪੜ੍ਹਦੇ ਹੀ ਖਜ਼ਾਨੇ ਦੇਣ ਵਾਲੀ ਦੇਵੀ ਪਰਗਟ ਹੋਵੇਗੀ।" ਲਾਲਚ ਵਿੱਚ ਅੰਨ੍ਹੇ ਹੋਏ ਦੁਸ਼ਮਣਾਂ ਨੇ ਮੰਜੀਆਂ ਦੀਆਂ ਪੈਂਦਾਂ ਖੋਲ੍ਹ ਕੇ ਖੁਦ ਹੀ ਇੱਕ ਦੂਸਰੇ ਨੂੰ ਕੱਸ ਕੱਸ ਕੇ ਮੰਜੀਆਂ ਨਾਲ ਬੰਨ੍ਹ ਦਿੱਤਾ। ਕਿਸੇ ਨੇ ਨਾ ਪੁੱਛਿਆ ਕਿ ਖਜ਼ਾਨੇ ਦਾ ਮੰਜੀਆਂ ਨਾਲ ਕੀ ਸਬੰਧ ਹੈ? ਆਖਰੀ ਬੰਦੇ ਨੂੰ ਬਾਬਿਆਂ ਨੇ ਆਪਣੇ ਕਰ ਕਮਲਾਂ ਨਾਲ ਮੰਜੀ ਨਾਲ ਨੂੜ ਦਿੱਤਾ। ਜਦ ਸਾਰੇ ਬੰਨ੍ਹ ਦਿੱਤੇ ਗਏ ਤਾਂ ਬਾਬੇ ਨੇ ਅਵਾਜ਼ ਮਾਰੀ, "ਆਜਾ ਭਾਈ ਹਰਨਾਮ ਸਿਆਂ, ਹੋ ਗਿਆਈ ਕੰਮ ਸਿੱਧ।"

ਨੇੜੇ ਹੀ ਛੁਪਿਆ ਹਰਨਾਮ ਸਿੰਘ ਛਾਲ ਮਾਰ ਕੇ ਬਾਹਰ ਨਿਕਲਿਆ। ਹਰਨਾਮ ਸਿੰਘ ਨੂੰ ਵੇਖ ਕੇ ਸ਼ਰੀਕਾਂ ਨੂੰ ਸਾਰੀ ਗੱਲ ਸਮਝ ਆ ਗਈ ਕਿ ਧੋਖਾ ਹੋ ਗਿਆ ਹੈ। ਉਹ ਛਟਪਟਾਉਣ ਲੱਗੇ, ਮਾਫੀਆਂ ਮੰਗ ਕੇ ਬਚਾਅ ਲਈ ਚੀਕਾਂ ਮਾਰਨ ਲੱਗੇ। ਪਰ ਸਮਾਂ ਲੰਘ ਚੁੱਕਾ ਸੀ। ਉਸ ਰਸਤੇ ਡਰਦੇ ਮਾਰੇ ਦਿਨੇ ਕੋਈ ਨਹੀਂ ਸੀ ਲੰਘਦਾ, ਰਾਤ ਕਿਸ ਨੇ ਆਉਣਾ ਸੀ। ਹਰਨਾਮ ਸਿੰਘ ਨੇ ਫਟਾਫਟ ਬਾਬੇ ਅਤੇ ਚੇਲਿਆਂ ਦੀ ਮਦਦ ਨਾਲ ਸ਼ਰੀਕਾਂ ਨੂੰ ਮੰਜੀਆਂ ਸਮੇਤ ਵਗਦੀ ਨਹਿਰ ਵਿੱਚ ਵਗਾਹ ਮਾਰਿਆ। ਉਹਨਾਂ ਦੀ ਅੱਜ ਤੱਕ ਉੱਘ ਸੁੱਘ ਨਹੀਂ ਨਿਕਲੀ।

# ਆਸਟਰੇਲਿਆਈ ਪ੍ਰਧਾਨ ਮੰਤਰੀ ਵੱਲੋਂ ਵਿਸਾਖੀ ਦੇ ਸਮਾਗਮ 'ਚ ਸ਼ਮੂਲੀਅਤ

ਮੈਲਬਰਨ- ਆਸਟਰੇਲਿਆਈ ਪ੍ਰਧਾਨ ਮੰਤਰੀ ਐਂਥਨੀ ਐਲਬਨੀਜ਼ ਨੇ ਅੱਜ ਇੱਥੇ 'ਸਿੱਖ ਵਾਲੰਟੀਅਰਜ਼ ਆਸਟਰੇਲੀਆ' ਸੰਸਥਾ ਵੱਲੋਂ ਕਰਵਾਏ ਗਏ ਭਾਈਚਾਰਕ ਸਮਾਗਮ 'ਚ ਸ਼ਿਰਕਤ ਕੀਤੀ। ਸ਼ਹਿਰ ਦੇ ਦੱਖਣੀ ਖੇਤਰ ਨੈਰੇ ਵੈਰਨ ਦੇ ਹਾਲ 'ਚ ਕਰਵਾਏ ਗਏ ਸਮਾਗਮ ਦੌਰਾਨ ਪ੍ਰਧਾਨ ਮੰਤਰੀ ਨੇ ਸਿੱਖ ਭਾਈਚਾਰੇ ਨੂੰ ਵਿਸਾਖੀ ਦੀ ਵਧਾਈ ਦਿੱਤੀ।



ਉਕਤ ਸੰਸਥਾ ਬਾਰੇ ਪ੍ਰਧਾਨ ਮੰਤਰੀ ਨੇ ਕਿਹਾ ਕਿ ਨਿਸ਼ਕਾਮ ਸੇਵਾ ਦੇ ਵੱਡੇ ਕਾਰਜਾਂ ਨੇ ਆਸਟਰੇਲੀਆ ਦੀ ਮਹਾਨਤਾ ਨੂੰ ਹੋਰ ਵਡੇਰਾ ਕੀਤਾ ਹੈ। ਕੁਦਰਤੀ ਆਫਤਾਂ ਸਣੇ ਸਮਾਜ ਦੇ ਗਰੀਬ ਤੇ ਲੋੜਵੰਦ ਵਰਗਾਂ 'ਚ ਲੰਗਰ ਸਣੇ ਹੋਰ ਜ਼ਰੂਰੀ ਸੇਵਾਵਾਂ ਮੁਹੱਈਆ ਕਰਦੀ ਇਹ ਸੰਸਥਾ ਇੱਕ ਦਹਾਕੇ ਬਾਅਦ ਵੀ ਉਸੇ ਊਰਜਾ ਨਾਲ ਕੰਮ ਕਰ ਰਹੀ ਹੈ। ਪ੍ਰਧਾਨ ਮੰਤਰੀ ਨੇ ਇਸ ਮੌਕੇ ਵੱਖ ਵੱਖ ਵਿੱਦਿਅਕ ਖੇਤਰਾਂ 'ਚ ਹਿੱਸਾ ਲੈਣ ਵਾਲੇ ਬੱਚਿਆਂ ਦਾ ਸਨਮਾਨ ਵੀ ਕੀਤਾ। ਕੇਸਰੀ ਪੱਗ ਬੰਨ੍ਹ ਕੇ ਇਨ੍ਹਾਂ ਸਮਾਗਮਾਂ 'ਚ ਹਿੱਸਾ ਲੈ ਰਹੇ ਪ੍ਰਧਾਨ ਮੰਤਰੀ ਨੇ ਸਿੱਖ ਭਾਈਚਾਰੇ ਦੇ ਪਰਿਵਾਰਾਂ ਨਾਲ ਗੱਲਬਾਤ ਵੀ ਕੀਤੀ।

## ਕਾਂਗਰਸ ਦਾ ਚੋਣ ਮਨੋਰਥ ਪੱਤਰ

# ਸਿਹਤ ਬੀਮਾ, ਜਾਤੀ ਜਨਗਣਨਾ, 30 ਲੱਖ ਸਰਕਾਰੀ ਨੌਕਰੀਆਂ ਦੇਣ ਦਾ ਵਾਅਦਾ

ਨਵੀਂ ਦਿੱਲੀ- ਕਾਂਗਰਸ ਨੇ ਸ਼ੁੱਕਰਵਾਰ ਨੂੰ ਲੋਕ ਸਭਾ ਚੋਣਾਂ 2024 ਲਈ ਆਪਣਾ ਚੋਣ ਮਨੋਰਥ ਪੱਤਰ ਜਾਰੀ ਕੀਤਾ। ਰਾਸ਼ਟਰੀ ਪ੍ਰਧਾਨ ਮਲਿਕਾਰਜੁਨ ਖੜਗੇ, ਸੋਨੀਆ ਗਾਂਧੀ ਅਤੇ ਰਾਹੁਲ ਗਾਂਧੀ ਨੇ ਦਿੱਲੀ ਸਥਿਤ ਪਾਰਟੀ ਹੈੱਡਕੁਆਰਟਰ ਵਿਖੇ 'ਮੈਨੀਫੈਸਟੋ' ਜਾਰੀ ਕੀਤਾ। ਮੈਨੀਫੈਸਟੋ ਬਾਰੇ ਸਾਬਕਾ ਕੇਂਦਰੀ ਮੰਤਰੀ ਪੀ ਚਿਦੰਬਰਮ ਨੇ ਕਿਹਾ ਕਿ ਇਸ ਵਿਚ ਸਭ ਤੋਂ ਵੱਡੀ ਗੱਲ ਨਿਆਂ ਹੈ। ਪਿਛਲੇ 10 ਸਾਲਾਂ ਵਿਚ ਤੇ ਖਾਸ ਕਰਕੇ ਪਿਛਲੇ 5 ਸਾਲਾਂ ਵਿਚ ਦੇਸ਼ 'ਚ ਬਹੁਤ ਅਨਿਆਂ ਹੋਇਆ ਹੈ। ਮੈਨੀਫੈਸਟੋ ਵਿਚ 30 ਲੱਖ ਸਰਕਾਰੀ ਨੌਕਰੀਆਂ ਦੇਣ ਦਾ ਵੀ ਵਾਅਦਾ ਕੀਤਾ ਗਿਆ ਹੈ।

**ਕਾਂਗਰਸ ਦੇ ਚੋਣ ਮਨੋਰਥ ਪੱਤਰ ਦੀਆਂ ਵੱਡੀਆਂ ਗੱਲਾਂ**

ਕਾਂਗਰਸ ਨੇ ਆਪਣੇ ਚੋਣ ਮਨੋਰਥ ਪੱਤਰ (ਕਾਂਗਰਸ ਮੈਨੀਫੈਸਟੋ 2024) ਵਿਚ ਜੋ ਸਭ ਤੋਂ ਵੱਡਾ ਵਾਅਦਾ ਕੀਤਾ ਹੈ, ਉਹ ਹੈ ਰਿਜ਼ਰਵੇਸ਼ਨ ਸੀਮਾ ਨੂੰ ਖਤਮ ਕਰ ਕੇ ਰਾਖਵਾਂਕਰਨ ਕੋਟਾ ਵਧਾਉਣਾ।

ਪਾਰਟੀ ਨੇ ਔਰਤਾਂ ਲਈ ਦੋ ਵੱਡੇ ਵਾਅਦੇ ਕੀਤੇ ਹਨ। ਪਹਿਲਾਂ ਸਰਕਾਰੀ ਨੌਕਰੀਆਂ ਵਿਚ ਔਰਤਾਂ ਲਈ 50 ਫੀਸਦੀ ਰਾਖਵਾਂਕਰਨ ਤੇ ਗ਼ਰੀਬ ਲੜਕੀਆਂ ਨੂੰ 1 ਲੱਖ ਰੁਪਏ ਸਾਲਾਨਾ ਸਹਾਇਤਾ ਦੇਣ ਦਾ ਵਾਅਦਾ ਕੀਤਾ ਗਿਆ ਹੈ।

ਨੌਜਵਾਨਾਂ ਲਈ ਵੱਡਾ ਵਾਅਦਾ ਕਰਦਿਆਂ ਮੈਨੀਫੈਸਟੋ ਵਿਚ ਕਿਹਾ ਗਿਆ ਹੈ ਕਿ ਸਰਕਾਰ ਉਨ੍ਹਾਂ ਨੂੰ ਗ੍ਰੈਜੂਏਸ਼ਨ ਤੋਂ ਬਾਅਦ ਉਨ੍ਹਾਂ ਨੂੰ ਪਹਿਲੀ ਨੌਕਰੀ ਦਿਵਾਏਗੀ। ਉੱਥੇ ਹੀ ਨੌਜਵਾਨਾਂ ਨੂੰ 30 ਲੱਖ ਸਰਕਾਰੀ ਨੌਕਰੀਆਂ ਦੇਣ ਦਾ ਵਾਅਦਾ ਕੀਤਾ ਗਿਆ ਹੈ।

ਪਾਰਟੀ ਨੇ 10 ਨਿਆਂ ਦਾ ਵਾਅਦਾ ਕੀਤਾ ਹੈ। ਇਸ ਵਿਚ ਹਿੱਸੇਦਾਰੀ ਨਿਆਂ, ਯੁਵਾ ਨਿਆਂ, ਨਾਰੀ ਨਿਆਂ, ਕਿਸਾਨ ਨਿਆਂ, ਮਜ਼ਦੂਰ ਨਿਆਂ, ਸੰਵਿਧਾਨਕ ਨਿਆਂ, ਆਰਥਿਕ ਨਿਆਂ, ਰਾਜ ਨਿਆਂ, ਰੱਖਿਆ ਨਿਆਂ, ਵਾਤਾਵਰਨ ਨਿਆਂ ਸ਼ਾਮਲ ਹਨ।

ਪੱਤਰ ਵਿੱਚ ਘੱਟੋ-ਘੱਟ ਉਜਰਤ 400 ਰੁਪਏ ਕਰਨ ਦਾ ਵਾਅਦਾ ਕੀਤਾ ਗਿਆ ਹੈ।

ਕਾਂਗਰਸ ਨੇ ਕਿਸਾਨਾਂ ਲਈ ਘੱਟੋ-ਘੱਟ ਸਮਰਥਨ ਮੁੱਲ 'ਤੇ ਕਾਨੂੰਨ ਬਣਾਉਣ ਦਾ ਵਾਅਦਾ ਕੀਤਾ ਹੈ।

ਕਾਂਗਰਸ ਨੇ ਸਿਹਤ ਨੂੰ ਲੈ ਕੇ ਵੀ ਵੱਡੀ ਗਾਰੰਟੀ ਦਿੱਤੀ ਹੈ। ਪਾਰਟੀ ਨੇ ਸਾਰੇ ਲੋਕਾਂ ਨੂੰ 25 ਲੱਖ ਰੁਪਏ ਦਾ ਸਿਹਤ ਬੀਮਾ ਦੇਣ ਦੀ ਗੱਲ ਕੀਤੀ ਹੈ।

SC, ST ਅਤੇ OBC ਲਈ ਰਾਖਵੀਆਂ ਅਸਾਮੀਆਂ ਇਕ ਸਾਲ ਵਿਚ ਭਰਨ ਦਾ ਵਾਅਦਾ।

ਗਰੀਬਾਂ ਖ਼ਾਸ ਕਰਕੇ ਐੱਸਸੀ ਤੇ ਐੱਸਟੀ ਵਿਦਿਆਰਥੀਆਂ ਲਈ ਰਿਹਾਇਸ਼ੀ ਸਕੂਲਾਂ ਦਾ ਵੱਡਾ ਨੈਟਵਰਕ ਸਥਾਪਤ ਕੀਤਾ ਜਾਵੇਗਾ ਅਤੇ ਇਸ ਦਾ ਵਿਸਥਾਰ ਹਰ ਬਲਾਕ ਤਕ ਹੋਵੇਗਾ।

ਪਾਰਟੀ ਨੇ ਇਸ ਚੋਣ ਮਨੋਰਥ ਪੱਤਰ ਵਿਚ ਜਾਤੀ ਜਨਗਣਨਾ ਕਰਵਾਉਣ ਦੇ ਆਪਣੇ ਵਾਅਦੇ ਨੂੰ ਮੁੜ ਦੁਹਰਾਇਆ ਹੈ।

**ਮੁਸਲਿਮ ਲੀਗ ਦੇ ਮੈਨੀਫੈਸਟੋ ਵਰਗਾ ਹੈ ਕਾਂਗਰਸ ਦਾ ਚੋਣ ਮਨੋਰਥ ਪੱਤਰ: ਮੋਦੀ**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਕਾਂਗਰਸ 'ਤੇ ਤਿੱਖਾ ਹਮਲਾ ਕਰਦੇ ਹੋਏ ਕਿਹਾ ਕਿ ਉਸ ਵੱਲੋਂ ਹਾਲ ਹੀ ਵਿੱਚ ਜਾਰੀ ਕੀਤੇ ਗਏ ਚੋਣ ਮਨੋਰਥ ਪੱਤਰ ਵਿੱਚ ਤੁਸ਼ਟੀਕਰਨ ਦੀ ਰਾਜਨੀਤੀ ਦੀ ਬਦਬੂ ਆ ਰਹੀ ਹੈ ਅਤੇ ਇਹ ਇਸ ਤਰ੍ਹਾਂ ਹੈ ਮੰਨੋ ਇਸ ਨੂੰ ਮੁਸਲਿਮ ਲੀਗ ਲੈ ਕੇ ਆਈ ਹੈ।

ਬਿਹਾਰ ਦੇ ਨਵਾਦਾ ਜ਼ਿਲ੍ਹੇ ਵਿੱਚ ਇਕ ਚੋਣ ਰੈਲੀ ਨੂੰ ਸੰਬੋਧਨ ਕਰਦੇ ਹੋਏ ਸ੍ਰੀ ਮੋਦੀ ਨੇ ਰਾਜਸਥਾਨ ਵਿੱਚ ਚੋਣ ਪ੍ਰਚਾਰ ਦੌਰਾਨ ਧਾਰਾ 370 ਰੱਦ ਕਰਨ ਦੇ ਸਬੰਧ ਵਿੱਚ ਕੀਤੀ ਗਈ ਟਿੱਪਣੀ ਲਈ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ 'ਤੇ ਨਿਸ਼ਾਨਾ ਸੇਧਿਆ। ਉਨ੍ਹਾਂ ਕਿਹਾ, "ਕਾਂਗਰਸ ਦਾ ਕੌਮੀ ਪ੍ਰਧਾਨ ਕੋਈ ਛੋਟਾ ਅਹੁਦੇ ਨਹੀਂ ਹੈ। ਉਹ ਕਹਿੰਦੇ ਹਨ ਕਿ ਧਾਰਾ 370 ਦਾ ਰਾਜਸਥਾਨ ਤੋਂ ਕੀ ਲੈਣਾ-ਦੇਣਾ ਹੈ। ਇਹ ਟੁੱਕੜੇ-ਟੁੱਕੜੇ ਗੈਂਗ ਦੀ ਮਾਨਸਿਕਤਾ ਹੈ। ਉਨ੍ਹਾਂ ਦੇ ਵਿਚਾਰ ਰਾਜਸਥਾਨ ਅਤੇ ਬਿਹਾਰ ਦੇ ਸੁਰੱਖਿਆ ਕਰਮੀਆਂ ਦਾ ਅਪਮਾਨ ਹਨ, ਜਿਨ੍ਹਾਂ ਨੇ ਜੰਮੂ ਕਸ਼ਮੀਰ ਵਿੱਚ ਅਤਿਵਾਦੀਆਂ ਨਾਲ ਲੜਦੇ ਹੋਏ ਆਪਣੀਆਂ ਜਾਨਾਂ ਦਿੱਤੀਆਂ ਅਤੇ ਉਨ੍ਹਾਂ ਦੀਆਂ ਲਾਸ਼ਾਂ ਤਿਰੰਗੇ ਵਿੱਚ ਲਿਪਟ ਕੇ ਵਾਪਸ ਆਈਆਂ।'

# ਕਿਸੇ ਵੀ ਹਾਲਤ 'ਚ ਨਹੀਂ ਖੁੱਲ੍ਹਣ ਦਿੱਤੇ ਜਾਣਗੇ ਸਾਇਲੋ ਪਲਾਂਟ : ਸੰਯੁਕਤ ਕਿਸਾਨ ਮੋਰਚਾ

ਸੰਯੁਕਤ ਕਿਸਾਨ ਮੋਰਚਾ (ਗੈਰ ਰਾਜਨੀਤਕ) ਵੱਲੋਂ ਸਥਾਨਕ ਟੀ-ਪੁਆਇੰਟ 'ਤੇ ਐਤਵਾਰ ਨੂੰ ਆਪਣੀਆਂ ਮੰਗਾਂ ਨੂੰ ਲੈ ਕੇ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਿ ਮੰਤਰੀ ਅਮਿਤ ਸ਼ਾਹ ਦਾ ਅਰਥੀ ਫੂਕ ਮੁਜਾਹਰਾ ਕੀਤਾ ਅਤੇ ਜਬਰਦਸਤ ਨਾਅਰੇਬਾਜ਼ੀ ਕੀਤੀ। ਸਮਸ਼ੇਰ ਸਿੰਘ ਭੋਜੇਮਾਜਰਾ, ਸ੍ਰੀ ਚਮਕੌਰ ਸਾਹਿਬ: ਸੰਯੁਕਤ ਕਿਸਾਨ ਮੋਰਚਾ (ਗੈਰ ਰਾਜਨੀਤਕ) ਵੱਲੋਂ ਸਥਾਨਕ ਟੀ-ਪੁਆਇੰਟ 'ਤੇ ਐਤਵਾਰ ਨੂੰ ਆਪਣੀਆਂ ਮੰਗਾਂ ਨੂੰ ਲੈ ਕੇ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਿ ਮੰਤਰੀ ਅਮਿਤ ਸ਼ਾਹ ਦਾ ਅਰਥੀ ਫੂਕ ਮੁਜਾਹਰਾ ਕੀਤਾ ਅਤੇ ਜਬਰਦਸਤ ਨਾਅਰੇਬਾਜ਼ੀ ਕੀਤੀ। ਇਸ ਮੌਕੇ ਕਿਸਾਨ ਆਗੂ ਪਰਗਟ ਸਿੰਘ ਰੋਲੂਮਾਜਰਾ, ਜੁਝਾਰ ਸਿੰਘ ਗਧਰਾਮ, ਜਸਪ੍ਰੀਤ ਸਿੰਘ ਜੱਸਾ ਗਧਰਾਮ, ਪਰਗਟ ਸਿੰਘ ਭੰਗੂ ਬਰਸਾਲਪੁਰ ਆਦਿ ਨੇ ਸੰਬੋਧਨ ਕਰਦਿਆਂ ਕਿਹਾ ਕਿ ਅੱਜ ਕਿਸਾਨ ਕੇਂਦਰ ਸਰਕਾਰ ਦੀਆਂ ਕਿਸਾਨ ਮਾਰੂ ਨੀਤੀਆਂ ਦਾ ਜਵਾਬ ਦੇਣ ਲਈ ਪੂਰੀ ਤਰਾਂ ਤਿਆਰ ਹੈ। ਆਗੂਆਂ ਨੇ ਕਿਹਾ ਕਿ ਹਰਿਆਣਾ ਦੀਆਂ ਸਰਹੱਦਾਂ ਤੇ ਕਿਸਾਨਾਂ ਵੱਲੋਂ ਲਗਾਏ ਮੋਰਚੇ ਅਤੇ ਕੀਤੇ ਗਏ ਸੰਘਰਸ ਤੇ ਹਰਿਆਣਾ ਸਰਕਾਰ ਦੇ ਕਿਸਾਨ ਵਿਰੋਧੀ ਦੋਹਰੇ ਚਿਹਰੇ ਵੀ ਸਾਹਮਣੇ ਆਏ ਹਨ। ਇਸ ਮੌਕੇ ਸਮੂਹ ਕਿਸਾਨਾਂ ਵੱਲੋਂ ਕੇਂਦਰ ਅਤੇ ਪੰਜਾਬ ਸਰਕਾਰ ਨੂੰ ਸਖਤ ਸ਼ਬਦਾਂ ਵਿਚ ਚਿਤਾਵਨੀ ਵੀ ਦਿੱਤੀ ਕਿ ਜੇਕਰ ਸੂਬੇ ਅੰਦਰ ਕਾਰਪੋਰੇਟ ਘਰਾਣਿਆ ਨੂੰ ਸਾਈਲੋ ਪਲਾਂਟਾ ਰਾਹੀ ਐਂਟਰੀ ਦਿੱਤੀ ਤਾਂ ਕਿਸਾਨ ਜਥੇਬੰਧੀਆਂ ਤਿੱਖਾ ਸੰਘਰਸ ਦਾ ਰੁੱਖ ਅਖਤਿਆਰ ਕਰਨਗੀਆਂ ਤੇ ਕਿਸੇ ਵੀ ਹਾਲਤ ਵਿਚ ਸਾਇਲੋ ਪਲਾਂਟ ਨਹੀ ਖੁੱਲਣ ਦਿੱਤੇ ਜਾਣਗੇ। ਇਸ ਮੌਕੇ ਸ਼ੇਰ ਸਿੰਘ ਡਹਿਰ, ਗੁਰਦੀਪ ਸਿੰਘ ਰਾਜੀ ਭੱਕੂਮਾਜਰਾ, ਲਖਵੀਰ ਸਿੰਘ ਲੱਖੀ ਹਾਫਿਜਾਬਾਦ, ਪਰਮਿੰਦਰ ਸਿੰਘ ਫਤਿਹਪੁਰ, ਧਰਮਿੰਦਰ ਸਿੰਘ ਹਾਫਿਜਾਬਾਦ, ਦਵਿੰਦਰ ਸਿੰਘ ਰਾਮਗੜ੍ਹ ਹਰਚੰਦ ਸਿੰਘ ਕਜੋਲੀ ਜਗਪਾਲ ਸਿੰਘ ਜੱਗੀ ਖੇੜੀ, ਭੁਪਿੰਦਰ ਸਿੰਘ ਭੋਜੇਮਾਜਰਾ, ਰਾਮਪਾਲ ਸਿੰਘ ਡਹਿਰ, ਸਤਵਿੰਦਰ ਸਿੰਘ ਰੋਲੂਮਾਜਰਾ, ਨਿਮਰਤ ਸਿੰਘ ਭੂਰੜੇ, ਬਹਾਦਰ ਸਿੰਘ ਕਲਾਰਾਂ, ਮਨਵੀਰ ਸਿੰਘ ਰਾਮਗੜ੍ਹ ਸਮੇਤ ਕਈ ਕਿਸਾਨ ਆਗੂ ਹਾਜ਼ਰ ਸਨ।






# ਗਰਮੀਆਂ 'ਚ ਸਭ ਤੋਂ ਬਿਹਤਰੀਨ ਹੈ ਲੱਸੀ

ਅਪ੍ਰੈਲ ਦੇ ਸ਼ੁਰੂ ਹੋਣ ਦੇ ਨਾਲ ਹੀ ਗਰਮੀ ਦੇ ਮੌਸਮ ਦੀ ਸ਼ੁਰੂਆਤ ਹੋ ਗਈ ਹੈ। ਵਧਦੇ ਤਾਪਮਾਨ ਨੇ ਲੋਕਾਂ ਨੂੰ ਪਹਿਲਾਂ ਹੀ ਪਰੇਸ਼ਾਨ ਕਰਨਾ ਸ਼ੁਰੂ ਕਰ ਦਿੱਤਾ ਹੈ। ਕੜਕਦੀ ਗਰਮੀ ਅਤੇ ਕੜਕਦੀ ਧੁੱਪ ਕਾਰਨ ਲੋਕਾਂ ਦੀ ਹਾਲਤ ਤਰਸਯੋਗ ਹੁੰਦੀ ਜਾ ਰਹੀ ਹੈ। ਅਜਿਹੇ 'ਚ ਇਸ ਮੌਸਮ 'ਚ ਖੁਦ ਨੂੰ ਸਿਹਤਮੰਦ ਰੱਖਣ ਲਈ ਆਪਣੀ ਜੀਵਨ ਸ਼ੈਲੀ 'ਚ ਕੁਝ ਬਦਲਾਅ ਕਰਨਾ ਜ਼ਰੂਰੀ ਹੈ।ਗਰਮੀਆਂ 'ਚ ਲੋਕ ਅਕਸਰ ਠੰਢਾ ਰਹਿਣ ਲਈ ਕੋਲਡ ਡਰਿੰਕਸ ਪੀਣਾ ਪਸੰਦ ਕਰਦੇ ਹਨ ਪਰ ਇਹ ਡਰਿੰਕ ਤੁਹਾਡੀ ਸਿਹਤ ਲਈ ਜ਼ਹਿਰ ਤੋਂ ਘੱਟ ਨਹੀਂ ਹਨ। ਇਸ ਕਾਰਨ ਤੁਹਾਨੂੰ ਕਈ ਗੰਭੀਰ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਅਜਿਹੇ 'ਚ ਤੁਸੀਂ ਗਰਮੀਆਂ 'ਚ ਕੋਲਡ ਡ੍ਰਿੰਕਸ ਦੀ



ਬੋਤਲ ਨੂੰ ਇਕ ਗਲਾਸ ਲੱਸੀ ਨਾਲ ਬਦਲ ਸਕਦੇ ਹੋ। ਇਹ ਤੁਹਾਡੀ ਸਿਹਤ ਲਈ ਚੰਗਾ ਹੈ ਅਤੇ ਬਿਨਾਂ ਕਿਸੇ ਮਿਲਾਵਟ ਦੇ ਊਰਜਾ ਦੇਣ ਵਾਲਾ ਡਰਿੰਕ ਹੈ। ਆਓ ਜਾਣਦੇ ਹਾਂ ਗਰਮੀਆਂ ਵਿੱਚ ਮੱਖਣ ਪੀਣ ਦੇ ਕੁਝ ਹੈਰਾਨੀਜਨਕ ਫਾਇਦਿਆਂ ਬਾਰੇ-

**ਹਾਈਡਰੇਟਿਡ ਰੱਖੋ-** ਦਹੀਂ, ਨਮਕ ਅਤੇ ਪਾਣੀ ਤੋਂ ਤਿਆਰ ਕੀਤਾ ਗਿਆ ਮੱਖਣ ਸਰੀਰ ਵਿੱਚ ਇਲੈਕਟ੍ਰੋਲਾਈਟਸ ਅਤੇ ਤਰਲ ਪਦਾਰਥਾਂ ਦੇ ਪੱਧਰ ਨੂੰ ਸੰਤੁਲਿਤ ਕਰਦਾ ਹੈ। ਇਸ ਕਾਰਨ ਕਰਕੇ, ਗਰਮੀਆਂ ਵਿੱਚ ਇਸਨੂੰ ਪੀਣ ਨਾਲ ਤੁਹਾਨੂੰ ਆਪਣੇ ਆਪ ਨੂੰ ਹਾਈਡਰੇਟ ਰੱਖਣ ਵਿੱਚ ਮਦਦ ਮਿਲਦੀ ਹੈ ਅਤੇ ਜਦੋਂ ਤੁਸੀਂ ਡੀਹਾਈਡ੍ਰੇਟ ਅਤੇ ਥਕਾਵਟ ਮਹਿਸੂਸ ਕਰ ਰਹੇ ਹੋ, ਤਾਂ ਇੱਕ ਗਲਾਸ ਮੱਖਣ ਤੁਹਾਨੂੰ ਊਰਜਾ ਦਿੰਦਾ ਹੈ।

**ਸਰੀਰ ਨੂੰ ਠੰਢਾ ਰੱਖੋ-** ਸੋਡੇ ਵਾਲੇ ਕੋਲਡ ਡਰਿੰਕਸ ਤੁਹਾਨੂੰ ਗਰਮੀ ਤੋਂ ਅਸਥਾਈ ਤੌਰ 'ਤੇ ਰਾਹਤ ਦਿੰਦੇ ਹਨ, ਪਰ ਪੌਸ਼ਟਿਕ ਤੱਤਾਂ ਨਾਲ ਭਰਪੂਰ ਮੱਖਣ ਸਰੀਰ ਨੂੰ ਅੰਦਰੋਂ ਠੰਢਾ ਕਰ ਦਿੰਦਾ ਹੈ। ਮੱਖਣ ਵਿੱਚ ਮੌਜੂਦ ਠੰਢਕ ਪ੍ਰਭਾਵ ਸਰੀਰ ਦੇ ਤਾਪਮਾਨ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਘਟਾ ਸਕਦਾ ਹੈ। ਇਹ ਮੀਨੋਪੌਜ਼ ਦੌਰਾਨ ਔਰਤਾਂ ਨੂੰ ਗਰਮ ਫਲੈਸ਼ਾਂ ਨਾਲ ਨਜਿੱਠਣ ਵਿੱਚ ਵੀ ਮਦਦ ਕਰਦਾ ਹੈ।

**ਕਬਜ਼ ਤੋਂ ਰਾਹਤ ਪ੍ਰਦਾਨ ਕਰਦਾ ਹੈ-** ਜੇਕਰ ਤੁਸੀਂ ਕਬਜ਼ ਵਰਗੀਆਂ ਪਾਚਨ ਸੰਬੰਧੀ ਸਮੱਸਿਆਵਾਂ ਤੋਂ ਪਰੇਸ਼ਾਨ ਹੋ ਤਾਂ ਰੋਜ਼ ਸਵੇਰੇ ਖਾਲੀ ਪੇਟ ਲੱਸੀ ਪੀਣ ਨਾਲ ਤੁਹਾਨੂੰ ਕਬਜ਼ ਤੋਂ ਰਾਹਤ ਮਿਲੇਗੀ। ਇਹ ਤੁਹਾਡੇ ਪੇਟ ਨੂੰ ਬਿਮਾਰੀਆਂ ਤੋਂ ਬਚਾਉਂਦਾ ਹੈ ਅਤੇ ਫੁੱਲਣ ਦੀ ਸਮੱਸਿਆ ਤੋਂ ਵੀ ਛੁਟਕਾਰਾ ਪਾਉਂਦਾ ਹੈ।

**ਅੰਤੜੀਆਂ ਦੀ ਸਿਹਤ ਲਈ ਫਾਇਦੇਮੰਦ-** ਦਹੀਂ ਵਿੱਚ ਸ਼ਾਨਦਾਰ ਪ੍ਰੋਬਾਇਓਟਿਕ ਗੁਣ ਹੁੰਦੇ ਹਨ ਅਤੇ ਕਿਉਂਕਿ ਲੱਸੀ ਇੱਕ ਦਹੀ-ਅਧਾਰਤ ਡਰਿੰਕ ਹੈ, ਇਹ ਪਾਚਨ ਪ੍ਰਣਾਲੀ ਵਿੱਚ ਚੰਗੇ ਬੈਕਟੀਰੀਆ ਦੇ ਉਤਪਾਦਨ ਨੂੰ ਵਧਾਉਣ ਵਿੱਚ ਮਦਦ ਕਰਦਾ ਹੈ। ਇੱਕ ਸਿਹਤਮੰਦ ਪਾਚਨ ਪ੍ਰਣਾਲੀ ਤੁਹਾਨੂੰ ਸਿਹਤਮੰਦ ਰਹਿਣ ਵਿੱਚ ਮਦਦ ਕਰਦੀ ਹੈ।

**ਭਾਰ ਘਟਾਉਣ ਵਿੱਚ ਮਦਦਗਾਰ-** ਆਮ ਤੌਰ 'ਤੇ, ਲੋਕ ਭਾਰ ਘਟਾਉਣ ਲਈ ਡੇਅਰੀ ਉਤਪਾਦਾਂ ਦੀ ਵਰਤੋਂ ਕਰਨ ਤੋਂ ਪਰਹੇਜ਼ ਕਰਦੇ ਹਨ। ਹਾਲਾਂਕਿ, ਇਹ ਧਾਰਨਾ ਗਲਤ ਹੈ। ਜੇਕਰ ਤੁਸੀਂ ਭਾਰ ਘਟਾਉਣਾ ਚਾਹੁੰਦੇ ਹੋ, ਤਾਂ ਤੁਸੀਂ ਆਪਣੀ ਖੁਰਾਕ ਵਿੱਚ ਲੱਸੀ ਨੂੰ ਸ਼ਾਮਲ ਕਰ ਸਕਦੇ ਹੋ। ਮੱਖਣ ਵਿੱਚ ਚਰਬੀ ਤੋਂ ਬਿਨਾਂ ਦੁੱਧ ਵਿੱਚ ਮੌਜੂਦ ਸਾਰੇ ਪੋਸ਼ਕ ਤੱਤ ਹੁੰਦੇ ਹਨ। ਇੱਕ ਗਲਾਸ ਲੱਸੀ ਪੀਣ ਨਾਲ ਤੁਹਾਡਾ ਪੇਟ ਲੰਬੇ ਸਮੇਂ ਤੱਕ ਭਰਿਆ ਰਹਿੰਦਾ ਹੈ, ਜੋ ਤੁਹਾਨੂੰ ਜ਼ਿਆਦਾ ਖਾਣ ਤੋਂ ਰੋਕਦਾ ਹੈ।

# ਸਿਰਦਰਦ ਅਤੇ ਚੱਕਰ ਆਉਂਦੇ ਨੇ ਤਾਂ ਹੋ ਸਕਦੀ ਹੈ ਨਰਵਸ ਸਿਸਟਮ ਦੀ ਸਮੱਸਿਆ

ਅੱਜਕੱਲ੍ਹ ਅਨਿਯਮਤ ਰੁਟੀਨ ਤੇ ਭੱਜਦੌੜ ਭਰੀ ਜ਼ਿੰਦਗੀ ਕਾਰਨ ਜ਼ਿਆਦਾਤਰ ਲੋਕ ਛੋਟੀ ਉਮਰੇ ਹੀ ਗੰਭੀਰ ਬਿਮਾਰੀਆਂ ਦਾ ਸ਼ਿਕਾਰ ਹੋ ਜਾਂਦੇ ਹਨ। ਕਈ ਵਾਰ ਲੋਕ ਸ਼ੁਰੂਆਤੀ ਲੱਛਣਾਂ ਨੂੰ ਨਜ਼ਰਅੰਦਾਜ਼ ਕਰ ਦਿੰਦੇ ਹਨ ਤੇ ਉਨ੍ਹਾਂ ਨੂੰ ਗੰਭੀਰਤਾ ਨਾਲ ਨਹੀਂ ਲੈਂਦੇ। ਅਜਿਹੀ ਸਥਿਤੀ 'ਚ ਜੇਕਰ ਦਿਮਾਗੀ ਪ੍ਰਣਾਲੀ ਨਾਲ ਜੁੜੀ ਕੋਈ ਸਮੱਸਿਆ ਹੈ ਤਾਂ ਸਰੀਰ ਕੁਝ ਸ਼ੁਰੂਆਤੀ ਸੰਕੇਤ ਦਿੰਦਾ ਹੈ ਜਿਸ ਦੇ ਜ਼ਰੀਏ ਅਸੀਂ ਸਮਝ ਸਕਦੇ ਹਾਂ ਕਿ ਕੋਈ ਨਿਊਰੋਲੌਜੀਕਲ ਸਮੱਸਿਆ ਹੈ ਜਾਂ ਨਹੀਂ। ਬਾਬੂ ਈਸ਼ਵਰ ਸ਼ਰਨ ਹੌਸਪਟਿਲ ਦੇ ਸੀਨੀਅਰ ਫਿਜੀਸ਼ੀਅਨ ਡਾ। ਸਮੀਰ ਇਸ ਬਾਰੇ ਵਿਸਥਾਰ ਨਾਲ ਜਾਣਕਾਰੀ ਦੇ ਰਹੇ ਹਨ।



**ਅਚਾਨਕ ਸਿਰਦਰਦ ਹੋਣਾ-** ਡਾਕਟਰ ਸਮੀਰ ਮੁਤਾਬਕ ਨਰਵਸ ਸਿਸਟਮ ਦੀ ਖਰਾਬੀ ਦਾ ਪਹਿਲਾ ਲੱਛਣ ਵਾਰ-ਵਾਰ ਸਿਰਦਰਦ ਹੋਣਾ ਹੈ। ਅਜਿਹੇ ਲੋਕਾਂ 'ਚ ਸਿਰਦਰਦ ਆਮ ਹੁੰਦਾ ਹੈ ਤੇ ਚੱਕਰ ਆਉਣ ਦੇ ਨਾਲ-ਨਾਲ ਬੇਹੋਸ਼ੀ ਵੀ ਹੋ ਸਕਦੀ ਹੈ। ਚੰਗੀ ਨੀਂਦ ਲੈਣ ਤੇ ਭੋਜਨ ਖਾਣ ਤੋਂ ਬਾਅਦ ਵੀ ਥਕਾਵਟ ਮਹਿਸੂਸ ਹੁੰਦੀ ਹੈ।

**ਅੱਖਾਂ ਅੱਗੇ ਹਨੇਰਾ ਆਉਣਾ-** ਨਿਊਰੋਲੋਜੀਕਲ ਸਮੱਸਿਆ ਕਾਰਨ ਮਰੀਜ਼ ਦੀਆਂ ਅੱਖਾਂ ਸਾਹਮਣੇ ਹਨੇਰਾ ਆ ਜਾਂਦਾ ਹੈ ਤੇ ਹੀਟ ਸਟ੍ਰੋਕ ਵਰਗੇ ਲੱਛਣ ਨਜ਼ਰ ਆਉਂਦੇ ਹਨ। ਇਸ ਸਮੱਸਿਆ ਨੂੰ ਵਿਜ਼ੂਅਲ ਬਲੈਕ ਆਊਟ ਤੇ ਵਿਜ਼ੂਅਲ ਡਿਸਟਰਬੈਂਸ ਵੀ ਕਿਹਾ ਜਾਂਦਾ ਹੈ। ਜੇਕਰ ਇਹ ਲੱਛਣ ਦਿਖਾਈ ਦੇਣ ਤਾਂ ਤੁਰੰਤ ਡਾਕਟਰ ਦੀ ਸਲਾਹ ਲੈਣੀ ਚਾਹੀਦੀ ਹੈ।

**ਕੁਝ ਲੋਕਾਂ 'ਚ ਆਤਮਹੱਤਿਆ ਦੀ ਭਾਵਨਾ-** ਕ੍ਰੋਨਿਕ ਨਿਊਰੋਲੌਜਿਕਲ ਕੰਡੀਸ਼ਨ ਦੇ ਮਾਮਲੇ 'ਚ ਕੁਝ ਲੋਕਾਂ 'ਚ ਆਤਮਹੱਤਿਆ ਦੀ ਭਾਵਨਾ ਵੀ ਪੈਦਾ ਹੋ ਸਕਦੀ ਹੈ। ਅਜਿਹੀ ਸਥਿਤੀ ਕਾਫੀ ਜ਼ਿਆਦਾ ਗੰਭੀਰ ਹੁੰਦੀ ਹੈ ਤਾਂ ਤੁਰੰਤ ਇਲਾਜ ਸ਼ੁਰੂ ਕਰ ਦੇਣਾ ਚਾਹੀਦਾ ਹੈ।

**ਨਿਊਰੋਲੌਜੀਕਲ ਸਮੱਸਿਆਵਾਂ ਤੋਂ ਇੰਝ ਕਰੋ ਬਚਾਅ-** ਰੋਜ਼ਾਨਾ ਕਸਰਤ ਤੇ ਯੋਗ ਕਰਨ ਨਾਲ ਕ੍ਰੋਨਿਕ ਨਿਊਰੋਲੌਜਿਕਲ ਕੰਡੀਸ਼ਨ ਸਬੰਧੀ ਸਥਿਤੀਆਂ ਨੂੰ ਘਟਾਉਣ 'ਚ ਮਦਦ ਮਿਲ ਸਕਦੀ ਹੈ। ਇਸ ਤੋਂ ਇਲਾਵਾ ਸਿਹਤਮੰਦ ਖੁਰਾਕ ਲੈਣੀ ਚਾਹੀਦੀ ਹੈ। ਬਹੁਤ ਜ਼ਿਆਦਾ ਚਰਬੀ ਵਾਲਾ ਭੋਜਨ ਖਾਣ ਤੋਂ ਪਰਹੇਜ਼ ਕਰਨਾ ਚਾਹੀਦਾ ਹੈ। ਜੇਕਰ ਤੁਸੀਂ ਹਰ ਰੋਜ਼ ਘੱਟੋ-ਘੱਟ 30 ਮਿੰਟ ਮੈਡੀਟੇਸ਼ਨ ਕਰਦੇ ਹੋ, ਤਾਂ ਇਹ ਬਹੁਤ ਲਾਭਦਾਇਕ ਹੈ।

# ਗਰਮੀਆਂ 'ਚ ਸਰੀਰ ਨੂੰ ਠੰਢਾ ਰੱਖਦੈ ਸੌਂਫ ਦਾ ਸ਼ਰਬਤ

ਗਰਮੀਆਂ 'ਚ ਡੀਹਾਈਡ੍ਰੇਸ਼ਨ, ਹੀਟ ਸਟ੍ਰੋਕ, ਡਾਇਰੀਆ, ਟਾਈਫਾਈਡ ਵਰਗੀਆਂ ਸਮੱਸਿਆਵਾਂ ਆਮ ਹੁੰਦੀਆਂ ਹਨ ਪਰ ਇਨ੍ਹਾਂ ਦਾ ਸਰੀਰ 'ਤੇ ਬਹੁਤ ਗੰਭੀਰ ਅਤੇ ਲੰਬੇ ਸਮੇਂ ਤੱਕ ਪ੍ਰਭਾਵ ਪੈਂਦਾ ਹੈ। ਇਸ ਲਈ ਮਾਹਿਰ ਗਰਮੀਆਂ ਦੇ ਮੌਸਮ ਵਿੱਚ ਕੁਝ ਖਾਸ ਸਾਵਧਾਨੀਆਂ ਵਰਤਣ ਦੀ ਸਲਾਹ ਦਿੰਦੇ ਹਨ। ਜਿਸ ਵਿਚ ਬਾਹਰ ਜਾਣ ਤੋਂ ਪਹਿਲਾਂ ਸਰੀਰ ਨੂੰ ਚੰਗੀ ਤਰ੍ਹਾਂ ਢੱਕਣ, ਸਨਸਕ੍ਰੀਨ ਲਗਾਉਣ, ਲੋੜੀਂਦੀ ਮਾਤਰਾ ਵਿਚ ਪਾਣੀ ਪੀਣਾ ਅਤੇ ਸਰੀਰ ਨੂੰ ਠੰਢਾ ਰੱਖਣ ਵਰਗੀਆਂ ਸਲਾਹਾਂ ਸ਼ਾਮਲ ਹਨ, ਪਰ ਜੇਕਰ ਤੁਸੀਂ ਸਰੀਰ ਨੂੰ ਠੰਢਾ ਰੱਖਣ ਲਈ ਠੰਢਾ ਪਾਣੀ ਪੀਂਦੇ ਹੋ, ਤਾਂ ਇਹ ਬਿਲਕੁਲ ਵੀ ਠੀਕ ਨਹੀਂ ਹੈ, ਕਿਉਂਕਿ ਅਜਿਹੀਆਂ ਸਮੱਸਿਆਵਾਂ ਹਨ। ਬੁਖਾਰ, ਜ਼ੁਕਾਮ ਅਤੇ ਖੰਘ ਗਰਮੀ ਅਤੇ ਠੰਢ ਦੇ ਕਾਰਨ ਪਰੇਸ਼ਾਨੀ ਦਾ ਕਾਰਨ ਬਣ ਸਕਦੀ ਹੈ। ਇਸ ਦੀ ਬਜਾਏ, ਨਿੰਬੂ ਪਾਣੀ, ਸ਼ਿਕੰਜੀ, ਸ਼ਰਬਤ, ਸੱਤੂ, ਗੰਨੇ ਦਾ ਰਸ ਵਰਗੇ ਵਿਕਲਪ ਚੁਣੋ। ਜਿਸ ਨਾਲ ਸਰੀਰ ਨੂੰ ਦੋਹਰਾ ਲਾਭ ਮਿਲਦਾ ਹੈ। ਅੱਜ ਅਸੀਂ ਤੁਹਾਡੇ ਲਈ ਸ਼ਰਬਤ ਲੈ ਕੇ ਆਏ ਹਾਂ, ਜੋ ਕਿ ਗਰ-ਮੀਆਂ ਲਈ ਸਭ ਤੋਂ ਵਧੀਆ ਡਰਿੰਕ ਹੈ ਅਤੇ ਇਹ ਸਰੀਰ ਨੂੰ ਕਈ ਫ਼ਾਇਦੇ ਪਹੁੰਚਾਉਂਦਾ ਹੈ। ਇਹ ਸੌਂਫ ਦਾ ਸ਼ਰਬਤ ਹੈ। ਜਾਣੋ ਇਸ ਨੂੰ ਬਣਾਉਣ ਦਾ ਆਸਾਨ ਤਰੀਕਾ।



**ਸੌਂਫ ਦਾ ਸਰਬਤ ਬਣਾਉਣ ਦੀ ਰੈਸਿਪੀ**

ਸਮੱਗਰੀ- 2 ਚਮਚ ਨਿੰਬੂ, 1/2 ਕੱਪ ਸੌਂਫ, 3 ਤੋਂ 4 ਪੁਦੀਨੇ ਦੇ ਪੱਤੇ, ਖੰਡ ਸਵਾਦ ਅਨੁਸਾਰ, ਕਾਲਾ ਨਮਕ ਸਵਾਦ ਅਨੁਸਾਰ।

**ਇਸ ਤਰ੍ਹਾਂ ਬਣਾਓ ਸੌਂਫ ਦਾ ਸ਼ਰਬਤ**


* ਸੌਂਫ ਦਾ ਸ਼ਰਬਤ ਬਣਾਉਣ ਲਈ, ਸਭ ਤੋਂ ਪਹਿਲਾਂ ਸੌਂਫ ਨੂੰ ਧੋ ਲਓ।
* ਫਿਰ ਇਸ ਨੂੰ ਦੋ ਤੋਂ ਤਿੰਨ ਘੰਟੇ ਲਈ ਪਾਣੀ 'ਚ ਭਿਓ ਦਿਓ।
* ਦੋ ਤੋਂ ਤਿੰਨ ਘੰਟੇ ਬਾਅਦ ਇਸ ਨੂੰ ਮਿਕਸਰ 'ਚ ਪੀਸ ਲਓ। ਬਾਕੀ ਸਮੱਗਰੀ ਨੂੰ ਵੀ ਪੀਸ ਲਓ। ਬਰੀਕ ਪਾਊਡਰ ਬਣਾ ਲਓ।
* ਹੁਣ ਇਕ ਗਲਾਸ ਵਿਚ ਪਾਣੀ ਲਓ, ਇਸ ਵਿਚ ਇਸ ਪੇਸਟ ਨੂੰ ਮਿਲਾਓ। ਉੱਪਰ ਨਿੰਬੂ ਦਾ ਰਸ ਪਾਓ।
* ਤਿਆਰ ਹੋ ਗਿਆ ਗਰਮੀਆਂ ਦਾ ਹੈਲਦੀ ਡਰਿੰਕ ਸੌਂਫ ਦਾ ਸ਼ਰਬਤ।

**ਸੌਂਫ ਦੀ ਸ਼ਰਬਤ ਦੇ ਫ਼ਾਇਦੇ**

* ਸੌਂਫ ਦੀ ਤਾਸੀਰ ਠੰਡੀ ਹੁੰਦੀ ਹੈ, ਜਿਸ ਕਾਰਨ ਇਸ ਨੂੰ ਪੀਣ ਨਾਲ ਸਰੀਰ ਠੰਡਾ ਰਹਿੰਦਾ ਹੈ।
* ਸੌਂਫ ਵਿੱਚ ਕਈ ਤਰ੍ਹਾਂ ਦੇ ਵਿਟਾਮਿਨ ਅਤੇ ਐਂਟੀਆਕਸੀਡੈਂਟ ਹੁੰਦੇ ਹਨ, ਜੋ ਸਾਡੇ ਸਰੀਰ ਦੇ ਕਈ ਕਾਰਜਾਂ ਲਈ ਜ਼ਰੂਰੀ ਹੁੰਦੇ ਹਨ।
* ਇਸ ਨੂੰ ਪੀਣ ਨਾਲ ਡੀਹਾਈਡ੍ਰੇਸ਼ਨ ਦੀ ਸਮੱਸਿਆ ਤੋਂ ਵੀ ਬਚਿਆ ਜਾ ਸਕਦਾ ਹੈ।

# ਹਰ ਕਿਸੇ ਨੂੰ ਖੁਸ਼ ਰੱਖਣ ਦੀ ਆਦਤ ਪੈ ਸਕਦੀ ਹੈ ਮਹਿੰਗੀ

ਲੋਕਾਂ ਨੂੰ ਖੁਸ਼ ਕਰਨ ਦਾ ਮਤਲਬ ਹੈ ਉਹ ਵਿਅਕਤੀ ਜੋ ਦੂਜਿਆਂ ਨੂੰ ਖੁਸ਼ ਕਰਨ ਵਿੱਚ ਰੁੱਝਿਆ ਹੋਇਆ ਹੈ। ਉਹ ਖੁਦ ਇਸ ਆਦਤ ਤੋਂ ਪ੍ਰੇਸ਼ਾਨ ਹੈ, ਪਰ ਇਸ ਨੂੰ ਛੱਡਣ ਤੋਂ ਅਸਮਰੱਥ ਹੈ। ਅਜਿਹੇ ਲੋਕ ਤੁਹਾਨੂੰ ਘਰ, ਆਂਢ-ਗੁਆਂਢ ਅਤੇ ਦਫਤਰ ਹਰ ਜਗ੍ਹਾ ਮਿਲ ਜਾਣਗੇ। ਭਾਵੇਂ ਲੋਕਾਂ ਨੂੰ ਖੁਸ਼ ਕਰਨ ਦਾ ਮਕਸਦ ਦੂਜਿਆਂ ਨੂੰ ਦੁੱਖ ਪਹੁੰਚਾਉਣਾ ਨਹੀਂ ਹੁੰਦਾ, ਪਰ ਕਈ ਵਾਰ ਇਸ ਦੇ ਪਿੱਛੇ ਆਪਣਾ ਸਵਾਰਥ ਵੀ ਛੁਪਿਆ ਹੁੰਦਾ ਹੈ। ਬਚਪਨ ਦੀ ਕੋਈ ਘਟਨਾ, ਭਾਵਨਾਤਮਕ ਠੇਸ, ਚੀਜ਼ਾਂ ਜਲਦੀ ਪ੍ਰਾਪਤ ਕਰਨ ਦੀ ਜ਼ਿੱਦ ਵਰਗੀਆਂ ਕਈ ਚੀਜ਼ਾਂ ਇਸ ਲਈ ਜ਼ਿੰਮੇਵਾਰ ਹੋ ਸਕਦੀਆਂ ਹਨ। ਖੈਰ, ਕਾਰਨ ਜੋ ਵੀ ਹੋਵੇ, ਇਸ ਆਦਤ ਨਾਲ ਤੁਸੀਂ ਦੂਜਿਆਂ ਨੂੰ ਖੁਸ਼ ਕਰਦੇ ਹੋ, ਪਰ ਖੁਦ ਬਹੁਤ ਪਰੇਸ਼ਾਨ ਰਹਿੰਦੇ ਹੋ।



ਇਸ ਕਾਰਨ ਪੈਦਾ ਹੋਣ ਵਾਲਾ ਤਣਾਅ ਅਤੇ ਗੁੱਸਾ ਤੁਹਾਨੂੰ ਮਾਨਸਿਕ ਤੌਰ 'ਤੇ ਬਿਮਾਰ ਵੀ ਬਣਾ ਸਕਦਾ ਹੈ, ਜੋ ਕਿ ਇੱਕ ਵੱਡੀ ਸਮੱਸਿਆ ਹੈ। ਜੇ ਤੁਸੀਂ ਆਪਣੀ ਇਸ ਆਦਤ ਤੋਂ ਪਰੇਸ਼ਾਨ ਹੋ ਅਤੇ ਇਸ ਤੋਂ ਬਾਹਰ ਨਿਕਲਣਾ ਚਾਹੁੰਦੇ ਹੋ ਤਾਂ ਇੱਥੇ ਦੱਸੇ ਗਏ ਉਪਾਅ ਤੁਹਾਡੀ ਮਦਦ ਕਰ ਸਕਦੇ ਹਨ।

**ਨਾਂਹ ਕਹਿਣਾ ਸਿੱਖੋ**

ਲੋਕਾਂ ਨੂੰ ਖੁਸ਼ ਕਰਨ ਵਾਲੇ ਦੂਜਿਆਂ ਨੂੰ ਬੁਰਾ ਨਾ ਲੱਗਣ ਦੇਣ ਲਈ ਨਾਂਹ ਕਹਿਣ ਵਿਚ ਬਹੁਤ ਝਿਜਕਦੇ ਹਨ, ਪਰ ਤੁਹਾਨੂੰ ਨਾਂਹ ਕਹਿਣਾ ਸਿੱਖਣਾ ਪਵੇਗਾ, ਤਾਂ ਹੀ ਤੁਸੀਂ ਇਸ ਆਦਤ ਤੋਂ ਬਾਹਰ ਨਿਕਲ ਸਕੋਗੇ। ਬਿਨਾਂ ਸ਼ੱਕ ਇਹ ਮੁਸ਼ਕਲ ਹੋ ਸਕਦਾ ਹੈ ਪਰ ਤੁਹਾਨੂੰ ਆਪਣੀ ਮਾਨਸਿਕ ਸਿਹਤ ਬਾਰੇ ਸੋਚਣਾ ਪਵੇਗਾ। ਜਿਸ ਦੀ ਸ਼ੁਰੂਆਤ ਇਸ ਗੱਲ ਤੋਂ ਕਰਨੀ ਪਵੇਗੀ।

**ਆਪਣੀਆਂ ਤਰਜੀਹਾਂ ਨੂੰ ਸਮਝੋ**

ਦੂਜਿਆਂ ਤੋਂ ਪਹਿਲਾਂ ਆਪਣੇ ਬਾਰੇ ਸੋਚੋ। ਇਸ ਅਗਿਆਨਤਾ ਕਾਰਨ ਤੁਹਾਨੂੰ ਪਤਾ ਵੀ ਨਹੀਂ ਲੱਗਦਾ ਕਿ ਤੁਸੀਂ ਕਦੋਂ ਲੋਕ ਪ੍ਰਸੰਨ ਹੋ ਜਾਂਦੇ ਹੋ। ਆਪਣੀਆਂ ਲੋੜਾਂ, ਉਦੇਸ਼ਾਂ ਅਤੇ ਤੰਦਰੁਸਤੀ ਨੂੰ ਪਹਿਲ 'ਤੇ ਰੱਖੋ। ਇਸ ਦਾ ਇਹ ਮਤਲਬ ਬਿਲਕੁਲ ਨਹੀਂ ਕਿ ਤੁਸੀਂ ਸੁਆਰਥੀ ਹੋ, ਪਰ ਆਪਣੇ ਆਪ ਨੂੰ ਮਾਨਸਿਕ ਅਤੇ ਸਰੀਰਕ ਤੌਰ 'ਤੇ ਮਜ਼ਬੂਤ ਰੱਖ ਕੇ ਤੁਸੀਂ ਦੂਜਿਆਂ ਦੀ ਬਿਹਤਰ ਤਰੀਕੇ ਨਾਲ ਮਦਦ ਕਰ ਸਕਦੇ ਹੋ।

**ਸੀਮਾਵਾਂ ਨਿਰਧਾਰਿਤ ਕਰੋ**

ਜੇਕਰ ਤੁਸੀਂ ਦੂਸਰਿਆਂ ਨੂੰ ਖੁਸ਼ ਕਰਨ ਲਈ ਅੰਦਰੋਂ ਗੁੱਸੇ ਹੋ ਰਹੇ ਹੋ ਅਤੇ ਉਹ ਕੰਮ ਨਾ ਚਾਹੁੰਦੇ ਹੋਏ ਵੀ ਕਰ ਰਹੇ ਹੋ, ਤਾਂ ਤੁਸੀਂ ਸਿਰਫ ਆਪਣਾ ਹੀ ਨੁਕਸਾਨ ਕਰ ਰਹੇ ਹੋ, ਤਾਂ ਇਸਦਾ ਹੱਲ ਹੈ ਆਪਣੀ ਸੀਮਾ ਤੈਅ ਕਰਨਾ। ਆਪਣੀ ਸਮਰੱਥਾ ਤੋਂ ਵੱਧ ਕੁਝ ਵੀ ਨਾ ਕਰੋ ਜਿਸ ਨਾਲ ਤੁਹਾਨੂੰ ਦਰਦ ਹੋਵੇ।

**ਹਰ ਕਿਸੇ ਨੂੰ ਖੁਸ਼ ਰੱਖਣਾ ਸੰਭਵ ਨਹੀਂ ਹੁੰਦਾ**

ਇਸ ਨੂੰ ਸਮਝ ਲਓ। ਤੁਹਾਡੀਆਂ ਅਤੇ ਦੂਜੇ ਵਿਅਕਤੀ ਦੀਆਂ ਲੋੜਾਂ ਵੱਖਰੀਆਂ ਹੋ ਸਕਦੀਆਂ ਹਨ, ਜੇਕਰ ਤੁਸੀਂ ਆਪਣੀਆਂ ਭਾਵਨਾਵਾਂ ਨੂੰ ਨਜ਼ਰਅੰਦਾਜ਼ ਕਰਦੇ ਹੋ ਅਤੇ ਦੂਜੇ ਵਿਅਕਤੀ ਨੂੰ ਪਹਿਲ ਦੇ ਆਧਾਰ 'ਤੇ ਰੱਖਦੇ ਹੋ, ਤਾਂ ਇਹ ਉਸਨੂੰ ਖੁਸ਼ ਕਰ ਸਕਦਾ ਹੈ, ਪਰ ਜੇਕਰ ਤੁਸੀਂ ਉਦਾਸ ਹੋ, ਤਾਂ ਇਸਦਾ ਕੋਈ ਮਤਲਬ ਨਹੀਂ ਹੈ। ਅੰਤ ਵਿੱਚ ਤੁਸੀਂ ਆਪਣੀ ਖੁਸ਼ੀ ਨਾਲ ਸਮਝੌਤਾ ਕਰ ਰਹੇ ਹੋ। ਸਵੈ ਦੇਖਭਾਲ ਸਭ ਤੋਂ ਮਹੱਤਵਪੂਰਨ ਹੈ।

# ਮੁਨਾਫ਼ਾ, ਮੰਡੀ ਅਤੇ ਸਮਾਜਿਕ ਸਰੋਕਾਰ




ਅਰੁਣ ਮੈਰਾ

ਸਮਾਜਿਕ ਸਮੱਸਿਆਵਾਂ ਸਣੇ ਲਗਭੱਗ ਸਾਰੀਆਂ ਗੁੰਝਲਦਾਰ ਮੁਸ਼ਕਿਲਾਂ ਦਾ ਹੱਲ ਅਰਥ ਸ਼ਾਸਤਰੀ ਬਾਜ਼ਾਰ ਜਾਂ ਮੰਡੀ 'ਤੇ ਛੱਡ ਰਹੇ ਹਨ। ਅਰਥ ਸ਼ਾਸਤਰੀਆਂ ਦਾ ਮੰਡੀਆਂ ਦਾ ਆਪਣਾ ਸਿਧਾਂਤ ਹੈ। ਉਨ੍ਹਾਂ ਦਾ ਮਤਲਬ ਹੈ ਪੂੰਜੀਵਾਦੀ ਮੰਡੀਆਂ ਲਈ ਆਜ਼ਾਦੀ, ਜਿੱਥੇ ਕੀਮਤ ਦਾ ਮਾਪ ਪੈਸਾ ਹੈ, ਜਿੱਥੇ ਕੋਈ ਵੀ ਮੁਨਾਫ਼ਾ ਕਮਾਉਣ ਵਾਲਾ ਪੈਸੇ ਨੂੰ ਪੂੰਜੀ ਵਜੋਂ ਜਮ੍ਹਾਂ ਕਰ ਸਕਦਾ ਹੈ ਤੇ ਪੂੰਜੀ ਦਾ ਮਾਲਕ ਆਪਣੀ ਮਰਜ਼ੀ ਮੁਤਾਬਿਕ ਇਸ ਨੂੰ ਵਰਤ ਸਕਦਾ ਹੈ। ਇਸ ਪੂੰਜੀ ਰਾਹੀਂ ਹੋਰ ਪੂੰਜੀ ਇਕੱਠੀ ਕਰਨ ਦਾ ਵੀ ਉਸ ਨੂੰ ਹੱਕ ਹੈ।

ਬਾਜ਼ਾਰ ਦਾ ਕੀ ਹਾਲ ਹੈ? ਪੂੰਜੀਵਾਦੀ ਦਾਇਰੇ 'ਚ ਇਸ ਸਵਾਲ ਦਾ ਜਵਾਬ ਹੋਵੇਗਾ ਕਿ ਲੰਘੀ ਰਾਤ ਡਾਓ ਜੋਨਸ, ਨੈਸਡੈਕ ਤੇ ਸੈਂਸੈਕਸ ਦੀ ਕਾਰਗੁਜ਼ਾਰੀ ਕਿਵੇਂ ਰਹੀ। ਭਾਰਤ ਵਿੱਚ ਅੱਸੀਵਿਆਂ 'ਚ ਬਾਜ਼ਾਰ ਦਾ ਦਾਇਰਾ ਬਹੁਤ ਛੋਟਾ ਸੀ ਜਿਸ ਵਿੱਚ ਜ਼ਿਆਦਾਤਰ ਮੁੰਬਈ ਦੇ ਸ਼ੇਅਰ ਦਲਾਲ ਸਨ, ਉਨ੍ਹਾਂ ਲਈ ਬੰਬਈ ਸਟਾਕ ਐਕਸਚੇਂਜ (ਬੀਐੱਸਈ) ਹੀ ਬਾਜ਼ਾਰ ਸੀ। 1990ਵਿਆਂ ਦੀ ਸ਼ੁਰੂਆਤ ਵਿੱਚ ਜਦੋਂ ਭਾਰਤ ਦੇ ਦਰ ਵਿਦੇਸ਼ੀ ਪੂੰਜੀ ਤੇ ਪੂੰਜੀਵਾਦ ਦੇ ਅਮਰੀਕੀ ਵਿਚਾਰਾਂ ਲਈ ਖੋਲ੍ਹ ਦਿੱਤੇ ਗਏ ਤਾਂ ਭਾਰਤ ਵਿੱਚ ਵਿੱਤੀ ਖੇਤਰ ਦੇ ਪੇਸ਼ੇਵਰਾਂ ਦੀਆਂ ਨਵੀਆਂ ਨਸਲਾਂ ਦਾ ਵੀ ਵਿਸਤਾਰ ਹੋਇਆ: ਵੈਂਚਰ ਕੈਪੀਟਲਿਸਟ, ਇਨਵੈਸਟਮੈਂਟ ਬੈਂਕਰ ਤੇ ਵਿੱਤੀ ਸਲਾਹਕਾਰ। ਬੰਗਲੂਰੂ ਤੇ ਗੁਰੂਗ੍ਰਾਮ ਦੇ ਰੂਪ ਵਿੱਚ ਉਨ੍ਹਾਂ ਨੂੰ ਗਾਹਕਾਂ ਦੀ ਨਿਰੰਤਰ ਫੈਲਦੀ ਹੋਈ ਮਾਰਕੀਟ ਮਿਲੀ। ਪੂੰਜੀਵਾਦੀ ਬਾਜ਼ਾਰਾਂ ਦੇ ਫੈਲਾਓ ਦੇ ਨਾਲ-ਨਾਲ ਸ਼ੇਅਰ ਬਾਜ਼ਾਰਾਂ ਦੇ ਉੱਪਰ ਹੇਠਾਂ ਹੁੰਦੇ ਗਰਾਫ਼ ਫੈਸ਼ਨ ਵਾਂਗ ਕਾਰੋਬਾਰੀ ਮੀਡੀਆ ਦਾ ਹਿੱਸਾ ਬਣ ਗਏ ਤੇ ਸਮਾਜਿਕ ਮੁੱਦੇ ਵੀ ਇਸ ਦੀ ਜ਼ੱਦ ਵਿੱਚ ਆ ਗਏ।

ਮੰਡੀ ਪੁਰਾਤਨ ਵਿਚਾਰ ਹੈ। ਸਦੀਆਂ ਪਹਿਲਾਂ ਆਧੁਨਿਕ ਸ਼ੇਅਰ ਬਾਜ਼ਾਰ ਤੇ ਵਿੱਤੀ ਲੈਣ-ਦੇਣ ਸ਼ੁਰੂ ਹੋਣ ਤੋਂ ਪਹਿਲਾਂ ਲੋਕ ਮੰਡੀਆਂ 'ਚ ਕਈ ਵਸਤਾਂ ਦਾ ਵਣਜ-ਵਪਾਰ ਕਰਦੇ ਸਨ। ਉਹ ਆਪਣੀ ਉਪਜ, ਆਪਣੇ ਕੰਮ ਤੇ ਅਜਿਹੀਆਂ ਕਈ ਚੀਜ਼ਾਂ ਦਾ ਵਪਾਰ ਕਰਦੇ ਸਨ ਜੋ ਪੈਸੇ ਨਾਲ ਨਹੀਂ ਖ਼ਰੀਦੀਆਂ ਜਾ ਸਕਦੀਆਂ। ਇਨ੍ਹਾਂ ਵਪਾਰਕ ਰਿਸ਼ਤਿਆਂ ਵਿੱਚ ਮੁੱਲ ਦਾ ਲੈਣ-ਦੇਣ ਹੁੰਦਾ ਸੀ ਤੇ ਸਾਰੇ ਮਾਮਲਿਆਂ ਵਿੱਚ ਪੈਸਾ ਹੀ ਕਰੰਸੀ ਨਹੀਂ ਹੁੰਦਾ ਸੀ, ਜਿਵੇਂ ਫਿਲਾਸਫਰ ਕੋਜਿਨ ਕਰਾਤਾਨੀ ਨੇ 'ਵਿਸ਼ਵ ਇਤਿਹਾਸ ਦਾ ਢਾਂਚਾ: ਉਤਪਾਦਨ ਦੇ ਮਾਧਿਅਮਾਂ ਤੋਂ ਵਟਾਂਦਰੇ ਦੇ ਮਾਧਿਅਮਾਂ ਤੱਕ' ਵਿੱਚ ਬਿਆਨ ਕੀਤਾ ਹੈ। ਸਮਾਜਿਕ ਤੇ ਆਰਥਿਕ ਸੰਸਥਾਵਾਂ ਨੂੰ ਖੜ੍ਹਵੇਂ ਰੁਖ਼ (ਵਰਟੀਕਲ) ਅਤੇ ਲੇਟਵੇਂ ਰੁਖ਼ (ਹੌਰੀਜ਼ੌਂਟਲ) ਢਾਂਚਿਆਂ ਨਾਲ ਸਾਜਿਆ ਹੁੰਦਾ ਹੈ। ਸੱਤਾ ਨਾਲ ਜੁੜੇ ਰਿਸ਼ਤੇ ਖੜ੍ਹਵੇਂ ਹਨ। ਪਿੱਤਰਾਂ, ਰਾਜੇ-ਮਹਾਰਾਜਿਆਂ, ਤਾਨਾਸ਼ਾਹਾਂ, ਕਾਰਪੋਰੇਸ਼ਨਾਂ ਦੇ ਮੁਖੀਆਂ ਤੇ ਇੱਥੋਂ ਤੱਕ ਕਿ ਚੁਣੀਆਂ ਸਰਕਾਰਾਂ ਦੇ ਮੁਖੀਆਂ ਤੋਂ ਆਸ ਕੀਤੀ ਜਾਂਦੀ ਹੈ ਕਿ ਉਹ ਆਪਣੇ ਅਧਿਕਾਰ ਖੇਤਰ 'ਚ ਵਿਵਸਥਾ ਕਾਇਮ ਰੱਖਣ। ਕਿਸੇ ਰਾਜ ਦੀ ਤਾਕਤ ਪ੍ਰਜਾ ਤੇ ਉਸ ਦੇ ਸ਼ਾਸਕਾਂ ਦਰਮਿਆਨ ਹੁੰਦੇ ਤਬਾਦਲੇ ਉੱਤੇ ਨਿਰਭਰ ਹੈ: ਸ਼ਾਸਕਾਂ ਪ੍ਰਤੀ ਆਗਿਆਕਾਰੀ ਰਹਿਣ 'ਤੇ ਪ੍ਰਜਾ ਨੂੰ ਬਦਲੇ 'ਚ ਸ਼ਾਂਤੀ ਤੇ ਵਿਵਸਥਾ ਮਿਲਦੀ ਹੈ। ਲੇਟਵੇਂ ਪਹਿਲੂ ਵਿੱਚ ਸਮਾਜ ਦੇ ਮੈਂਬਰਾਂ ਵਿਚਾਲੇ ਆਪਸੀ ਵਟਾਂਦਰਾ ਹੁੰਦਾ ਹੈ। ਵਪਾਰ ਖੜ੍ਹਵਾਂ ਢਾਂਚਾ ਹੈ। ਲੋਕ ਆਪਣੇ ਪਰਿਵਾਰਾਂ, ਫ਼ਿਰਕਿਆਂ ਤੇ ਸਮਾਜ ਵਿੱਚ ਆਪਸ 'ਚ ਕਈ ਚੀਜ਼ਾਂ ਦਾ ਵਪਾਰ ਕਰਦੇ ਹਨ।

ਗਿਣਾਤਮਕ ਅਰਥ ਸ਼ਾਸਤਰੀਆਂ ਲਈ ਹਰ ਚੀਜ਼ ਦੀ ਮਾਇਕ ਕੀਮਤ ਹੋਣੀ ਲਾਜ਼ਮੀ ਹੈ ਤਾਂ ਹੀ ਉਹ ਆਪਣੇ ਗਣਿਤ ਦੇ ਸਮੀਕਰਨਾਂ ਮੁਤਾਬਿਕ ਇਸ ਦੀ ਗਿਣਤੀ ਕਰ ਸਕਣਗੇ। ਹੋਰ ਕੋਈ ਵੀ ਚੀਜ਼ ਭਾਵੇਂ ਉਹ ਖ਼ਰੀ ਹੀ ਹੋਵੇ, ਜਿਵੇਂ ਸਮਾਜੀ ਤੇ ਸਿਆਸੀ ਤਾਕਤ ਦੇ ਸਰੋਤ ਜਿਨ੍ਹਾਂ ਨੂੰ ਸਹੀ-ਸਹੀ ਗਿਣਿਆ-ਮਿਣਿਆ ਨਹੀਂ ਜਾ ਸਕਦਾ, ਉਨ੍ਹਾਂ ਨੂੰ ਇਹ ਅਰਥ ਸ਼ਾਸਤਰੀ ਆਪਣੇ ਗਣਿਤ ਦੇ ਮਾਡਲਾਂ ਵਿੱਚੋਂ ਚੰਗੇ ਅਰਥ ਸ਼ਾਸਤਰ 'ਚ ਪਿਆ ਵਿਘਨ ਦੱਸ ਕੇ ਬਾਹਰ ਕੱਢ ਦਿੰਦੇ ਹਨ। ਨੋਬੇਲ ਪੁਰਸਕਾਰ ਜੇਤੂ ਅਰਥ ਸ਼ਾਸਤਰੀ ਐਂਗਸ ਡੀਟਨ ਨੇ ਕੌਮਾਂਤਰੀ ਮੁਦਰਾ ਫੰਡ (ਆਈਐੱਮਐੱਫ) ਵੱਲੋਂ ਹਾਲ ਹੀ 'ਚ ਪ੍ਰਕਾਸ਼ਿਤ ਖੋਜ ਪੱਤਰ ਵਿੱਚ ਇਸ ਨੂੰ ਇੱਕੀਵੀਂ ਸਦੀ ਦੇ ਅਰਥ ਸ਼ਾਸਤਰੀਆਂ ਦੀ ਦੁਬਿਧਾ ਕਰਾਰ ਦਿੱਤਾ ਹੈ। ਆਪਣੇ ਸਾਥੀ ਅਰਥ ਸ਼ਾਸਤਰੀਆਂ ਬਾਰੇ ਆਲੋਚਨਾਤਮਕ ਪੱਖ ਤੋਂ ਉਨ੍ਹਾਂ ਕਿਹਾ, "ਅਸੀਂ ਅਕਸਰ ਆਪਣੇ ਆਪ ਨੂੰ ਜ਼ਿਆਦਾ ਹੀ ਸਹੀ ਮੰਨ ਕੇ ਬੈਠੇ ਹੁੰਦੇ ਹਾਂ। ਅਰਥ ਸ਼ਾਸਤਰ ਕੋਲ ਅਜਿਹੇ ਤਾਕਤਵਰ ਸਾਧਨ ਹਨ ਜੋ ਸਪੱਸ਼ਟ ਜਵਾਬ ਦੇ ਸਕਦੇ ਹਨ, ਉਸ ਲਈ ਅਜਿਹੀਆਂ ਧਾਰਨਾਵਾਂ ਦੀ ਲੋੜ ਹੈ ਜੋ ਸਾਰੀਆਂ ਹਾਲਤਾਂ ਵਿੱਚ ਪ੍ਰਮਾਣਿਕ ਨਾ ਹੋਣ। ਕਿੱਤਾ ਕਈ ਚੀਜ਼ਾਂ ਜਾਣਦਾ ਤੇ ਸਮਝਦਾ ਹੈ। ਉਂਝ, ਇਸ ਦੇ ਬਾਵਜੂਦ ਅੱਜ ਅਸੀਂ ਕਿਸੇ ਤਰ੍ਹਾਂ ਦੀ ਬੇਤਰਤੀਬੀ 'ਚ ਉਲਝ ਗਏ ਹਾਂ। ਅਸੀਂ ਮਿਲ-ਜੁਲ ਕੇ ਵੀ ਆਰਥਿਕ ਸੰਕਟ ਦਾ ਅਨੁਮਾਨ ਨਹੀਂ ਲਾ ਸਕੇ, ਇਸ ਤੋਂ ਵੀ ਬਦਤਰ ਹਾਲੇ ਤੱਕ, ਅਸੀਂ ਸ਼ਾਇਦ ਬਾਜ਼ਾਰਾਂ ਖ਼ਾਸ ਤੌਰ 'ਤੇ ਵਿੱਤੀ ਬਾਜ਼ਾਰਾਂ ਦੀ ਸਮਰੱਥਾ 'ਚ ਲੋੜੋਂ ਵੱਧ ਉਤਸ਼ਾਹ ਦਿਖਾ ਕੇ ਇਸ ਸੰਕਟ ਵਿੱਚ ਹੋਰ ਯੋਗਦਾਨ ਹੀ ਪਾਇਆ ਹੈ, ਵਿੱਤੀ ਬਾਜ਼ਾਰਾਂ ਦੇ ਢਾਂਚੇ ਤੇ ਪ੍ਰਭਾਵਾਂ ਨੂੰ ਅਸੀਂ ਉਸ ਪੱਧਰ ਤੱਕ ਹਾਲੇ ਨਹੀਂ ਸਮਝ ਸਕੇ ਹਾਂ ਜਿੰਨਾ ਸਾਨੂੰ ਲੱਗਦਾ ਹੈ।" ਆਧੁਨਿਕ ਕਾਰਪੋਰੇਸ਼ਨਾਂ ਦਾ ਢਾਂਚਾ ਨਿਵੇਸ਼ਕਾਂ ਨੂੰ ਵੱਧ ਤੋਂ ਵੱਧ ਮੁਨਾਫ਼ਾ ਦੇਣ ਦੇ ਮੰਤਵ ਤਹਿਤ ਵਿਉਂਤਿਆ ਗਿਆ ਹੈ। ਇਹ ਆਪਣੀਆਂ ਕਾਰਵਾਈਆਂ ਦੇ ਸਿੱਟਿਆਂ ਲਈ ਸਮਾਜ ਤੇ ਵਾਤਾਵਰਨ ਪ੍ਰਤੀ ਸੀਮਤ ਤੌਰ 'ਤੇ ਕਾਨੂੰਨਨ ਜਵਾਬਦੇਹ ਹਨ। ਵੱਧ ਤੋਂ ਵੱਧ ਨਿਵੇਸ਼ਕਾਂ ਨੂੰ ਖਿੱਚਣ ਲਈ ਹੋੜ ਵਿਚ ਰੁੱਝੀਆਂ ਸਰਕਾਰਾਂ ਨੇ ਕਾਰਪੋਰੇਟ ਕੰਪਨੀਆਂ ਨੂੰ ਬਿਨਾਂ ਸਮਾਜਿਕ ਸੁਰੱਖਿਆ ਤੋਂ ਵਰਕਰਾਂ ਨੂੰ ਘੱਟ ਮਿਆਦ ਦੇ ਕੰਟਰੈਕਟ ਉੱਤੇ ਰੱਖਣ ਦੀ ਇਜਾਜ਼ਤ ਦੇ ਕੇ ਤੇ ਯੂਨੀਅਨਾਂ ਨੂੰ ਕਮਜ਼ੋਰ ਕਰ ਕੇ ਉਨ੍ਹਾਂ ਲਈ ਵੱਧ ਤੋਂ ਵੱਧ ਲਾਭ ਕਮਾਉਣ ਦਾ ਰਾਹ ਸੌਖਾ ਕਰ ਦਿੱਤਾ ਹੈ। ਮੁਨਾਫ਼ੇ ਲਈ ਜਨਤਕ ਜ਼ਮੀਨਾਂ ਨੂੰ ਕਾਰਪੋਰੇਟ ਸੰਪਤੀਆਂ 'ਚ ਤਬਦੀਲ ਕੀਤਾ ਜਾ ਰਿਹਾ ਹੈ। ਵਿੱਤੀ ਸਮਰੱਥਾ ਵਧਾਉਣ ਖਾਤਰ ਔਰਤਾਂ ਨੂੰ ਪਰਿਵਾਰਾਂ ਨਾਲੋਂ ਤੋੜ ਕੇ ਫੈਕਟਰੀਆਂ ਵਿੱਚ ਰੱਖਿਆ ਜਾ ਰਿਹਾ ਹੈ। ਜੀਡੀਪੀ ਵਧ ਰਹੀ ਹੈ ਪਰ ਵਾਤਾਵਰਨ ਤੇ ਸਮਾਜ ਕਸ਼ਟ ਝੱਲ ਰਿਹਾ ਹੈ। ਸਾਨੂੰ ਇਹ ਸਿੱਖਣ ਦੀ ਲੋੜ ਹੈ ਕਿ ਦੂਜਿਆਂ ਦਾ ਖਿਆਲ ਰੱਖਣ ਦੀ ਭਾਵਨਾ ਦੀ ਕਦਰ ਕਿਵੇਂ ਕਰਨੀ ਹੈ। ਇਹ ਸ਼ਰਮਨਾਕ ਹੈ ਕਿ ਹੇਠਲੇ ਪੱਧਰ 'ਤੇ ਲੋਕਾਂ ਦੀ ਦੇਖ ਭਾਲ ਕਰਨ ਵਾਲੇ ਆਸ਼ਾ (ਐਕ੍ਰੈਡਿਟਡ ਸੋਸ਼ਲ ਹੈਲਥ ਐਕਟਿਵਿਸਟ) ਅਤੇ ਆਂਗਣਵਾੜੀ ਵਰਕਰਾਂ ਨੂੰ ਮਾਮੂਲੀ ਤਨਖ਼ਾਹ ਦਿੱਤੀ ਜਾਂਦੀ ਹੈ ਅਤੇ ਇਸੇ ਤਰ੍ਹਾਂ ਘਰੇਲੂ ਕਾਮਿਆਂ ਜਿਨ੍ਹਾਂ ਵਿਚ ਆਮ ਤੌਰ 'ਤੇ ਔਰਤਾਂ ਹੁੰਦੀਆਂ ਹਨ, ਨੂੰ ਕੋਈ ਸਮਾਜਿਕ ਸੁਰੱਖਿਆ ਨਹੀਂ ਮਿਲਦੀ ਤੇ ਉਨ੍ਹਾਂ ਨਾਲ ਮਾੜਾ ਸਲੂਕ ਕੀਤਾ ਜਾਂਦਾ ਹੈ।

ਸਾਰੀਆਂ ਸੰਸਥਾਵਾਂ ਦਾ ਸਮਾਜਿਕ ਖਾਸਾ ਹੁੰਦਾ ਹੈ ਤੇ ਇਨ੍ਹਾਂ ਵਾਸਤੇ ਖੜ੍ਹਵੀਆਂ ਅਤੇ ਲੇਟਵੀਆਂ/ਕਾਟਵੀਆਂ ਤੰਦਾਂ ਦਰਕਾਰ ਹੁੰਦੀਆਂ ਹਨ ਤਾਂ ਕਿ ਇਨ੍ਹਾਂ ਨੂੰ ਆਪੋ ਵਿਚ ਗੁੰਦ ਕੇ ਸਮਾਜ ਦੇ ਤਾਣੇ ਨੂੰ ਮਜ਼ਬੂਤ ਬਣਾਇਆ ਜਾ ਸਕੇ। ਸ਼ਾਸਕ (ਚੁਣਿਆ ਹੋਇਆ ਹੋਵੇ ਜਾਂ ਤਾਨਾਸ਼ਾਹ) ਅਤੇ ਨਾਗਰਿਕਾਂ ਵਿਚਕਾਰ ਸਬੰਧਾਂ ਦੇ ਖੜ੍ਹਵੇਂ ਢਾਂਚੇ ਹੁੰਦੇ ਹਨ। ਲੋਕਾਂ ਦਰਮਿਆਨ ਲੁਕਵੇਂ ਸਬੰਧ ਕਾਟਵੇਂ ਕਿਸਮ ਦੇ ਹੁੰਦੇ ਹਨ। ਜਦੋਂ ਕਾਟਵੇਂ ਢਾਂਚੇ ਕਮਜ਼ੋਰ ਪੈਂਦੇ ਹਨ ਅਤੇ ਤਾਣੇ ਵਿੱਚ ਤਣਾਅ ਆ ਜਾਂਦਾ ਹੈ ਤਾਂ ਨਾਗਰਿਕ ਹਰ ਸ਼ਖ਼ਸ ਅਤੇ ਚੀਜ਼ ਨੂੰ ਇਕੱਠਾ ਰੱਖਦੇ ਹਨ। ਪੀਊ ਰਿਸਰਚ ਸੈਂਟਰ ਨੇ ਇਹ ਪਤਾ ਕਰਨ ਲਈ 2023 ਵਿਚ ਕਈ ਦੇਸ਼ਾਂ ਵਿਚ ਸਰਵੇਖਣ ਕਰਵਾਇਆ ਕਿ ਕਿੰਨੇ ਲੋਕ ਬਹੁ-ਪਾਰਟੀ ਲੋਕਤੰਤਰ ਨਾਲੋਂ ਨਿਰੰਕੁਸ਼ ਹਾਕਮਾਂ ਦੀ ਤਵੱਕੋ ਰੱਖਦੇ ਹਨ। ਤਾਨਾਸ਼ਾਹਾਂ ਨੂੰ ਚਾਹੁਣ ਵਾਲਿਆਂ ਦੀ ਸੰਖਿਆ ਦੇਖ ਕੇ ਲੋਕਰਾਜੀ ਧਿਰਾਂ ਨੂੰ ਮਾਯੂਸੀ ਹੋਵੇਗੀ। ਵਿਕਾਸਸ਼ੀਲ ਮੁਲਕਾਂ ਦੇ ਸਮੂਹ ਗਲੋਬਲ ਸਾਊਥ ਵਿੱਚ ਸਭ ਤੋਂ ਉੱਪਰ ਭਾਰਤ (85 ਫ਼ੀਸਦ) ਅਤੇ ਇਸ ਤੋਂ ਬਾਅਦ ਇੰਡੋਨੇਸ਼ੀਆ (77 ਫ਼ੀਸਦ), ਦੱਖਣੀ ਅਫਰੀਕਾ (66 ਫ਼ੀਸਦ) ਅਤੇ ਬ੍ਰਾਜ਼ੀਲ (57 ਫ਼ੀਸਦ) ਆਉਂਦੇ ਹਨ। ਵਿਕਸਤ ਦੇਸ਼ਾਂ ਵਿੱਚੋਂ ਬਰਤਾਨੀਆ ਵਿੱਚ 37 ਫ਼ੀਸਦ, ਅਮਰੀਕਾ ਵਿੱਚ 32 ਫ਼ੀਸਦ ਅੰਕੜਾ ਵੀ ਘੱਟ ਅਹਿਮ ਨਹੀਂ ਹੈ। ਚੀਨ ਅਤੇ ਰੂਸ ਵਿੱਚ ਇਹ ਸਰਵੇਖਣ ਨਹੀਂ ਕਰਵਾਇਆ ਗਿਆ ਸੀ। ਅਸਥਿਰਤਾ ਦੇ ਸਮਿਆਂ ਵਿੱਚ ਲੋਕ ਸਥਿਰਤਾ ਦੀ ਤਵੱਕੋ ਕਰਦੇ ਹਨ। ਉਹ ਤਾਂਤਰਿਕਾਂ, ਤਾਨਾਸ਼ਾਹਾਂ ਅਤੇ ਧਨਾਢ ਤਕਨਾਲੋਜੀਵਾਦੀਆਂ ਦੇ ਪਿੱਛੇ ਚਲਦੇ ਹਨ ਕਿਉਂਕਿ ਉਹ ਦਾਅਵਾ ਕਰਦੇ ਹਨ ਕਿ ਉਹ ਸਚਾਈ ਜਾਣਦੇ ਹਨ ਅਤੇ ਇਸ ਨੂੰ ਲਾਗੂ ਕਰਨ ਦੀ ਤਾਕਤ ਉਨ੍ਹਾਂ ਕੋਲ ਹੈ। ਜਮਹੂਰੀ ਦੇਸ਼ਾਂ ਦੇ ਨਾਗਰਿਕਾਂ ਨੇ ਆਪਣੀਆਂ ਸਰਕਾਰਾਂ ਦੀਆਂ ਆਰਥਿਕ ਨੀਤੀਆਂ ਵਿਚ ਭਰੋਸਾ ਗੁਆ ਲਿਆ ਹੈ। ਔਸਤਨ ਆਮਦਨ ਵਧ ਸਕਦੀ ਹੈ ਪਰ ਬਹੁਤ ਜ਼ਿਆਦਾ ਅਮੀਰ ਲੋਕ ਹੋਰ ਤੇਜ਼ੀ ਨਾਲ ਅਮੀਰ ਹੋ ਰਹੇ ਹਨ।

ਦੁਨੀਆ ਨੂੰ ਮੁਕਾਬਲੇਬਾਜ਼ੀ ਘੱਟ ਸਗੋਂ ਇੱਕ ਦੂਜੇ ਦੀ ਦੇਖ ਭਾਲ ਕਰਨ ਦੇ ਭਾਵ ਦੀ ਜ਼ਿਆਦਾ ਲੋੜ ਹੈ। ਕਾਰੋਬਾਰੀ ਕਾਰਪੋਰੇਸ਼ਨਾਂ ਅਤੇ ਫ਼ੌਜਾਂ ਦਾ ਮੰਤਵ ਵੱਧ ਤੋਂ ਵੱਧ ਮੁਨਾਫ਼ਾ ਕਮਾਉਣਾ ਅਤੇ ਤਾਕਤ ਇਕੱਤਰ ਕਰਨਾ ਹੈ। ਦੁਨੀਆ ਦੇ ਹਾਲਾਤ ਸਭ ਲਈ ਤਦੇ ਬਿਹਤਰ ਹੋਣਗੇ ਜਦੋਂ ਇਨ੍ਹਾਂ ਨੂੰ ਚਲਾਉਣ ਵਾਲੀਆਂ ਸੰਸਥਾਵਾਂ ਦਾ ਮਨੋਰਥ ਸਹਿਯੋਗੀ ਹੋਵੇਗਾ, ਮੁਕਾਬਲੇਬਾਜ਼ੀ ਵਾਲਾ ਨਹੀਂ। ਔਰਤਾਂ ਸੁਭਾਵਿਕ ਤੌਰ 'ਤੇ ਪਰਿਵਾਰਾਂ ਦਾ ਨਿਰਮਾਣ ਕਰਨ ਵਾਲੀਆਂ ਹੁੰਦੀਆਂ ਹਨ; ਪੁਰਸ਼ਾਂ ਦਾ ਪਾਲਣ ਪੋਸ਼ਣ ਮੁਕਾਬਲੇਬਾਜ਼ੀ ਲਈ ਕੀਤਾ ਜਾਂਦਾ ਹੈ। ਔਰਤਾਂ ਨੂੰ ਪੁਰਸ਼ਾਂ ਵਾਂਗ ਸੋਚਣ, ਫ਼ੌਜ ਵਿੱਚ ਭਰਤੀ ਹੋਣ ਅਤੇ ਕਾਰਪੋਰੇਸ਼ਨਾਂ ਅੰਦਰ ਦਰਜਾਬੰਦੀਆਂ ਵਿਚ ਉਨ੍ਹਾਂ ਨਾਲ ਆਢਾ ਲੈਣ ਦੀ ਜਾਚ ਸਿਖਾਉਣ ਦੀ ਬਜਾਇ ਪੁਰਸ਼ਾਂ ਨੂੰ ਔਰਤਾਂ ਕੋਲੋਂ ਦੂਜੇ ਦਾ ਖਿਆਲ ਰੱਖਣ ਦਾ ਵੱਲ ਸਿੱਖਣ ਦੀ ਲੋੜ ਹੈ, ਤਦ ਹੀ ਦੁਨੀਆ ਨੂੰ ਸਭਨਾਂ ਲਈ ਬਿਹਤਰ ਬਣਾਇਆ ਜਾ ਸਕਦਾ ਹੈ।



ਖਾਲਸਾ ਜੀ ਦੇ ਪ੍ਰਗਟ ਦਿਹਾੜੇ ਅਤੇ ਰੁੱਤ ਦੇ ਤਿਓਹਾਰ ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ





ਬਚਪਨ ਦੀਆਂ ਯਾਦਾਂ

Tanjit Manmit

ਵੱਲੋਂ ▶ Quik Signs

E-mail: tanjit5020@yahoo.com
manmit5020@yahoo.com
visit us at : www.quiksigns.us

ਸਿਹਤ ਨਰੋਈ ਸਭ ਨੂੰ ਦੇ ਕੇ, ਲੰਬੀ ਉਮਰ ਕਰੀਂ।
ਕਿਰਤੀ ਕਾਮੇ, ਹਾਲੀ, ਪਾਲੀ ਖੁਸ਼ ਵਸਣ ਸਭ ਘਰੋਂ ਘਰੀਂ।
ਸੁਖੀ ਵਸਣ ਸਭ ਦੁਨੀਆਂ ਵਾਲੇ, ਬੋਝੇ ਖੁਸ਼ੀਂ ਭਰੀਂ।
ਅਗਿਆਨਤਾ ਨੂੰ ਦੂਰ ਭਜਾ ਕੇ, ਫਿਜ਼ਾ ਵਿੱਚ ਗਿਆਨ ਕਰੀਂ।
ਬੰਦਾ ਬੰਦੇ ਨੂੰ ਪਹਿਚਾਣੇ , ਐਸੀ ਮਿਹਰ ਕਰੀਂ।
ਹਰ ਘਰ ਵਿੱਚ ਖੁਸ਼ਹਾਲੀ ਵਰਤਾ ਕੇ, ਸਭ ਦੇ ਬੋਝੇ ਭਰੀਂ।
ਹਰ ਘਰ ਵਿੱਚ ਤੂੰ ਸੁਖ ਵਰਤਾ ਕੇ, ਰਹਿਮੋ ਰਹਿਮ ਕਰੀਂ।
ਭੁੱਖਾ ਨਾ ਕੋਈ ਰਾਤ ਨੂੰ ਸੌਵੇਂ, ਐਸਾ ਕਰਮ ਕਰੀਂ।
ਤੰਗੀ ਤੁਰਸ਼ੀ ਦੂਰ ਭਜਾਵੀਂ, ਸਭਦੀ ਬਾਂਹ ਫੜੀਂ।
ਵਿਦਿਆ ਤੋਂ ਨਾ ਕੋਈ ਵਾਂਝਾ ਰਹੇ, ਐਸੀ ਮਿਹਰ ਕਰੀਂ।
ਨਵੇਂ ਵਰ੍ਹੇ ਵਿੱਚ ਮੇਰਿਆ ਰੱਬਾ, ਸਭ ਤੇ ਮਿਹਰ ਕਰੀਂ

ਹਰ ਤਰ੍ਹਾਂ ਦੇ ਸਟੋਰਾਂ ਦੇ ਸਾਈਨ, ਟਰੱਕਾਂ ਦੇ ਸਾਈਨ, ਬੈਨਰ, ਫੁੱਲ ਕਲਰ ਪੋਸਟਰ, ਵਿਆਹ ਦੇ ਕਾਰਡ, ਬਿਜ਼ਨਸ ਕਾਰਡ, ਮੈਗਨੈਟਿਕ ਸਾਈਨ, ਫਲਾਇਰਜ਼, ਰੈਸਟੋਰੈਂਟਾਂ ਦੇ ਮੈਨਿਊ ਅਤੇ ਹਰ ਤਰ੍ਹਾਂ ਦੀ ਪ੍ਰਿੰਟਿੰਗ ਲਈ ਕਾਲ ਕਰੋ

ਅਸੀਂ ਹਰ ਤਰ੍ਹਾਂ ਦੇ ਸਾਈਨ ਬਣਾਉਂਦੇ ਹਾਂ ਅਤੇ ਪੁਰਾਣੇ ਸਾਈਨਾਂ ਦੀ ਰਿਪੇਅਰ ਵੀ ਕਰਦੇ ਹਾਂ

ਸੰਪਰਕ ਕਰੋ: 661.703.8795, 661.900.7357



ਖਾਲਸਾ ਜੀ ਦੇ ਪ੍ਰਗਟ ਦਿਹਾੜੇ ਅਤੇ ਰੁੱਤ ਦੇ ਤਿਓਹਾਰ ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ

UNIVERSAL TIRE HUB
BAKERSFIELD, CA

TRUCK & TRAILER TIRES

ਯੂਨੀਵਰਸਲ ਟਾਇਰ ਹੱਬ, ਬੇਕਰਸਫੀਲਡ, ਕੈਲੀਫੋਰਨੀਆ
ਸਾਡੇ ਕੋਲ ਟਰੱਕ ਅਤੇ ਟਰੇਲਰ ਦੇ ਵਧੀਆ ਟਾਇਰ ਵਾਜ਼ਿਬ ਰੇਟ ਤੇ ਮਿਲਦੇ ਹਨ।

ਫੋਨ : 661.735.0001
ਫੋਨ : 661.735.0002




BEST PRICE IN CALIFORNIA

2309 S UNION AVE,
BAKERSFIELD, CA 93307
info@universaltirehub.com

WE ACCEPT BULK ORDERS AND CONTAINER SHIPMENTS

HUBTRAC TYRES · AvanTech · ROADX TYRE · Firestone · AEOLUS · PIRELLI · BRIDGESTONE